Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

30/CL

੨

[illegible]

[illegible]

[illegible]

[illegible]

1882

Digitized by Panjab Digital Library | www.panjabdigilib.org

CAUTION

PLEA[illegible] APPL[illegible]

MORN[illegible]

PAN[illegible]

QU[illegible]

Name of Examination : MATRICU[illegible]

Subject : HISTORY AND G[illegible]

Paper : B

Serial Number : 6

Number of Copies ........... ..............

Digitized by Panjab Digital Library | www.panjabdigilib.org

...am Singh Shan, M.A.
PUNJAB UNIVERSITY
...TION BUREAU, JULLUNDUR

# ਜ੍ਯੋਤਿਰੁਦਯ।

ਅਰਥਾਤ

## ਜੋਤ ਦਾ ਉਦੈ ਹੋਣਾ॥

ਪੰਜਾਬ ਰਿਲੀਜੀਅਸ ਬੁੱਕ ਸੁਸੈਇਟੀ ਦੇ ਲਈ॥

ਲੁਦਿਹਾਣੇ ਦੇ ਮਿਸ਼ਨ ਪ੍ਰੇਸ ਵਿੱਚ,
ਪਾਦਰੀ ਵੇਰੀ ਸਾਹਿਬ ਦੇ ਜਤਨ ...
ਛਾਪਿਆ ਗਿਆ।
ਇਸੂਈ ਸੰਬਤ ੧੮...

ਪਹਿਲੀ ਛਪਾਈ

Digitized by Panjab Digital Library | www.panjabdigilib.org

N

PLEA

Digitized by Panjab Digital Library | www.panjabdigilib.org

# ਜ੍ਯੋਤਿਰੁਦਯ।

ਅਰਥਾਤ

# ਜੋਤ ਦਾ ਉਦੈ ਹੋਣਾ॥

ਪੰਜਾਬ ਰਿਲੀਜੀਅਸ ਬੁੱਕ ਸੁਸੈਅਟੀ ਦੇ ਲਈ॥

ਲੁਦਹਾਨੇ ਦੇ ਮਿਸਨ ਪ੍ਰੇਸ ਵਿੱਚ,
ਪਾਦਰੀ ਵੇਰੀ ਸਾਹਿਬ ਦੇ ਜਤਨ ਨਾਲ,
ਛਾਪਿਆ ਗਿਆ।
ਜਿਸੂਈ ਸੰਬਤ ੧੮੮੨॥

ਪਹਿਲੀ ਛਿਪਾਈ ੧੦੦੦ ਪੋਥੀ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Prof. Harnam Singh Shan, M. A.
EDITOR, PUNJAB UNIVERSITY
PUBLICATION BUREAU, JULLUNDUR.

# ਜ੍ਯੋਤਿਰੁਦਯ।

## ੧ ਕਾਂਡ॥

### ਇੱਕ ਹਿੰਦੂ ਪਰਵਾਰ ਦਾ ਬਰਣਨ॥

ਕਲਕੱਤਾ ਸਹਿਰ ਥੋਂ ਛਿਆਂਕੂ ਕੋਹਾਂ ਦੀ ਵਿੱਥ ਉੱਤੇ, ਇੱਕ ਗੋਪਾਲਪੁਰ ਨਾਮੇ ਬੜਾ ਪਿੰਡ ਹੈ; ਸਗਮਾਂ ਉਸ ਨੂੰ ਛੋਟਾ ਨੱਗਰ ਹੀ ਕਹੀਏ, ਤਾਂ ਠੀਕ ਹੈ। ਉੱਥੇ ਅਨੇਕਾਂ ਉੱਚੀ ਕੁਲ ਦੇ ਮਾਨਧਾਰੀ ਪ੍ਰਸਿੱਧ ਘਰਾਣੇ ਬਾਬੂ ਲੋਕਾਂ ਦੇ, ਪੱਕੀਆਂ ਇੱਟਾਂ ਦੀਆਂ ਵੱਡੀਆਂ ਵੱਡੀਆਂ ਕੋਠੀਆਂ ਵਿੱਚ ਰਹਿੰਦੇ ਹਨ। ਹਰ ਸੋਮਵਾਰ ਨੂੰ ਉੱਥੋਂ ਦੇ ਵਾਸੀ ਰੇਲ ਉੱਤੇ ਬੈਠਕੇ ਕਲਕੱਤੇ ਨੂੰ ਜਾਂਦੇ ਹਨ, ਅਰ ਛਨਿੱਛਰ-ਵਾਰ ਦੀਆਂ ਤ੍ਰਿਕਾਲਾਂ ਨੂੰ ਆਪਣੇ ਘਰੀਂ ਮੁੜ ਆਉਂਦੇ ਹਨ, ਕਿਉਂ ਜੋ ਕਲਕੱਤੇ ਵਿੱਚ ਬੀ ਉਨ੍ਹਾਂ ਦੇ ਕੰਮਕਾਜ ਦੀਆਂ ਕੋਠੀਆਂ ਹੋਣ ਦੇ ਕਾਰਨ ਓਹ ਛਿਆਂ ਦਿਨਾਂ ਤੋੜੀ ਉੱਥੇ ਦਾ ਰਹਿਣਾ ਹੀ ਚੰਗਾ ਸਮਝਦੇ ਹਨ॥

ਰੇਲ ਤਾਂ ਗੋਪਾਲਪੁਰ ਥੋਂ ਨਿਰੀ ਕੋਹ ਭਰ ਹੀ ਦੂਰ ਹੈ, ਪਰ ਮਨ-ਭਾਉਂਦੀ ਸੜਕ ਉਹ ਹੈ, ਜਿਸ ਉੱਤੇ ਬੱਘੀਆਂ ਅਰ ਘੋੜੇ ਤੁਰਦੇ

Digitized by Panjab Digital Library | www.panjabdigilib.org

ਹਨ। ਉਹ ਇੱਕ ਬਹੁਤ ਹੀ ਸੋਹਣਾ ਰਾਹ ਹੈ। ਇੱਕ ਪਾਸੇ ਤਾਂ ਤਲਾਉ ਦਿਖਾਈ ਦਿੰਦੇ ਹਨ। ਜਿਨਾਂ ਵਿੱਚ ਫੁੱਲਾਂ ਦੇ ਰਾਜੇ, ਅਰਥਾਤ ਲਾਲ ਕਵਲਾ ਦੇ ਚਮਕੀਲੇ ਫੁੱਲ ਖਿੜ ਰਹੇ ਹਨ। ਇੱਕ ਪਾਸੇ ਅੰਬਾਂ ਦਾ ਸੰਘਣਾ ਬਨ ਹੈ, ਅਰ ਸਿਆਲ ਦੀ ਰੁੱਤ ਵਿੱਚ ਸਭਨਾਂ ਟਾਹਣੀਆਂ ਉੱਤੇ ਨਰੰਗੀ ਰੰਗ ਦੇ ਫੁੱਲ, ਅਰ ਲਾਲ ਲਾਲ ਪਤ੍ਰ ਦਿਖਾਈ ਦਿੰਦੇ ਹਨ। ਅੱਗੇ ਵਧਕੇ ਵਾਸਾਂ ਦੀਆਂ ਲੰਮੀਆਂ ਲੰਮੀਆਂ ਪਾਲਾਂ ਅੱਤ ਸੁੰਦਰ ਦਿੱਖ ਆਉਂਦੀਆਂ ਹਨ, ਕਿਉਂ ਜੋ ਉਨਾਂ ਦੇ ਪਤ੍ਰਾਂ ਵਿੱਚ ਧੁੱਪ ਅਰ ਛਾਂ ਅਦਲ ਬਦਲਕੇ ਪੈ ਰਹੀ ਹੈ। ਇੱਧਰ ਤਾਂ ਮਟਰਾਂ ਦਾ ਖੇਤ ਨੀਲੇ ਰੰਗ ਦੇ ਅਣਗਿਣਤ ਫੁੱਲ ਨਾਲ਼ ਸੋਭਾ ਪਾ ਰਿਹਾ ਹੈ, ਉੱਧਰ ਰਾਈ ਦਾ ਖੇਤ ਸੁਨਹਿਰੀ ਫੁੱਲਾਂ ਦੀ ਸੋਭਾ ਨਾਲ਼ ਚਮਕ, ਅਰ ਉਸ ਦੀ ਸੁਗੰਧਤਾ ਕਰਕੇ ਮਹਿਕ ਰਿਹਾ ਹੈ। ਬਰਸਾਤ ਦੀ ਰੁੱਤ ਵਿੱਚ ਉੱਥੋਂ ਦੀ ਹਰੇਕ ਕੰਧ, ਅਰ ਮਿੱਟੀ ਦਾ ਬੰਨਾ ਰੰਗ ਰੰਗ ਦੇ ਛੋਟੇ ਛੋਟੇ ਬੂਟਿਆਂ ਨਾਲ਼ ਸਜ ਜਾਂਦਾ ਹੈ। ਕਿੰਨਿਆਂ ਦੇ ਹਰੇ ਹਰੇ ਅਰਧ ਚੰਦ੍ਰਾਕਾਰ ਪਤ੍ਰ ਕੇਸਾਂ ਵਰਗੇ ਕਾਲੇ ਕਾਲੇ ਡੰਡਲਾਂ ਉੱਤੇ ਲੱਗੇ ਹੋਏ ਹਨ, ਅਰ ਕਿੰਨਿਆਂ ਦੇ ਵੈਂਗਨੀ ਪਤ੍ਰਾਂ ਵਿੱਚ ਫੁੱਲ ਬੂਟੇ ਦੀ ਕਾਢ ਦੇ ਕੰਮ ਵਾਂਙੂ ਛੋਟੀਆਂ ਛੋਟੀਆਂ ਲਕੀਰਾਂ ਪੱਈਆਂ ਹੋਈਆਂ ਹਨ। ਵਰਖਾ ਵਿੱਚ ਇਹ ਸਭ ਪਤ੍ਰ ਪਾਣੀ ਨਾਲ਼ ਭਰ ਜਾਂਦੇ ਹਨ, ਅਰ ਫੇਰ ਜਦ ਧੁੱਪ ਨਿੱਕਲਦੀ ਹੈ, ਤਾਂ ਉਹ ਇੱਕ ਅਚਰਜ ਤੇਜ ਨਾਲ਼ ਚਮਕਣ ਲਗਦੇ ਹਨ॥

ਬਾਜਾਰ ਨਗਰ ਦੇ ਮੂਹਰੇ ਉੱਤੇ ਹੀ ਵੱਸਿਆ ਹੋਇਆ ਹੈ, ਅਰ ਛੋਟੀਆਂ ਛੋਟੀਆਂ ਹੱਟਾਂ ਅਨੇਕ ਪਰਕਾਰ ਦੀਆਂ ਵੇਚਣਵਾਲੀ-ਆਂ ਵਸਤਾਂ ਨਾਲ਼ ਭਰੀਆਂ ਹੋਈਆਂ ਹਨ। ਕਿਸੇ ਹੱਟ ਵਿੱਚ ਇੱਕ ਬੁੱਢਾ ਮਨਿਹਾਰ ਨਿੱਕੀਆਂ ੨ ਆਰਸੀਆਂ ਦੀ ਥੈਲੀ ਖੋਹਲੀ ਬੈਠਾ ਹੈ, ਚਿੱਟੇ ਅਰ ਰੰਗੇ ਹੋਏ ਸੂਤਰ ਦੀਆਂ ਗੋਲ਼ੀਆਂ ਬੋਤਲਾਂ

Digitized by Panjab Digital Library | www.panjabdigilib.org

ਵਿੱਚ ਬੰਦ ਹਨ। ਛੋਟੀਆਂ ਛੋਟੀਆਂ ਡੱਬੀਆਂ ਚਿਤ੍ਰ ਬਚਿਤ੍ਰ ਰੰਗ ਦੀਆਂ ਧਰੀਆਂ ਹੋਈਆਂ ਹਨ। ਇੱਕ ਢੇਰ ਮੋਟੇ ਮਹੀਨ ਦਾਣਿਆਂਵਾਲੀਆਂ ਮਾਲ੍ਹਾਂ ਦਾ ਪਿਆ ਹੈ, ਅਤੇ ਅਲਗਿਲਤ ਕੱਚ ਅਰ ਲਾਖ ਦੇ ਚੂੜੇ, ਅਰਥਾਤ ਵੰਙਾਂ ਰੱਖੀਆਂ ਹੋਈਆਂ ਹਨ। ਕਿੱਲ, ਜੰਦਰੇ, ਨਿੱਕੀਆਂ ੨ ਟੱਲੀਆਂ, ਟੀਨ ਦੇ ਡੱਬੇ ਅਰ ਕੌਡਾਂ ਆਦਕਾਂ ਦੇ ਢੇਰ ਹੀ ਉਸ ਦੀ ਸਾਰੀ ਹੱਟੀ ਦੀ ਸਭ ਸਜਾਉਲਵਾਲ੍ਹੀ ਸਮਗ੍ਰੀ ਹੈ। ਅੱਗੇ ਵਧੋ, ਤਾਂ ਇੱਕ ਘੁਮਿਆਰ ਦੀ ਹੱਟੀ ਹੈ, ਉਸ ਵਿੱਚ ਅਨੇਕ ਪ੍ਰਕਾਰ ਦੇ ਬਹੁਤ ਸੌਂਹਲੇ ਭਾਂਡੇ, ਘੜੇ ਹਾਂਡੀਆਂ, ਮਰਤਬਾਨ, ਧਰੇ ਹੋਏ ਹਨ। ਕਈ ਉਨ੍ਹਾਂ ਵਿੱਚੋਂ ਡਾਂ ਹੀ ਸੁੰਦਰ ਹਨ। ਹੋਰ ਅੱਗੇ ਹਲਵਾਈ ਦੀ ਹੱਟੀ ਹੈ, ਬੜੇ ਬੜੇ ਥਾਲ੍ਹ ਚਾਉਲ੍ਹਾਂ ਨਾਲ੍ਹ ਭਰੇ ਹੋਏ ਪਏ ਹਨ, ਅਰ ਮੱਖਣ ਮਿਸਰੀ ਖੰਡ ਮਸਾਲੇ ਭਾਂਤ ਭਾਂਤ ਦੀਆਂ ਸੁਆਦੀ ਮਠਿਆਈਆਂ, ਇਸ ਢੰਗ ਨਾਲ੍ਹ ਜੋੜਕੇ ਰੱਖੀਆਂ ਹਨ, ਜੋ ਰਾਹ ਜਾਂਦਿਆਂ ਦੇ ਮਨਾਂ ਨੂੰ ਲੁਭਾਉਂਦੀਆਂ ਹਨ। ਕੋਲ੍ਹ ਫੁੱਲਾਂ ਦੀ ਹੱਟ ਹੈ, ਸੋਨੇ ਵਰਗੇ ਪੀਲੇ ਰੰਗ ਦੇ ਕੇਲਿਆਂ ਦੇ ਗੁੱਛੇ ਟੰਗੇ ਹਨ, ਅਤੇ ਇੱਕ ਬੜਾ ਸਾਰਾ ਢੇਰ ਹਰੇ ਹਰੇ ਨਰਿਯੇਲਾਂ ਦਾ ਲੱਗਾ ਹੋਇਆ ਹੈ। ਅਚਰਜ ਨਹੀਂ, ਜੋ ਉਸ ਦੇ ਕੋਲ੍ਹ ਹੀ ਫੁੱਲੇਰੇ ਦੀ ਹੱਟੀ ਫੁੱਲਾਂ ਦੇ ਸੇਹਰੇ ਅਤੇ ਮਾਲਾਂ ਨਾਲ੍ਹ ਭਰੀ ਹੋਈ ਹੋਵੇ, ਜੋ ਠਾਕੁਰਦੁਆਰਿਆਂ ਵਿੱਚ ਚੜ੍ਹਦੇ ਹਨ, ਇੱਥੋਂ ਲੋਕ ਗੰਗਾਜੀ ਅਥਵਾ ਮੰਦਰਾਂ ਦੀ ਪੂਜਾ ਦੇ ਲਈ ਧੇਲੇ ਜਾਂ ਦਮੜੀ ਦੀਆਂ ਕੌਡਾਂ ਦੇ ਚੰਬੇਲੀ ਅਤੇ ਰੁੱਤ ਰੁੱਤ ਦੇ ਫੁੱਲਾਂ ਦੇ ਹਾਰ ਲੈਂਦੇ ਹਨ॥

ਬਾਜਾਰ ਨੂੰ ਛੱਡਕੇ ਬਾਹਰ ਨਿੱਕਲਨ ਦਾ ਰਾਹ ਲਓ, ਤਾਂ ਇੱਧਰ ਉੱਧਰ ਬੂਟਿਆਂ ਦੇ ਵਿੱਚ ਪੱਕੇ ਘਰ ਨਜਰ ਆਉਂਦੇ ਹਨ, ਜੇਕਰ ਦਿਨ ਠੰਢਾ ਹੋਵੇ, ਤਾਂ ਸੜਕੇ ਸੜਕ ਹੋਕੇ ਫਿਰ ਲਓ। ਆਹਾ ਹਾ

ਇਹ ਕੇਹਾ ਮਨਭਾਉਂਦਾ ਹੈ, ਜੋ ਕੰਮ ਧੰਧੇ ਵਿੱਚ ਲੱਗਿਆਂ ਹੋਇਆਂ ਨਗਰ ਦੇ ਵਿੱਚੋਂ ਵਿੱਚੋਂ ਆਕੇ ਇੱਥੋਂ ਦੀ ਸੁੰਨਸਾਨ ਬੀ ਅੱਤ ਪਿਆਰੀ ਲਗਦੀ ਹੈ। ਠੰਢੀ ਠੰਢੀ ਪੌਣ, ਸਹਿਜੇ ਸਹਿਜੇ ਚੱਲ ਰਹੀ ਹੈ, ਕਬੂਤਰ ਗੁਟਕ ਰਹੇ ਹਨ, ਕਿਉਂ ਜੋ, ਇਸ ਸੁੰਨਸਾਨ ਵਿੱਚ ਚੁੱਪਚੁਪਾਤੇ ਤੁਰੇ, ਤਾਂ ਕਬੂਤਰ ਦਾ ਮਿੱਠਾ ੨, ਪਰ ਉਦਾਸੀਨ ਗੁਟਕਾਰ ਸੁਣਾਈ ਦਿੰਦਾ ਹੈ, ਕਦੀ ਕਦੀ ਕਾਂ ਦੀ ਖਹੁਰੀ ਜੇਹੀ ਬੋਲੀ ਬੀ ਸੁਣਾਈ ਦਿੰਦੀ ਹੈ। ਵਿੱਚ ਵਿੱਚ ਇੱਕ ਹੋਰ ਹੀ ਅਵਾਜ ਆਉਂਦੀ ਹੈ, ਜਿਸ ਨੂੰ ਇੱਕ ਦੰਤਕਥਾ ਦੇ ਪੰਖੇਰੂ ਦੀ ਬੋਲੀ ਦੱਸਦੇ ਹਨ। ਆਖਦੇ ਹਨ, ਜੋ ਉਸ ਨੂੰ ਅੱਜ ਤੋੜੀ ਕਿਸੇ ਨੇ ਨਹੀਂ ਡਿੱਠਾ, ਪਰ ਉਸ ਦੇ ਅਚਰਜ ਆਲ੍ਹਣੇ ਕਈਆਂ ਲੋਕਾਂ ਦੇ ਵੇਖਣ ਵਿੱਚ ਆਏ ਹਨ॥

ਅਜਿਹੇ ਇਕਾਂਤ ਅਰ ਅੱਤ ਸੁੰਦਰ ਅਸਥਾਨ ਵਿੱਚ ਬਾਬੂ ਰਾਜਕੁਮਾਰ ਭਟਾਚਾਰਯ ਦਾ ਟਿਕਾਣਾ ਸੀ। ਉਹ ਉੱਚੀ ਕੁਲ ਦਾ ਬ੍ਰਾਹਮਣ, ਅਰ ਬੜਾ ਪੰਡਿਤ ਸੀ, ਸੰਸਕ੍ਰਿਤ ਵਿੱਚ ਉਸ ਨੂੰ ਬੰਗਾਲੀ ਵਰਗਾ ਅਭਿਆਸ ਸੀ। ਸੰਸਕ੍ਰਿਤ ਦੇ ਅਨੇਕਾਂਖਜਰ ਪਦਾਂ ਵਿੱਚ ਉਸ ਦੀ ਬੜੀ ਲਾਲਸਾ ਸੀ, ਅਰ ਸਭ ਥੋਂ ਬੜਾ ਆਨੰਦ ਇਹ ਸੀ, ਜੋ ਅਜਿਹੇ ਸਿੱਖਾਂ ਨੂੰ ਪੜ੍ਹਾਵੇ, ਜੇਹੜੇ ਆਪਣੇ ਵਰਗੇ ਉਤਸਾਹੀ ਹੋਣ। ਉਹ ਬੜਾ ਦਰਸਨੀਕ, ਚਤੁਰ, ਅਰ ਭਲਾਮਾਣਸ ਸੀ, ਉਸ ਦੇ ਨਾਲ਼ ਗੱਲ ਬਾਤ ਕਰਨੀ ਮਾਨੋ ਸੱਚਾ ਆਨੰਦ ਸੀ, ਕਿਉਂਕਿ ਜਿੰਨਾ ਓਹ ਬੁੱਧਿਵਾਨ ਓਨਾ ਹੀ ਸਿਰੋਮਣ ਬੀ ਸਾ। ਕਲਕੱਤੇ ਦੀਆਂ ਵੱਡੀਆਂ ਪਾਠਸਾਲਾਂ ਵਿੱਚ ਉਹ ਪੜ੍ਹਾਉਂਦਾ ਹੁੰਦਾ ਸਾ, ਅਰ ਕਈ ਸਿੱਖ ਉਸ ਦੇ ਘਰ ਵਿੱਚ ਬੀ ਪੜ੍ਹਦੇ ਸੇ। ਇੱਸੇ ਕਰਕੇ ਉਹ ਸੋਮਵਾਰ ਥੋਂ ਛਨਿੱਛਰਵਾਰ ਤੀਕੁਰ ਕਲੱਕਤੇ ਵਿੱਚ ਰਹਿੰਦਾ, ਅਰ ਗੋਪਾਲਪੁਰ ਵਿੱਚ ਉਹ ਨਿਰਾ ਐਤ-

Digitized by Panjab Digital Library | www.panjabdigilib.org

ਵਾਰ ਨੂੰ ਹੀ ਆਉਂਦਾ ਹੁੰਦਾ ਸੀ। ਸੱਚਮੁੱਚ ਏਹ ਵਿਸਰਾਮ ਦਾ ਦਿਨ ਉਨ੍ਹਾਂ ਲੋਕਾਂ ਦੇ ਲਈ ਬੀ ਧੰਨ ਹੈ, ਕਿ ਜਿਨ੍ਹਾਂ ਨੈ ਵਿਸਰਾਮ ਦੇ ਪ੍ਰਭੂ ਨੂੰ ਆਪਣੇ ਚਿੱਤਾਂ ਵਿੱਚ ਪਰਵਾਨ ਨਹੀਂ ਕੀਤਾ ਹੈ॥

ਉਸ ਪੰਡਿਤ ਦਾ ਬਹੁਤ ਵਡਾ ਪਰਵਾਰ ਨਹੀਂ ਸੀ। ਉਸ ਦੀ ਤੀਮਤ ਕੁਮਾਰੀ, ਦੋ ਪੁਤ੍ਰ ਪ੍ਰੇਮਚੰਦ, ਅਰ ਪ੍ਰਿਯਨਾਥ, ਅਰ ਧੀ ਕਾਮਨੀ। ਭਰਾਉ ਯਦੁਨਾਥ, ਅਰ ਉਸ ਦੀ ਤੀਮਤ ਪ੍ਰਸੰਨੂ। ਬਸੰਤੋ ਇੱਕ ਅਠਾਰਾਂ ਵਰਿਹਾਂ ਦੀ ਤੀਮੀਂ, ਜਿਸ ਦਾ ਭਰਤਾ ਪੰਡਿਤ ਦਾ ਛੋਟਾ ਭਰਾਉ ਕਈ ਮਹੀਨੇ ਬੀਤੇ, ਜੋ ਉਹ ਮਰ ਗਿਆ ਸਾ, ਅਰ ਬੁੱਢੀ ਦਾਦੀ ਤਾਰਾਮਨੀ, ਅਰ ਇੱਕ ਟਹਿਲਨ ਹਿਰਨੀ, ਇਹੋ ਸਾਰੇ ਪਰਵਾਰ ਦੇ ਸਨ॥

ਕੁਮਾਰੀ ਗੋਰੀ ਇਸੜੀ ਸੀ, ਬਹੁਤ ਸੁੰਦਰ ਅਰ ਬੜੀ ਸੁਸੀਲ। ਉਸ ਦੀ ਉਮਰ ੨੮ ਆਂ ਵਰਿਹਾਂ ਦੀ ਸੀ। ਉਸ ਦੀ ਠੋਡੀ ਅਰ ਨੱਕ ਉੱਤੇ ਛੋਟੇ ਜਿਹੇ ਤਿਲ ਵਰਗੇ ਚਿੰਨ੍ਹ ਸਨ। ਠੋਡੀ ਦਾ ਚਿੰਨ੍ਹ ਤਾਂ ਤ੍ਰਿਸੂਲ ਦੀ ਡੌਲ ਵਰਗਾ ਸੀ, ਅਤੇ ਨੱਕ ਦਾ ਲਕੀਰ ਜੇਹਾ ਸੀ। ਇਨ੍ਹਾਂ ਚਿੰਨ੍ਹਾਂ ਦੇ ਕਾਰਨ ਉਸ ਦੇ ਮੂੰਹ ਦੇ ਝਲਕਾਰ ਵਿੱਚ ਉਹ ਦੀ ਬੁੱਧਵਾਨੀ ਦੇ ਲੱਛਣ ਵਧੇਰੇ ਪ੍ਰਕਾਸੇ। ਆਪਣਿਆਂ ਤਿੰਨਾਂ ਬਾਲਾਂ ਦਾ ਉਹ ਬੜਾ ਹੰਕਾਰ ਰਖਦੀ ਸੀ। ਵੱਡਾ ਮੁੰਡਾ ਪ੍ਰੇਮਚੰਦ ਬਾਰਾਂ ਵਰਿਹਾਂ ਦੀ ਉਮਰ ਦਾ ਬੜਾ ਚੰਚਲ ਸੀ। ਅਤੇ ਬੰਗਾਲੀ ਮੁੰਡਿਆਂ ਦੀ ਤਰਾਂ ਉਸ ਦੀ ਸਿਖਯਾ, ਅਰਥਾਤ ਪੜ੍ਹਾਉਣ ਦੀ ਰੀਤ ਜਦ ਉਹ ਪੰਜਾਂ ਵਰਿਹਾਂ ਦਾ ਹੋਇਆ ਸਾ, ਤਦੋਂ ਹੀ ਕਰਾਈ ਗਈ ਸੀ। ਉਸ ਦਿਨ ਉਹ ਦੀ ਮਾਂ ਨੈ ਦੇਸ ਦੀ ਰੀਤ ਅਨੁਸਾਰ ਉਹ ਨੂੰ ਚੰਗੇ ਤੇ ਚੰਗੇ ਕੱਪੜੇ ਪਹਿਨਾਏ, ਅਰ ਆਪਣੇ ਨਗਰ ਦੀ ਪਾਠਸਾਲਾ ਵਿੱਚ ਭੇਜਿਆ। ਉੱਥੇ ਉਸ ਨੈ ਅੱਖਰ ਮੁਹਾਰਨੀ, ਗਿਣਤੀ ਦੇ ਅੰਗ, ਅਰ ਤਾੜ ਬ੍ਰਿਛ ਦੇ ਪੜ੍ਹਾਂ ਵਿੱਚ ਅੱਖਰ ਬਣਾਉਣੇ ਸਿੱਖੇ।

Digitized by Panjab Digital Library | www.panjabdigilib.org

ਜਿੰਨਾਂਕੁ ਉਸ ਪਾਠਸ਼ਾਲਾ ਵਿੱਚ ਸਿਖਾਇਆ ਜਾਂਦਾ ਸੀ, ਉਹ ਸਭ ਕੁਛ ਮੁਭਾਵਕ ਹੀ ਉਸ ਨੈ ਬਹੁਤ ਛੇਤੀ ਸਿੱਖ ਲਿਆ। ਫੇਰ ਉਸ ਦਾ ਪਿਉ ਹਰ ਸੋਮਵਾਰ ਪਰਭਾਤ ਵੇਲੇ ਹੀ ਉਹ ਨੂੰ ਨੱਗਰ ਵਿੱਚ ਲੈ ਜਾਂਦਾ ਹੁੰਦਾ ਸੀ, ਅਰ ਉੱਥੇ ਇੱਕ ਪਾਦਰੀ ਸਾਹਿਬ ਦੀ ਪਾਠਸ਼ਾਲਾ ਵਿੱਚ ਉਸ ਨੈ ਹਰੇਕ ਪਰਕਾਰ ਦੀ ਸਿਖਯਾ ਵਿੱਚ ਬਹੁਤ ਛੇਤੀ ਵਾਧਾ ਕੀਤਾ। ਅੰਗ੍ਰੇਜੀ ਉਸ ਨੂੰ ਛੇਤੀ ਹੀ ਆ ਗਈ, ਅਤੇ ਉਹ ਛੋਟਾ ਮੁੰਡਾ ਅੰਗ੍ਰੇਜੀ ਨੂੰ ਅਜਿਹਾ ਚੰਗਾ ਜਾਣਦਾ ਸੀ, ਕਿ ਜੇ ਕੋਈ ਉਹ ਨੂੰ ਅੰਗ੍ਰੇਜੀ ਬੋਲਣਵਾਲਾ ਮਿਲ ਪਏ, ਤਾਂ ਉਹ ਅੰਗ੍ਰੇਜੀ ਹੀ ਬੋਲਦਾ ਹੁੰਦਾ ਸੀ, ਉਸ ਨੈ ਅੰਗ੍ਰੇਜੀ ਭਾਖਾ ਦੇ ਸਮਝਣ ਵਿੱਚ ਅਜਿਹਾ ਵਾਧਾ ਕੀਤਾ, ਜੋ ਉਸ ਨੂੰ ਅੰਗ੍ਰੇਜੀ ਥੋਂ ਬੰਗਾਲੀ ਅਰ ਬੰਗਾਲੀ ਥੋਂ ਅੰਗ੍ਰੇਜੀ ਵਿੱਚ ਉਲਥਾ ਕਰਨ ਦਾ ਬੜਾ ਹੀ ਅਭਿਆਸ ਹੋ ਗਿਆ ਸਾ, ਉਹ ਆਪਣੀ ਮਾਂ ਦਾ ਪਿਆਰਾ, ਅਰ ਆਪਣੇ ਪਿਤਾ ਦੀ ਆਸ ਦਾ ਮੂਲ ਸੀ। ਹਰ ਛਨਿੱਛਰਵਾਰ ਉਸ ਦੇ ਆਉਣ ਦੇ ਵੇਲੇ ਉਹ ਦੇ ਲਈ ਪਿਆਰਾ ਭੋਜਨ ਅਰ ਮਠਿਆਈ ਤਿਆਰ ਰਹਿੰਦੀ, ਅਰ ਸਾਰਾ ਐਤਵਾਰ ਕਲਕੱਤੇ ਦੀਆਂ ਅਚਰਜ ਕਹਾਣੀਆਂ ਦੇ ਕਹਿਣ ਸੁਣਨ ਵਿੱਚ ਬੀਤਦਾ ਸੀ। ਉਸ ਬਾਲਕ ਦੇ ਲਈ ਅੰਤ ਨੂੰ ਇਹ ਬਹੁਤ ਹੀ ਚੰਗਾ ਹੋਇਆ, ਜੋ ਉਹ ਨੂੰ ਸਾਰਾ ਸਾੱਤਾ ਆਪਣੀ ਮਾਂ ਦੇ ਲਾਡ ਪਿਆਰ ਵਿੱਚ ਨਹੀਂ ਰਹਿਣਾ ਮਿਲਿਆ॥

ਛੋਟਾ ਮੁੰਡਾ ਪ੍ਰਿਯਨਾਥ ਅੱਠਾਂਕੁ ਵਰਿਹਾਂ ਦਾ ਸੀ। ਉਹ ਬੜਾ ਪ੍ਰਸਿੰਨ ਅਰ ਹਸਮੁਖ ਸੀ। ਅਤੇ ਨਿਰਾ ਦੁਅੱਖਰੇ ਚੁਅੱਖਰੇ ਨਾਵੇਂ ਪੜ੍ਹ ਸਕਦਾ ਸੀ। ਚਾਰ ਮਹੀਨੇ ਤਾਂ ਉਹ ਪਤੰਗਾਂ ਦੀ ਖੇਡ ਵਿੱਚ ਲੱਗਾ ਰਹਿੰਦਾ, ਹੋਰ ਮਹੀਨੇ ਉਹ ਲਾਟੂ ਚਕਲੀਆਂ ਅਰ ਕਬੂਤਰਾਂ ਦੀ ਖੇਡ ਵਿੱਚ ਪਰਚਿਆਂ ਰਹਿੰਦਾ ਸਾ। ਨੀਂਦ ਦੇ ਵੇਲੇ ਨੂੰ ਛੱਡ

Digitized by Panjab Digital Library | www.panjabdigilib.org

ਹੋਰ ਵੇਲੇ ਉਹ ਘਰ ਵਿੱਚ ਕਿਸੇ ਨੂੰ ਸੁਖ ਨਾਲ ਨਾ ਰਹਿਣ ਦਿੰਦਾ, ਉਹ ਅਜਿਹਾ ਖਰੂਦੀ, ਮੱਛਰਿਆ ਹੋਇਆ, ਅਤੇ ਉਪਦ੍ਰਵੀ ਸੀ, ਜੋ ਆਪਣੀ ਮਾਂ ਅਰ ਚਾਚੀ ਨੂੰ ਬੀ ਦੁੱਖ ਦਿੰਦਾ ਰਹਿੰਦਾ ਸਾ, ਕਾਮਿਨੀ ਨੂੰ ਚਿੜਾਉਂਦਾ, ਅਤੇ ਬਸੰਤ ਨੂੰ ਖਪਾਉਂਦਾ, ਪਰ ਉਸ ਦੇ ਪਿਉ ਦੀ ਬੁੱਢੀ ਚਾਚੀ ਸਦਾ ਉਸ ਨਾਲ ਬੜਾ ਪਿਆਰ ਕਰਦੀ ਸੀ। ਉਸੇ ਦੇ ਲਾਡ ਪਿਆਰ ਦੇ ਨਾਲ ਉਹ ਮੁੰਡਾ ਵਿਗੜਿਆ। ਜਦ ਉਹ ਕਿਤੇ ਖਚਰਉ ਕਰ ਆਵੇ, ਤਾਂ ਛੇਤੀ ਨਾਲ ਉਸੇ ਦੀ ਝੋਲੀ ਵਿੱਚ ਆ ਲੁਕੇ, ਭਾਵੇਂ ਉਹ ਵੱਡਾ ਤਾਂ ਹੋ ਗਿਆ, ਤਾਂ ਬੀ ਉਹ ਉਸ ਨੂੰ ਉਨ੍ਹਾਂ ਚਪੇਟਾਂ ਥੋਂ, ਕਿ ਜਿਨ੍ਹਾਂ ਦੇ ਉਹ ਚੰਗੀ ਤਰਾਂ ਜੋਗ ਸੀ ਬਚਾਉਂਦੀ ਹੁੰਦੀ ਸੀ॥

ਕਾਮਿਨੀ ਸਾਰਿਆਂ ਤੇ ਛੋਟੀ ਚਹੁੰ ਵਰਿਹਾਂ ਦੀ ਬੜੀ ਪਿਆਰੀ, ਅਰ ਕੁਆਰੀ ਸੀ। ਉਸ ਦੀਆਂ ਅੱਖਾਂ ਵੱਡੀਆਂ ਜੋਤਨਾਂਵਾਲੀ- ਆਂ, ਅਤੇ ਉਸ ਦੇ ਕਾਲੇ ਕਾਲੇ ਵਾਲਾਂ ਦਾ ਪਿਛਲੇ ਪਾਸੇ ਵੱਲ ਜੂੜਾ ਕੀਤਾ ਹੋਇਆ, ਬੜਾ ਸੌਂਹਣਾ ਸਜਦਾ ਸੀ। ਛੋਟੀ ਜੇਹੀ ਸਜੀ ਹੋਈ ਸਾੜ੍ਹੀ ਨਾਲ ਐਉਂ ਜਾਪਦੀ ਸੀ, ਕਿ ਮਾਨੋ ਸੱਚ ਮੁੱਚ ਕੋਈ ਨਿੱਕੀ ਜੇਹੀ ਤੀਮੀਂ ਹੈ। ਉਸ ਦਾ ਬੋਲਣਾ ਬੜਾ ਮਨ ਨੂੰ ਲੁਭਾਉਣਵਾਲਾ ਸੀ। ਜਦ ਕੋਈ ਬੜੀ ਲੰਮੀ ਗੱਲ ਬੋਲਣੀ ਹੋਵੇ, ਅਰ ਉੱਸੇ ਤਰਾਂ ਓਹ ਤੁਤਲਾਉਣ ਲੱਗੇ, ਅਥਵਾ ਜਦ ਕੋਈ ਨਵਾਂ ਅਰ ਔਖਾ ਨਾਵਾਂ ਉਸ ਨੂੰ ਬੋਲਣਾ ਪਵੇ, ਤਾਂ ਉਸ ਦੀ ਮਾਂ ਅਨੰਦ ਦੀ ਮਾਰੀ ਫੁੱਲੀ ਨਾ ਸਮਾਵੇ, ਅਰ ਆਖੇ ਸੁਣੋ ਖਾਂ, ਤੋਕੀ ਕੀ ਕੀ ਆਖਦੀ ਹੈ; ਤੋਕੀ ਉਸ ਕੁੜੀ ਦਾ ਲਾਡ ਦਾ ਨਾਉਂ ਸੀ, ਭਾਵੇਂ ਉਹ ਕੁੜੀ ਨਿੱਕੀ ਹੀ ਸੀ, ਪਰ ਕੁਮਾਰੀ ਨੂੰ ਉਹ ਬਹੁਤ ਹੀ ਪਿਆਰੀ ਲੱਗੇ, ਸਗੋਂ ਉਸ ਦਾ ਪਿਉ ਬੀ ਉਹ ਨੂੰ ਬਹੁਤ ਹੀ ਚਾਹੁੰਦਾ ਸੀ॥

ਕੁਮਾਰੀ ਦੇ ਇਹੋ ਤਿੰਨੇ ਬਾਲ ਜੀਉਂਦੇ ਸੇ, ਅਤੇ ਹੋਰ ਤਾਂ ਚਾਰ



Digitized by Panjab Digital Library | www.panjabdigilib.org

ਇਵਾਲ-ਅਵਸਥਾ ਵਿੱਚ ਹੀ ਮਰ ਗਏ ਸੇ। ਇਹ ਦੁੱਖ ਇਸ ਦੇਸ ਦੀਆਂ ਭੀਮਤਾਂ ਨੂੰ ਅਵੱਸੋਂ ਹੁੰਦਾ ਹੈ, ਅਰ ਅਜਿਹਾ ਵੇਖਨ ਵਿੱਚ ਆਉਂਦਾ ਹੈ, ਜੋ ਇੱਕ ਬਚੇ, ਤਾਂ ਦੋ ਮਰ ਜਾਂਦੇ ਹਨ। ਭਾਵੇਂ ਅਜਿਹੀਆਂ ਨਿਕਰਮਨਾਂ ਮਾਵਾਂ ਨੂੰ ਚਿੰਤਾ ਦੇ ਸਮੁੰਦਰ ਵਿੱਚ ਡੁੱਬਿਆਂ ਹੋਇਆਂ ਵੇਖਕੇ ਬਹੁਤ ਹੀ ਦੁੱਖ ਆਉਂਦਾ ਹੈ, ਤਾਂ ਬੀ ਜਦ ਵਿਚਾਰੀਏ, ਜੋ ਹਜਾਰਾਂ ਲੱਖਾਂ ਬਾਲਕ ਇਸ ਸੰਸਾਰ ਦੇ ਘੋਰ ਅਨੇਰੇ ਨੂੰ ਛੱਡਕੇ ਪਰਮੇਸੁਰ ਦੀ ਜੋਤ ਰੂਪ ਮਹਿਮਾ ਦੇ ਭਾਗੀ ਹੁੰਦੇ ਹਨ, ਤਾਂ ਚਿੱਤ ਵਿੱਚ ਇੱਕ ਪਰਕਾਰ ਦਾ ਮਾਨਸਿਕ ਅਨੰਦ ਹੁੰਦਾ ਹੈ॥

ਹੁਣ ਜਦੂਨਾਥ ਅਰ ਉਸ ਦੀ ਇਸਤ੍ਰੀ ਪ੍ਰਸੰਨੂ ਦਾ ਹਾਲ ਸੁਣੋ। ਜਦੂਨਾਥ ਪੰਡਿਤ ਦਾ ਛੋਟਾ ਭਰਾਉ ਸੀ, ਉਹ ਤੀਹਾਂਕੁ ਵਰਿਹਾਂ ਦਾ ਸੀ, ਭਾਵੇਂ ਆਪਣੇ ਭਰਾਵਾਂ ਦੀ ਰੀਸ ਤਾਂ ਨਹੀਂ ਕਰ ਸਕਦਾ ਸੀ, ਤਾਂ ਬੀ ਉਹ ਭਲਮਨਸਊ ਵਿੱਚ ਕੁਛ ਘੱਟ ਨਹੀਂ ਸੀ, ਅਰ ਉਹ ਕਲਕੱਤੇ ਦੀਆਂ ਕਚਹਿਰੀਆਂ ਵਿੱਚ ਕਿਤੇ ੮੦) ਅੱਸੀ ਰੁਪਏ ਮਹੀਨਾ ਪਾਉਂਦਾ ਸੀ। ਉਸ ਦੀ ਵਹੁਟੀ ਪ੍ਰਸੰਨੂ ਕੋਈ ਵੀਹਾਂਕੁ ਵਰਿਹਾਂ ਦੀ ਸੀ। ਉਹ ਚੰਗੇ ਸੁਭਾਉ ਦੀ ਅਰ ਹਿਤ ਪਿਆਰਵਾਲੀ ਸੀ, ਛੋਟੀ ਕਾਮਿਨੀ ਉਸ ਨੂੰ ਮਾਵਾਂ ਵਾਙੂੰ ਜਾਣੇ, ਜੰਮਦੀ ਹੀ ਉਹ ਨਿੱਕੀ ਕੁੜੀ ਪ੍ਰਸੰਨੂ ਦੇ ਨਾਲ ਰਹਿੰਦੀ ਰਹੀ, ਅਰ ਪਹਿਲੇ ਪਹਿਲ ਉਸ ਨੇ ਵੱਡੀ ਵਹੁਟੀ ਕਹਿਣਾ ਸਿਖਾਇਆ ਸੀ, ਕਿਉਂ ਜੋ ਪਰਵਾਰ ਵਿੱਚ ਪ੍ਰਸੰਨੂ ਨੂੰ ਸੱਭੇ ਇਹੋ ਨਾਉਂ ਸੱਦਦੇ ਸੇ। ਪ੍ਰਸੰਨੂ ਨੂੰ ਸਭ ਕੋਈ ਭਲੀ ਜਾਣਦਾ, ਅਰ ਹਿਤ ਕਰਦਾ ਸਾ, ਭਾਵੇਂ ਛੋਟਾ ਮੱਛਰਿਆਂ ਹੋਇਆ, ਪ੍ਰਿਯਨਾਥ ਉਸ ਨੂੰ ਬਹੁਤ ਹੀ ਅਕਾਵੇ, ਤਾਂ ਬੀ ਫੇਰ ਥੋਹੜੇ ਚਿਰ ਪਿੱਛੋਂ ਹੀ ਉਸ ਨੂੰ ਗਲਵੱਕੜੀਆਂ ਪਾ ਲਵੇ, ਅਰ ਉਹ ਬੀ ਛਿਮਾ ਕਰਕੇ ਉਸ ਨੂੰ ਬੜੇ ਲਾਡ ਨਾਲ ਝੋਲੀ ਵਿੱਚ ਲੈ ਲਿਆ

Digitized by Panjab Digital Library | www.panjabdigilib.org

ਕਰੇ। ਭਾਵੇਂ ਸਭ ਕੋਈ ਉਸ ਨੂੰ ਭਲੀ ਜਾਣਦਾ, ਅਰ ਹਿਤ ਕਰਦਾ ਸਾ, ਪਰ ਉਸ ਦੀ ਸਦਾ ਚਿੰਤਾ ਦਾ ਵੱਡਾ ਕਾਰਨ ਇਹ ਸੀ, ਜੋ ਉਸ ਦੇ ਸੰਤਾਨ ਨਹੀਂ ਸੀ ਹੋਈ। ਭਾਵੇਂ ਪੂਜਾ ਉੱਤੇ ਪੂਜਾ ਕਰਾਈ ਗਈ, ਅਰ ਜਾੜ੍ਹਾ ਬੀ ਕੀਤੀ ਗਈ, ਤਾਂ ਬੀ ਉਹ ਫੇਰ ਚਿਰ ਦੀ ਇਸ ਅਸੀਸ ਥੋਂ ਨਿਰਾਸ ਹੀ ਰਹੀ, ਇੱਸੇ ਕਰਕੇ ਉਸ ਨਿਕਰਮਣ ਪ੍ਰਸੰਨੂ ਨੂੰ ਇਹ ਬੜਾ ਧੜਕਾ ਸੀ, ਜੋ ਕਿਤੇ ਉਸ ਦੇ ਭਰਤੇ ਦਾ ਹਿਤ ਨਾ ਘਟ ਜਾਵੇ॥

ਫੁਲ ਬਸੰਤ ਦਾ ਹਾਲ ਸੁਣੋ। ਇਹ ਜਦੁਨਾਥ ਦੀ ਛੋਟੀ ਭਰਜਾਈ ਵਿਧਵਾ ਸੀ। ਇਹ ੧੮ ਵਰਿਹਾਂ ਦੀ ਸੁੰਦਰ ਤੀਮੀਂ ਸੀ, ਡੀਲ ਡੌਲ ਵਿੱਚ ਲੰਮੀਂ, ਹੱਥ ਪੈਰ ਉਸ ਦੇ ਚੌਰਸ, ਅਰ ਅੱਖੀਆਂ ਮੋਟੀਆਂ ਮੋਟੀਆਂ ਸੀਆਂ, ਉਸ ਦੀ ਧੀਮੀਂ ਅਰ ਮਸਤ ਤੋਰ ਦੇ ਨਾਲ਼ ਲੋਕਾਂ ਦੇ ਮਨ ਵਿੱਚ ਵਡਿਆਈ ਅਰ ਪ੍ਰੇਮ ਉਤਪਤ ਹੁੰਦਾ ਸੀ, ਉਸ ਦੇ ਗਭਰੂ ਨੂੰ ਮੋਇਆਂ ਤਿੰਨ ਮਹੀਨੇ ਹੋਏ ਸੇ, ਇਸ ਕਰਕੇ ਉਹ ਦਾ ਮੂੰਹ ਬਹੁਤਾ ਕੁਮਲਾਇਆ ਰਹਿੰਦਾ ਸੀ, ਪਰ ਉਸ ਦੇ ਰੂਪ ਵਿੱਚ ਨਿਰਾਸਤਾ ਨਹੀਂ ਪਸਰੀ ਸੀ, ਜਿਸ ਤਰਾਂ ਇਸ ਦੇਸ ਦੀਆਂ ਵਿਧਵਾਂ ਤੀਮੀਆਂ ਵਿੱਚ ਬਹੁਤਾ ਦਿੱਸਦੀ ਹੈ। ਸਗੋਂ ਉਸ ਦੇ ਝਲਕ ਨਾਲ਼ ਉਹ ਦੇ ਮਨ ਦਾ ਧੀਰਜ ਮਲੂਮ ਹੁੰਦਾ ਸੀ, ਕਿੰਉ ਜੋ ਉਸ ਨੂੰ ਬਾਲਕ ਹੋਣ ਦੀ ਆਸ ਸੀ, ਜੋ ਉਸ ਦੇ ਰੰਡੇਪੇ ਦੇ ਅਨ੍ਹੇਰੇ ਦਾ ਦੀਵੇ ਵਰਗਾ ਚਾਨਣ ਕਰਨਵਾਲ਼ਾ ਹੋਵੇ, ਪਰ ਬਹੁਤਾ ਤਾਂ ਉਹ ਨੂੰ ਪੁਤ੍ਰ ਦੀ ਲੋੜ ਸੀ। ਇਹ ਕੋਈ ਅਚਰਜ ਗੱਲ ਹੈ, ਕਿੰਉ ਜੋ ਕੁੜੀ ਉਹ ਦੇ ਕੇਹੜੇ ਕੇਹੜੇ ਕੰਮ ਆਉਂਦੀ, ਥੋਹੜੇਂ ਹੀ ਵਰਿਹਾਂ ਵਿੱਚ ਉਸ ਥੋਂ ਵਿਛੜਨਾ ਪੈਂਦਾ, ਅਰ ਇਹ ਹੋਰ ਕੇਹੜਾ ਜਾਣਦਾ ਹੈ, ਜੋ ਉਸ ਕੁੜੀ ਨੂੰ ਛੋਕੜ ਕੇਹਾਕੁ ਦੁਖੀ ਅਰ ਇਕਲਿਆਂ ਰਹਿਣਾ ਪੈਂਦਾ। ਪਰ ਮੁੰਡਾ ਤਾਂ ਉੱਸੇ ਦਾ ਹੋਵੇਗਾ, ਜਿੰਨਾ

ਚਿਰ ਉਹ ਜੀਵੇਗੀ ਉਹ ਉਸ ਦੀ ਖਬਰ ਸੁਰਤ ਲਵੇਗਾ, ਉਸ ਨੂੰ ਪਾਲੇਗਾ, ਅਰ ਸਦਾ ਉਸੇ ਦੇ ਕੋਲ ਰਹੇਗਾ। ਉਸ ਦੀ ਨਿੱਕੀ ਜੇਹੀ ਵਹੁਟੀ ਉਸ ਦੀ ਨੂੰਹ ਬਣੇਗੀ, ਅਰ ਉਸ ਦੇ ਪੁਤ੍ਰਾਂ ਧੀਆਂ ਨੂੰ ਉਹ ਆਪਣੇ ਪੁਤ੍ਰਾਂ ਧੀਆਂ ਵਾਙੂੰ ਪਾਲੇਗੀ। ਅਜਿਹੇ ਹੀ ਮਨੋਰਥਾਂ ਵਿੱਚ ਉਹ ਬਸੰਤ ਦਿਨ ਬਿਤਾਉਂਦੀ, ਅਰ ਉਹ ਦੇਵਤਿਆਂ ਅੱਗੇ ਬਹੁਤ ਹੀ ਬੇਨਤੀਆਂ ਕਰਦੀ ਹੁੰਦੀ ਸੀ, ਜੋ ਉਸ ਦੀ ਪੁਤ੍ਰ ਦੀ ਕਾਮਨਾ ਪੂਰੀ ਹੋਵੇ॥

ਤਾਰਾਮਣੀ ਪੰਡਿਤ ਦੀ ਚਾਚੀ ਪੁਰਾਣੇ ਲੋਕਾਂ ਦੇ ਚਾਲਚੱਲਣ ਦੀ ਸੀ। ਉਹ ਬੁੱਢੀ ਤੀਮੀਂ, ਲੰਮੀਂ ਅਰ ਸਾਂਵਲੀ ਅਰ ਹਸਮੁਖ ਸੀ। ਉਸ ਦੀਆਂ ਅੱਖਾਂ ਜੋਤਨਾਂਵਾਲੀਆਂ, ਅਰ ਵਾਲ ਧੌਲੇ ਸਨ, ਉਹ ਸਾਰਿਆਂ ਲੋਕਾਂ ਨਾਲ ਮਿੱਠੀਆਂ ਗੱਲਾਂ ਬੋਲਦੀ, ਅਰ ਉਸ ਦਾ ਸੱਭੇ ਬੜਾ ਆਦਰ ਕਰਦੇ ਸੇ, ਅਰ ਉਸ ਥੋਂ ਸਾਰਿਆਂ ਦਾ ਕੰਮ ਸਵਰਦਾ ਸੀ। ਬਾਲਾਂ ਨਾਲ ਉਹ ਬਹੁਤ ਹੀ ਪਿਆਰ ਕਰੇ, ਅਜਿਹਾ, ਜੋ ਉਹ ਉਨ੍ਹਾਂ ਨਾਲ ਡਾਢਾ ਹੀ ਲਾਡ ਕਰਦੀ ਹੁੰਦੀ ਸੀ, ਉਸ ਨੂੰ ਸਭ ਲੋਕ ਬੜੀ ਪਵਿਤ੍ਰ ਜਾਣਦੇ ਹੁੰਦੇ ਸੇ, ਕਿੰਉ ਜੋ ਉਹ ਜਗਨਨਾਥ ਗਯਾ ਕਾਸ਼ੀ ਆਦਿ ਅਨੇਕਾਂ ਤੀਰਥਾਂ ਦੀ ਜਾਤ੍ਰਾ ਕਰ ਆਈ ਸੀ। ਉਹ ਅੱਠੀਂ ਪਹਿਰੀਂ ਇੱਕੋ ਵੇਲੇ ਭੋਜਨ ਕਰਦੀ, ਅਰ ਉਸ ਦਾ ਬਹੁਤ ਸਮਾ ਨੇਮਾਂ ਧਰਮਾਂ ਵਿੱਚ ਹੀ ਜਾਂਦਾ ਸੀ। ਸਾਰਾ ਪਰਿਵਾਰ, ਸਗਮਾਂ ਸਾਰਾ ਨਗਰ ਉਸ ਦੇ ਹੋਣ ਨਾਲ ਬੜਾ ਅਨੰਦ ਸੀ। ਬੁੱਢੀ ਵਿਧਵਾ ਹੋਣ ਦੇ ਕਾਰਨ ਉਹ ਸਭਨਾਂ ਗੁਆਂਢੀਆਂ ਦੇ ਘਰੀਂ ਆਇਆ ਜਾਇਆ ਕਰੇ, ਅਰ ਜਦ ਕਦੀ ਕੋਈ ਰੋਗੀ ਹੋਵੇ, ਤਾਂ ਪੰਡਿਤ ਦੀ ਚਾਚੀ ਸੱਦੀ ਜਾਂਦੀ, ਅਰ ਦੇਸੀ ਦਵਾਵਾਂ ਨਾਲ, ਜਿਨ੍ਹਾਂ ਨੂੰ ਉਹ ਚੰਗੀ ਤਰਾਂ ਜਾਣਦੀ ਸੀ, ਅਰ ਕਈ ਉਨ੍ਹਾਂ ਵਿੱਚ ਬਹੁਤ ਚੰਗੀਆਂ ਗੁਣਕਾਰ ਬੀ ਸਨ, ਉਹ ਰੋਗੀਆਂ ਨੂੰ ਚੰਗਾ

ਕਰਦੀ ਹੁੰਦੀ ਸੀ। ਝਗੜਿਆਂ ਵਿੱਚ ਬੀ ਉਹ ਨੂੰ ਪੈਂਚਣੀ ਬਣਾਉਂਦੇ ਅਰ ਉਸ ਦੀ ਸਲਾਹ ਨੂੰ ਜੋ ਅੱਗਾ ਪਿੱਛਾ ਵਿਚਾਰਕੇ ਉਹ ਦਿੰਦੀ, ਸਭ ਮੰਨਦੇ ਸੇ॥

ਉਨ੍ਹਾਂ ਦੀ ਟਹਿਲਨ ਦੂਰੇਡੇ ਸਾਕਾਂ ਵਿੱਚੋਂ ਇੱਕ ਰੰਡੀ ਤੀਮੀਂ ਸੀ। ਉਹ ਰਸੋਈ ਕਰਦੀ, ਪਾਣੀ ਭਰਦੀ, ਬਜਾਰ ਦਾ ਸੌਦਾ ਪੱਤਾ ਲਿਆਉਂਦੀ, ਅਤੇ ਘਰ ਦਾ ਬਾਹਰ ਦਾ ਜੋ ਕੋਈ ਕੰਮ ਹੋਵੇ, ਸਭ ਕਰਦੀ ਸੀ। ਉਸ ਨੂੰ ਸਭ ਚੰਗਾ ਜਾਣਦੇ, ਅਰ ਰੋਟੀ ਕੱਪੜੇ ਥੋਂ ਵਧੀਕ ਹੋਰ ਜੋ ਕੁਛ ਉਹ ਨੂੰ ਲੋੜ ਹੋਵੇ, ਉਸ ਦੀ ਟਹਿਲ ਦਾ ਫਲ ਸਭ ਉਸ ਨੂੰ ਚੰਗਾ ਮਿਲਦਾ ਸਾ। ਕਦੀ ਕਦੀ ਪੰਡਿਤ ਆਪਣੀ ਘਰਵਾਲੀ ਪੰਡਿਤਾਣੀ ਥੋਂ ਹਿਰਨੀ ਨੂੰ ।) ਚਾਰ ਆਨੇ ਨਿੱਜ ਦੇ ਖਰਚ ਵਾਸਤੇ ਬੀ ਦਿਵਾ ਦਿੰਦਾ ਹੁੰਦਾ ਸੀ॥

ਐਥੋਂ ਤੋੜੀ ਰਾਜਕੁਮਾਰ ਭਟਾਚਾਰਜ ਦੇ ਟੱਬਰ ਦੇ ਲੋਕਾਂ ਦੀ ਬਾਬਤ ਕਿਹਾ ਗਿਆ। ਹੁਣ ਘਰ ਦਾ ਹਾਲ ਸੁਣੋ। ਘਰ ਬੜਾ, ਦੋ ਮਜਲਾ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਜਿਸ ਵਿੱਚ ਦੋ ਚੌਂਕ ਸੇ। ਬੂਹਾ ਦੱਖਣ ਦੇ ਪਾਸੇ ਸੀ, ਉਧਰੋਂ ਲੰਘਕੇ ਸੱਜੀ ਵੱਲ ਨੂੰ ਇੱਕ ਕੋਠੀ ਨਜਰ ਆਉਂਦੀ ਸੀ, ਜਿੱਥੇ ਪਰਵਾਰ ਦਾ ਠਾਕੁਰ ਮੰਦਰ ਸੀ, ਅਰ ਕੰਧ ਦੇ ਵਿਚਕਾਰ ਜਾਲੇ ਵਿਖੇ ਇੱਕ ਬਿਡੌਲ ਜੇਹੀ ਮੂਰਤ ਧਰੀ ਹੋਈ ਸੀ, ਚੌਂਕ ਦੇ ਤਿੰਨੀ ਲਾਂਹਮੀਂ ਸੁਫਾ ਅਰ ਛੋਟੀਆਂ ਛੋਟੀਆਂ ਕੋਠੜੀਆਂ ਸਨ, ਜਿਨ੍ਹਾਂ ਦੇ ਬੂਹੇ ਸੁਫੇ ਵਿੱਚ ਖੁਲ੍ਹਦੇ ਸਨ। ਵੱਡੇ ਬੂਹੇ ਦੇ ਸਾਹਮਣੇ ਉਪਰਲੇ ਕੋਠੇ ਵਿੱਚ ਝਰਨਿਆਂਵਾਲੀਆਂ ਬਾਰੀਆਂ ਸਨ, ਜਿਨ੍ਹਾਂ ਵਿੱਚੋਂ ਤੀਮੀਆਂ, ਜਦ ਕੋਈ ਤਮਾਸ਼ਾ ਹੋਵੇ, ਤਾਂ ਵੇਹੜੇ ਵਿੱਚ ਚੰਗੀ ਤਰਾਂ ਵੇਖ ਸਕਦੀਆਂ ਸਨ। ਚੌਂਕ ਦੇ ਖੱਬੇ ਪਾਸੇ ਪੌੜੀਆਂ ਦੇ ਉੱਪਰ ਬੈਠਕ ਬਣੀ ਹੋਈ ਸੀ, ਅਰ ਘਰ ਦੇ ਇੱਕ ਪਾਸੇ ਇਸ ਸਿਰੇ ਥੋਂ ਉਸ ਸਿਰੇ ਤੋੜੀ ਸੀ। ਇੱਕ

Digitized by Panjab Digital Library | www.panjabdigilib.org

ਅਨੇਰਾ ਰਾਹ ਪੌੜੀਆਂ ਦੇ ਦੂਏ ਪਾਸੇ ਉਸ ਦੂਜੇ ਚੌਂਕ ਨੂੰ ਜੋ ਤੀਮਤਾਂ ਦਾ ਸੀ, ਜਾਂਦਾ ਸਾ। ਉਸ ਵੇਹੜੇ ਦੇ ਨਿਰਾ ਦੋਹੁੰ ਪਾਸੀਂ ਤਾਂ ਦੋ ਮਜਲਾ ਘਰ ਸੀ, ਬਾਕੀ ਦੇ ਪਾਸੇ ਸੰਧਜਾ ਵੇਲੇ ਟਹਿਲਨ ਦੇ ਵਾਸਤੇ ਥੜ੍ਹੇ ਬਣੇ ਹੋਏ ਸੇ। ਉਸ ਦੇ ਹੇਠਾਂ ਰਸੋਈ ਦਾ ਥਾਂ ਗਊਆਂ ਦਾ ਥਾਂ, ਅਰ ਦੋ ਤਿੰਨ ਕੋਠੜੀਆਂ ਅਸਬਾਬ ਦੇ ਵਾਸਤੇ ਬਣੀਆਂ ਹੋਈਆਂ ਸਨ, ਉਨ੍ਹਾਂ ਵਿੱਚੋਂ ਇੱਕ ਕੋਠੜੀ ਹਿਰਨੀ ਦੇ ਕੋਲ ਸੀ, ਜਿੱਥੇ ਉਸ ਦੀ ਆਪਣੀ ਚੀਜ ਵਸਤੂ ਪਈ ਸੀ। ਪਿਛਾਉੜੇ ਪਾਸਿਓਂ ਇੱਕ ਛੋਟੀ ਤਲਾਈ ਨੂੰ ਰਾਹ ਜਾਂਦਾ ਸੀ, ਅਰ ਉਹ ਤਲਾਈ ਛੋਟੇ ੨ ਫੁੱਲਾਂ ਦੇ ਬੂਟਿਆਂ ਨਾਲ ਘੇਰੀ ਹੋਈ ਸੀ। ਇਹ ਘਰ ਉੱਥੋਂ ਦੇ ਵਾਸੀਆਂ ਦੇ ਸੁਖ ਦੇ ਵਾਸਤੇ ਬਹੁਤ ਚੰਗਾ ਬਣਿਆ ਹੋਇਆ ਸੀ। ਜਦ ਪੰਡਿਤ ਅਰ ਉਸ ਦਾ ਭਰਾਉ ਘਰ ਵਿੱਚ ਰਹਿਣ, ਤਾਂ ਉਨ੍ਹਾਂ ਦਾ ਦਿਨ ਬੈਠਕ ਵਿੱਚ ਆਪਣੇ ਗੁਆਂਢੀਆਂ ਦੇ ਨਾਲ ਗੱਲਾਂ ਬਾਤਾਂ ਵਿਖੇ ਸੁਖਾਲਾ ਹੀ ਬੀਤ ਜਾਵੇ, ਕਿੰਉ ਜੋ ਇਸ ਵਿੱਚ ਗਦੇਲੇ ਅਰ ਤਕੀਏ ਲਿਤਾੜਨ ਨੂੰ ਪਏ ਹੋਏ ਸੇ, ਅਰ ਕੰਧਾਂ ਨਾਲ ਨਿਕੰਮੀਆਂ ਮੂਰਤਾਂ ਭੀ ਲਟਕੀਆਂ ਹੋਈ-ਆਂ ਸੀਆਂ, ਅਰ ਇੱਕ ਝਾੜ ਜੋ ਚਰੋਕਣਾ ਸੀ, ਅਰ ਬੜੇ ਬੜੇ ਉਤਸਾਹਾਂ ਵਿੱਚ ਜਗਾਇਆ ਜਾਂਦਾ ਸੀ, ਛੱਤ ਨਾਲ ਲਟਕਦਾ ਹੁੰਦਾ ਸੀ। ਤੀਮੀਆਂ ਇਸ ਬਾਹਰਲੇ ਕੋਠੇ ਵਿੱਚ ਬਹੁਤ ਘੱਟ ਆਉਂਦੀਆਂ ਸਨ, ਨਿਰੀ ਬੁੱਢੀ ਤਾਰਾਮਣੀ ਹੀ ਕਦੀ ਕਦੀ ਆਉਂਦੀ, ਅਰ ਆਪਣੇ ਭਤੀਜਿਆਂ ਨਾਲ ਗੱਲ ਬਾਤ ਕੀਤਾ ਕਰਦੀ, ਪਰ ਉਹ ਬੀ ਬਹੁਤਾ ਅੰਦਰਲੇ ਹੀ ਕੋਠੇ ਵਿੱਚੋਂ। ਸਵੇਰ ਵੇਲਾਂ ਤੀਮੀਆਂ ਦੇ ਨ੍ਹਾਉਣ ਧੋਣ ਅਰ ਘਰ ਦੇ ਕੰਮਾਂ ਧੰਧਿਆਂ ਵਿੱਚ ਅਰ ਹਿਰਨੀ ਦੇ ਨਾਲ ਰਸੋਈ ਪਕਾਉਣ ਵਿੱਚ ਬੀਤਦਾ, ਅਰ ਦੁਪਹਿਰ ਨੂੰ ਸਭ ਰੋਟੀ ਖਾ ਪੀ ਚੁੱਕਦੇ, ਅਰ ਇੱਕ ਦੋ ਬਜੇ

Digitized by Panjab Digital Library | www.panjabdigilib.org

ਛੋਂੜੀ ਸਭ ਕੰਮਾਂ ਥੋਂ ਵੇਹਲੀਆਂ ਹੁੰਦੀਆਂ। ਤਦ ਕੋਈ ਸੌਂ ਰਹਿੰਦੀ, ਅਰ ਕੋਈ ਆਪਣਾ ਗਹਿਣਾ ਕੱਪੜਾ ਸਵਾਰਨ ਦੇ ਵਿੱਚ ਲਗਦੀ, ਅਰ ਜੁਆਨ ਤ੍ਰੀਮਤਾਂ ਤਾਂ ਆਪਣੇ ਲੰਮੇਂ ਕਾਲੇਵਾਲਾਂ ਨੂੰ ਤੇਲ ਫੁਲੇਲ ਪਾਕੇ, ਆਪਣੇ ਹੀ ਖੁੱਲੇ ਲੰਮੇਂ ਕੇਸਾਂ ਦੀਆਂ ਗੁੰਦੀਆਂ ਹੋਈਆਂ ਮੇਢੀਆਂ ਦੇ ਨਾਲ਼ ਬੰਨਦੀਆਂ। ਅਜਿਹੇ ਕਾਲੇ ਲੰਮੇਂ ਕੇਸ ਅੰਗ੍ਰੇਜੀ ਤ੍ਰੀਮੀਆਂ ਦੀ ਤਾਂ ਮਨ ਦੀ ਸਿੱਕ ਦੇ ਅਨੁਸਾਰ ਹਨ। ਛੇ ਬਜਣ ਦੇ ਲਗਭਗ ਹਵਾ ਠੰਢੀ ਹੁੰਦੀ, ਅੱਠ ਨੌ ਬਜੇ ਤਕ ਪਕਾ-ਕੇ ਖਾ ਸਕਦੇ, ਅਰ ਤਦ ਚਾਨਣੀਆਂ ਰਾਤਾਂ ਵਿੱਚ ਤ੍ਰੀਮੀਆਂ ਥੜ੍ਹੇ ਉੱਤੇ ਬੈਠ ਰਹਿੰਦੀਆਂ, ਅਤੇ ਕਦੀ ਕਦੀ ਆਸ ਪਾਸ ਨਗਰ ਥੋਂ ਗੁਆਂਢਣਾਂ ਬੀ ਬੈਠਣ ਨੂੰ ਆ ਜਾਂਦੀਆਂ, ਅਰ ਗੱਲਾਂ ਬਾਤਾਂ, ਜਿਨਾਂ ਵਿੱਚ ਤ੍ਰੀਮੀਆਂ ਬਹੁਤਾ ਰਾਜੀ ਹੁੰਦੀਆਂ ਹਨ, ਬਖੇ-ੜੀਆਂ ਹੁੰਦੀਆਂ, ਅਰ ਵਿੱਚ ਵਿੱਚ ਕਦੀ ਅਪਸਰਾ ਅਰਥਾਤ ਪਰੀਆਂ ਦੀਆਂ ਕਹਾਣੀਆਂ ਬੀ ਕਹੀਆਂ ਜਾਂਦੀਆਂ। ਜਦ ਨੀਂਦਰ ਆਉਣ ਲਗ ਜਾਵੇ, ਤਦ ਇੱਕ ਇੱਕ ਜਣੀ ਸੁਫੇ ਨੂੰ ਜਾਂਦੀ, ਅਰ ਕੱਪੜਿਆਂ ਸਣੇ ਹੀ ਸੁਫੇ ਵਿੱਚ ਸੌਂ ਰਹਿੰਦੀ ਸੀ। ਸਿਆਲ ਦੀ ਰੁੱਤ ਵਿੱਚ ਸੁਫੇ ਨੂੰ ਛੱਡਕੇ ਅੰਦਰਲੀਆਂ ਕੋਠੜੀਆਂ ਵਿੱਚ ਜਾ ਸੌਂਦੀਆਂ ਸਨ, ਏਹ ਅੰਦਰਲੀਆਂ ਕੋਠੜੀਆਂ ਤਖਤਪੋਸ਼ ਅਰਥਾਤ ਕਾਠ ਦੇ ਪਲੰਘਾਂ ਨਾਲ਼ ਸਜੀਆਂ ਹੋਈਆਂ ਸਨ॥

ਪਿੰਜਰੇ ਦੇ ਪੰਛੀਆਂ ਦਾ ਜੀਉਣਾ ਇੱਕੋ ਜੇਹਾ ਹੁੰਦਾ ਹੈ। ਪਰ ਹਿੰਦੂ ਤ੍ਰੀਮੀਆਂ ਦਾ ਜੀਉਣਾ ਆਪਣੇ ਸੁਆਮੀ ਦੇ ਘਰ ਵਿੱਚ ਉਨਾਂ ਸਭਨਾਂ ਥੋਂ ਵਧੀਕ ਹੁੰਦਾ ਹੈ। ਜਿੰਨਾਂ ਚਿਰ ਉਹ ਇਞਾਣ-ਅਵਸਥਾ ਵਿੱਚ ਆਪਣੇ ਪੇਉਕੇ ਘਰ ਰਹਿੰਦੀ ਹੈ, ਓਨਾਂ ਚਿਰ ਤਾਂ ਉਹ ਆਂਢ ਗੁਆਂਢ ਅਰ ਨੇੜੇ ਦੇ ਪਿੰਡ ਵਿੱਚ ਜਾ ਸਕਦੀ ਹੈ, ਅਰ ਆਪਣੇ ਸੁਆਮੀ ਦੇ ਘਰ ਵਿੱਚ ਤਾਂ ਉਹ ਨਿਰਾ ਪੂਰੇ ਪੂਰੇ ਬੰਧੂਏ ਦੀ ਤਰਾਂ

Digitized by Panjab Digital Library | www.panjabdigilib.org

ਰਹਿੰਦੀ ਹੈ। ਉਸ ਦੇ ਦਿਨ ਘਰ ਦੇ ਕੰਮ ਧੰਧੇ ਕਰਦਿਆਂ ੨ ਬੀਤਦੇ ਹਨ, ਅਰ ਕਿਤੋਂ ਕੋਈ ਨਵੀਂ ਗੱਲ ਕਿਸੇ ਝਗੜੇ ਦੇ ਜਾਂ ਆਂਢ ਗੁਆਂਢ ਦੀਆਂ ਬੁੱਢੀਆਂ ਦੇ ਬਕਬਾਦ ਖੂਲੋਂ ਹੋਰ ਨਹੀਂ ਸੁਣੀ ਜਾਂਦੀ। ਜਨਮ ਦੇ ਬੰਧੂਏ ਦੇ ਜੀਉਣ ਨਾਲੋਂ ਅਜਿਹਾ ਉਦਾਸ ਅਰ ਨਿਰਾਸ ਅਰ ਇੱਕੋ ਜੇਹਾ ਪਸ਼ੂ ਰੂਪੀ ਜੀਉਣਾ ਹੋਰ ਕਿਸੇ ਦਾ ਨਹੀਂ॥

# ੨ ਕਾਂਡ॥

## ਬਸੰਤ ਦੀ ਆਸਾ ਦਾ ਬਰਨਨ।

ਇੱਕ ਛਨਿੱਛਰਵਾਰ ਦੀਆਂ ਤ੍ਰਿਕਾਲਾਂ ਨੂੰ ਜਦ ਪੰਡਿਤ ਅਰ ਉਸ ਦਾ ਭਰਾਉ ਘਰ ਵਲ ਆਉਂਦੇ ਸੇ। ਪ੍ਰਿਜਨਾਥ ਰੇਲ ਦੇ ਇਸਟੇਸਨ ਉੱਤੇ ਖੜੋਤਾ ਸੀ। ਉਹ ਇੱਕ ਵਧਾਈ ਦਾ ਸਨੇਹਾ ਲਿਆਇਆ ਹੋਇਆ ਸੀ, ਅਰ ਬਾਲਾਂ ਦੀ ਤਰਾਂ ਉਸ ਨੂੰ ਸੁਨਾਉਣ ਦੀ ਬੜੀ ਕਾਹਲੀ, ਜਿਵੇਂ ਉਸ ਨੇ ਉਨਾਂ ਨੂੰ ਗੱਡੀ ਥੋਂ ਲਹਿੰਦਿਆਂ ਡਿੱਠਾ, ਉਹ ਬੋਲ ਉੱਠਿਆ॥

ਛੋਟੀ ਚਾਚੀ ਨੂੰ ਕੱਲ ਪਰਭਾਤ ਵੇਲੇ ਮੁੰਡਾ ਜੰਮਿਆ ਹੈ॥

ਪੰਡਿਤ ਨੇ ਆਖਿਆ ਬਹੁਤ ਚੰਗਾ ਹੋਇਆ, ਕਿੰਉ ਜੋ ਸਾਡੇ ਮੋਏ ਹੋਏ ਵਿਚਾਰੇ ਭਰਾਉ ਦੇ ਨਾਉਂ ਚੇਤੇ ਕਰਨ ਨੂੰ ਇੱਕ ਮੁੰਡਾ ਹੋ ਪਿਆ ਹੈ, ਪਰ ਹੇ ਪ੍ਰਿਜਨਾਥ ਉਹ ਮੁੰਡਾ ਕੇਹੋ ਜੇਹਾ ਹੈ॥

ਆਹਾ ਹਾ ਪਿਤਾ ਜੀ ਉਹ ਤਾਂ ਬੜਾ ਸੋਹਣਾ ਮੁੰਡਾ ਹੈ, ਉਸ ਦੀ ਝੰਡ ਦੇ ਕਾਲੇ ਕਾਲੇ ਵਾਲ ਚਮਕਨ ਵਾਲੀਆਂ ਅੱਖਾਂ ਅਰ ਗੋਰਾ ਗੋਰਾ ਮੂੰਹ ਹੈ॥

ਉਸ ਦੀ ਮਾਂ ਦੀ ਕੋਈ ਰੱਤੀ ਗੱਲ ਬੀ ਨਾ ਛਿੜੀ। ਉਸ ਦੀ ਚਿੰਤਾ ਕਰਨ ਦੀ ਉਨਾਂ ਨੇ ਕੁਛ ਲੋੜ ਨਾ ਸਮਝੀ॥

Digitized by Panjab Digital Library | www.panjabdigilib.org

ਐਨੇ ਵਿੱਚ ਓਹ ਦੋਵੇਂ ਭਰਾਉ ਘਰ ਦੀ ਵੱਲ ਚੱਲੇ, ਮਗਰ ਮਗਰ ਗਹਿਰ ਗੰਭੀਰ ਪ੍ਰੇਮਚੰਦ ਅਰ ਹਸਮੁਖ ਪ੍ਰਿਯਨਾਥ ਤੁਰ ਪਏ। ਪ੍ਰੇਮਚੰਦ ਆਪਣੇ ਛੋਟੇ ਭਰਾਉ ਪ੍ਰਿਯਨਾਥ ਦੇ ਜੀ ਪਰਚਾਉਣ ਨੂੰ ਆਪਣੇ ਗੰਭੀਰਪੁਣੇ ਨੂੰ ਛੱਡਕੇ ਉਹ ਦੇ ਨਾਲ਼ ਦੌੜਨ ਲਈ ਉਮ-ਗਿਆ। ਇਹ ਮਨ ਦੇ ਲੁਭਾਉਣਹਾਰੀ ਫੱਗਣ ਮਹੀਨੇ ਦੀ ਸੰਧਿ-ਆ ਸੀ। ਮਿੱਠੀ ੨ ਪੌਣ ਠੰਢੀ ਕੂਲ੍ਹੀ ਵਗਦੀ ਸੀ, ਅਕਾਸ਼ ਕੁਛ ਕੁਛ ਨਿਰਮਲ ਅਰ ਨੀਲਾ ਸਾ, ਬੱਦਲਾਂ ਦੇ ਟੋਟੇ ਚਾਂਦੀ ਦੇ ਥਾਨਾਂ ਵਾਙੂੰ ਸੂਰਜ ਦੀ ਜੋਤ ਨਾਲ਼ ਚਮਕਦੇ ਹੋਏ ਕਿਤੇ ਕਿਤੇ ਖਿੰਡ ਰਹੇ ਸੇ। ਅੰਬਾਂ ਦੇ ਬ੍ਰਿਛ ਬੂਰ ਅਰ ਕਲੀਆਂ ਦੇ ਨਾਲ਼ ਲੱਦੇ ਹੋਏ ਝੂਲਦੇ ਸੇ, ਅਰ ਸੁਗੰਧਤਾ ਦੀ ਮਹਿਕ ਨਾਲ਼ ਪੌਣ ਭਰੀ ਹੋਈ ਸੀ, ਹਰ ਇਕ ਬ੍ਰਿਛ ਵਿੱਚ ਕਲੀ ਪੁੰਗਰੀ ਹੋਈ, ਅਤੇ ਕੂਲੇ ਕੂਲੇ ਹਰੇ ਅੰਗੂਰ ਸਭ ਥੋਂ ਅਲੇਖੀ ਸੋਭਾ ਦੇ ਰਹੇ ਸੇ, ਅਰ ਵਿੱਚ ਵਿਚਕਾਰ ਕੋਇਲ ਦੀ ਕੂਕ ਬਨਦੇਵਤਾ ਦੀ ਬੋਲੀ ਵਰਗੀ ਸੁਣਾਈ ਦਿੰਦੀ ਸੀ, ਸੱਚ ਮੁੱਚ ਇਹ ਵੇਲਾ ਸੁੰਦਰਤਾਈ ਦਾ ਹੀ ਸੀ, ਕੁਛ ਅਚਰਜ ਨਹੀਂ, ਜੇ ਸਭ ਥੋਂ ਮਿੱਠਾ, ਅਰ ਸਾਰਿਆਂ ਵਿੱਚੋਂ ਪ੍ਰਚਲਿਤ ਬੰਗਾਲੀ ਵਿੱਚ ਤੀਮੀਆਂ ਦਾ ਨਾਉਂ ਬਸੰਤ ਹੀ ਹੁੰਦਾ ਹੋਵੇ, ਅਰ ਇਹੋ ਨਾਉਂ ਸਾਰੇ ਵਰਹੇ ਦੀ ਮਨਭਾਉਂਦੀ ਰੁੱਤ ਦਾ ਹੈ॥

ਜਦ ਓਹ ਘਰ ਦੇ ਅੰਦਰਲੀ ਕੋਠੜੀ ਵਿੱਚ ਗਏ, ਤਾਂ ਕੁਮਾਰੀ ਆਪਣੇ ਭਰਤੇ ਦੇ ਅੱਗੇ ਆਕੇ ਆਖਣ ਲੱਗੀ, ਭਲਾ ਪ੍ਰਿਯਨਾਥ ਨੈ ਤੁਹਾ ਨੂੰ ਕੋਈ ਵਧਾਈ ਦੀ ਖਬਰ ਸੁਣਾਈ ਹੈ?

ਉਸ ਨੈ ਆਖਿਆ ਹਾਂ, ਮੁੰਡਾ ਤਾਂ ਦਿਖਾਓ।

ਉਹ ਉਨ੍ਹਾਂ ਨੂੰ ਛੋਟੇ ਛੱਪਰ ਵਿੱਚ ਜੋ ਵੇਹੜੇ ਵਿੱਚ ਬਣਿਆ ਹੋਇਆ ਸੀ, ਲੈ ਗਈ, ਅਰ ਫੂਹੜੀ ਦੇ ਪੜਦੇ ਨੂੰ ਚੁੱਕਕੇ ਅੰਦਰ-ਲੀ ਵੱਲ ਵਿਖਾਇਆ। ਉੱਥੇ ਡਾਢੀ ਭੀੜੀ ਕੋਠੜੀ ਵਿੱਚ ਜੋ

ਬੱਕਰੀ ਦੇ ਬਹਿਲ ਜੋਗੀ ਬੀ ਨਹੀਂ ਸੀ, ਭੁਇੰ ਉੱਤੇ ਬਸੰਤੋ ਵਿਚਾਰੀ ਬੈਠੀ ਸੀ। ਲਿੱਸੀ ਬਹੁਤ ਹੋਈ ੨ ਸੀ, ਪਰ ਮੁੰਡਾ ਝੋਲੀ ਵਿੱਚ ਲੈਕੇ ਬੜੇ ਚਾਉ ਵਿੱਚ ਬੈਠੀ ਸੀ, ਅਤੇ ਉਸ ਦੇਸ ਦੀ ਰੀਤ ਅਨੁਸਾਰ ਉਸ ਦੇ ਕੋਲ ਬਹੁਤ ਸਾਰੀ ਅੱਗ ਪਈ ਬਲਦੀ ਸੀ। ਪੰਡਿਤ ਅਰ ਉਸ ਦਾ ਭਰਾਉ ਉਸ ਵਿਚਾਰੀ ਨਾਲ ਬੜੀ ਦਇਆ ਕਰਕੇ ਬੋਲੇ, ਅਰ ਉਸ ਵਿਚਾਰੇ ਅਞਾਣੇ ਨੀਂਗਰ ਦੇ ਹੱਥ ਵਿੱਚ ਇੱਕ ਇੱਕ ਸੋਨੇ ਦੀ ਮੋਹਰ ਦਿੱਤੀ, ਅਰ ਬਸੰਤ ਆਪਣੇ ਬੱਚੇ ਸਣੇ ਉਸ ਅੱਗ ਦੇ ਕੋਲ ਇਕੱਲੀ ਹੀ ਬੈਠੀ ਰਹੀ॥

ਇੱਕ ਸਾਤੇ ਤੋੜੀ ਤਾਂ ਉਹ ਰਾਤ ਦਿਨ ਉੱਸੇ ਅਨ੍ਹੇਰੀ ਕੋਠੜੀ ਵਿੱਚ ਬੈਠੀ ਰਹੀ। ਧੁੱਪ ਦਾ ਝਲਕਾਰ ਕਦੀ ਕਦੀ ਨਜਰ ਪਵੇ, ਜਦ ਦਾਈ ਅੰਦਰ ਆਵੇ, ਤਾਂ ਜਿਸ ਕਾਸੇ ਦੀ ਲੋੜ ਹੋਵੇ, ਉਹ ਨੂੰ ਦੇ ਜਾਵੇ। ਅੱਠਾਂ ਦਿਨਾਂ ਪਿੱਛੋਂ ਉਹ ਨੂੰ ਛੱਪਰੋਂ ਬਾਹਰ ਆਉਣ ਦਿੱਤਾ, ਅਰ ਉਹ ਬਾਲ ਨੂੰ ਸੁਫੇ ਵਿੱਚ ਧੁੱਪ ਸਿਕਾਉਣ ਲਿਆਈ। ਉਸ ਨੀਂਗਰ ਦੇ ਲਈ ਤੀਲਾਂ ਦਾ ਪੰਘੂੜਾ ਬਣਿਆਂ ਹੋਇਆ ਸੀ। ਨਿੱਤ ਉਹ ਨੂੰ ਰਾਈ ਦਾ ਤੇਲ ਮਲਕੇ ਉਸ ਪੰਘੂੜੇਂ ਵਿੱਚ ਧੁੱਪ ਸਿਕਾਉਣ ਲਈ ਪਾ ਦਿੰਦੇ। ਬਸੰਤ ਨਾ ਤਾਂ ਕਿਸੇ ਕੋਠੜੀ ਵਿੱਚ ਜਾ ਸਕੇ, ਅਤੇ ਨਾ ਕੁਛ ਘਰ ਦਾ ਕੰਮ ਕਰੇ। ਮੁੰਡੇ ਨੂੰ ਘਰ ਦੇ ਸਭ ਲੋਕ ਝੋਲੀ ਵਿੱਚ ਲੈਂਦੇ, ਅਰ ਗਲ ਨਾਲ ਲਾਉਂਦੇ ਸੇ, ਪਰ ਉਹ ਦੀ ਮਾਂ ਨਾਲ ਛੋਹਣ ਨੂੰ ਬੜਾ ਔਗੁਣ ਮੰਨਦੇ ਸੇ। ਨਿੱਕੀ ਕਾਮਿਨੀ ਉੱਸੇ ਦਿਨ ਬਸੰਤ ਦੇ ਗਲ ਲੱਗੀ, ਜਿਸ ਦਿਨ ਉਹ ਛੱਪਰ ਤੇ ਬਾਹਰ ਆਈ। ਅਰ ਮੁੰਡੇ ਨੂੰ ਤੁਰਤ ਨੁਵਾਇਆ, ਜੋ ਉਸ ਦੀ ਭਿੱਟ ਨਿਕਲ ਜਾਏ, ਪਰ ਬਸੰਤੋ ਰੀਤ ਦੇ ਅਨੁਸਾਰ ਅਪਵਿਤ੍ਰ ਸੀ, ਕਿੰਉ ਜੋ ਇੱਕੀਹਾਂ ਦਿਨਾਂ ਤੋੜੀ ਉਸ ਦਾ ਸੂਤਕ ਨਹੀਂ ਨਿਕਲ ਸਕਦਾ ਸੀ। ਬੜਾ ਅਚਰਜ ਹੈ, ਜੋ ਹਿੰਦੂਆਂ

Digitized by Panjab Digital Library | www.panjabdigilib.org

ਵਿੱਚ ਬੀ ਜਹੂਦੀਆਂ ਦੀਆਂ ਕਈ ਪੁਰਾਣੀਆਂ ਰੀਤਾਂ ਵਰਤੀਆਂ ਜਾਂਦੀਆਂ ਹਨ। ਇੱਕੀਹਾਂ ਦਿਨਾਂ ਤੋੜੀ ਬਸੰਤ ਧੁੱਪੇ ਆਪਣੇ ਮੁੰਡੇ ਦੇ ਕੋਲ ਬੈਠੀ ਮੱਛਰ ਮੱਖੀਆਂ ਨੂੰ ਹਟਾਉਂਦੀ ਰਿਹਾ ਕਰੇ, ਅਰ ਰਾਤ ਨੂੰ ਆਪਣੇ ਮੁੰਡੇ ਸਣੇ ਉੱਸੇ ਛੱਪਰ ਵਿੱਚ ਸੌਂ ਰਹੇ। ਅਜਿਹੇ ਹਾਲ ਵਿੱਚ ਬੀ ਉਹ ਬੜੇ ਅਨੰਦ ਵਿਖੇ ਸੀ, ਕਿੰਉ ਜੋ ਉਸ ਦੇ ਮੁੰਡਾ ਹੋ ਪਿਆ ਸੀ, ਕਿ ਜਿਸ ਨੂੰ ਉਹ ਨਿਰਾ ਆਪਣਾ ਹੀ ਆਖ ਸਕਦੀ ਸੀ, ਅਰ ਹੋਰ ਕੋਈ ਉਸ ਉੱਤੇ ਕੁਛ ਨਹੀਂ ਬੋਲ ਸਕਦਾ ਸੀ। ਮੁੰਡੇ ਜੰਮਣ ਥੋਂ ਇੱਕੀਹਵਾਂ ਦਿਨ ਬੜੇ ਉਤਸਾਹ ਦਾ ਹੋਇਆ, ਬਸੰਤ ਦਾ ਸੂਤਕ ਨਿੱਕਲ ਗਿਆ। ਸੂਤਕ ਕੱਢਣ ਦੀ ਰੀਤ ਵੱਖਰੀ ਹੀ ਸੀ, ਜੋ ਉਸ ਦੇ ਨਹੁੰ ਲਾਹੇ ਗਏ, ਅਰ ਵਾਲਾਂ ਦੀ ਜੂੜੀ ਕੀਤੀ ਗਈ, ਅਰ ਉਹ ਅਲਾਣੀ ਪਾਲਕੀ ਦੇ ਵਿੱਚ ਬੈਠਕੇ ਛਿਆਂ ਮੀਲਾਂ ਦੀ ਵਿੱਥ ਉੱਤੇ ਨਦੀ। ਨਾਉਣ ਨੂੰ ਗਈ। ਪਾਲਕੀ ਚੁੱਕਣਵਾਲੇ ਕਹਾਰ ਪਾਲਕੀ ਚੁੱਕੀ ਜਿੱਥੋਂ ਤੋੜੀ ਜਾ ਸਕਦੇ ਸੇ, ਨਦੀ ਵਿੱਚ ਤੁਰੇ ਗਏ, ਅਰ ਸੁੱਚਾ ਪਾਣੀ ਉਸ ਪਾਲਕੀ ਦੇ ਚਹੁੰਵਾਂ ਪਾਸਿਆਂ ਥੋਂ ਅੰਦਰ ਆਇਆ, ਅਰ ਜਦ ਉਹ ਚੰਗੀ ਤਰਾਂ ਭਿੱਜ ਗਈ, ਤਾਂ ਉੱਸੇ ਤਰਾਂ ਗਿੱਲੇ ਕੱਪੜਿਆਂ ਨਾਲ ੬ ਮੀਲ ਮੁੜਕੇ ਆਈ, ਅਰ ਉਸ ਇਸਨਾਨ ਦਾ ਅਜਿਹਾ ਮਹਾਤਮ ਸਮ-ਝਿਆ ਗਿਆ, ਜੋ ਉਹ ਉੱਸੇ ਵੇਲੇ ਥੋਂ ਰੀਤ ਦੇ ਅਨੁਸਾਰ ਸੁਚ ਪਵਿਤ੍ਰ ਗਿਣੀ ਗਈ, ਅਰ ਗੁਆਂਢੀਆਂ ਨੂੰ ਭਾਂਤ ਭਾਂਤ ਦੀਆਂ ਮਠਿਆਈਆਂ ਖੁਵਾਈਆਂ। ਉੱਸੇ ਦਿਨ ਸੁਸਤਿ ਦੇਵੀ ਦੀ ਪੂਜਾ ਕੀਤੀ ਗਈ, ਜਿਸ ਵਿੱਚ ਪੰਡਿਤ ਜੀ ਆਪ ਹੀ ਪਰਧਾਨ ਸੇ। ਹੁਣ ਬਸੰਤ ਨੂੰ ਕਿਸੇ ਤਰਾਂ ਦਾ ਕੋਈ ਅਟਕਾ ਨਾ ਰਿਹਾ, ਘਰ ਵਿੱਚ ਜਿੱਥੇ ਚਾਹੇ, ਉੱਥੇ ਜਾ ਸਕਦੀ ਸੀ। ਪ੍ਰਸੰਨੂ ਬੀ ਬੜੀ ਪਰਸਿੰਨ ਸੀ, ਕਿੰਉ ਜੋ ਉਸ ਦੇ ਮਿਲਾਪੜੇ ਸੁਭਾਉ ਦੇ ਅਨੁਸਾਰ

Digitized by Panjab Digital Library | www.panjabdigilib.org

ਇਹ ਗੱਲ ਬਹੁਤ ਹੀ ਅਲਹੋਣੀ ਸੀ, ਜੋ ਉਹ ਆਪਣੇ ਚਿੱਤ ਦੇ ਹਿਤ ਨੂੰ ਰੋਕ ਸਕੇ। ਬਸੰਤ ਬੀ ਬੜੇ ਅਨੰਦ ਵਿੱਚ ਸੀ, ਕਿਉਂ ਜੋ ਉਹ ਘਰ ਦੇ ਕੰਮਾਂ ਵਿੱਚ ਸਾਂਝੀ ਹੁੰਦੀ ਸੀ ॥

ਦਿਨੋ ਦਿਨ ਉਹ ਮੁੰਡਾ ਵਧਦਾ ਗਿਆ। ਹਿੰਦੂਆਂ ਦੇ ਬਾਲਕ ਨੰਗੇ ਰਹਿਣ ਦੇ ਕਾਰਨ ਅੰਗ੍ਰੇਜੀ ਬਾਲਕਾਂ ਨਾਲੋਂ ਛੇਤੀ ਹੀ ਹੱਥਾਂ ਪੈਰਾਂ ਦੇ ਵਧੀਕ ਤਕੜੇ ਹੋ ਜਾਂਦੇ ਹਨ। ਪੁਰਾਣੀ ਚਾਲ ਦੇ ਅਨੁ-ਸਾਰ ਅੰਦਰਲੀ ਕੋਠੜੀ ਦੇ ਮੁਢੇ ਵਿੱਚ ਇੱਕ ਪੰਘੂੜਾ ਅੱਡਿਆ ਹੋਇਆ ਸੀ, ਇਹ ਮੋਟੀ ਜਾਲੀ ਦੇ ਨਾਲ ਉਣਿਆ ਹੋਇਆ, ਅਰ ਦੋ ਰੱਸਿਆਂ ਦੇ ਨਾਲ ਛੱਤ ਵਿੱਚ ਟੰਗਿਆ ਹੋਇਆ ਲਟਕ-ਦਾ ਸੀ। ਉਸ ਜਾਲੀ ਵਿੱਚ ਗੱਦੀ ਵਿੱਛਰੀ ਹੋਈ ਸੀ, ਅਰ ਰੰਗ ਰੰਗੀਲੇ ਖਿੱਦੂਆਂ ਦਾ ਗੁੱਛਾ ਦੋਹਾਂ ਰੱਸਿਆਂ ਦੇ ਵਿਚਕਾਰ ਲਟਕ ਰਿਹਾ ਸੀ। ਇਸ ਪੰਘੂੜੇ ਵਿੱਚ ਝੂਟਾਕੇ ਨਿੱਤ ਮੁੰਡੇ ਨੂੰ ਸੁਵਾਉਂਦੇ ਸੇ। ਥੋਹੜੇ ਹੀ ਦਿਨਾਂ ਵਿੱਚ ਉਹ ਹੱਥ ਪੈਰ ਹਿਲਾਉਣ ਅਰ ਹੱਸਣ ਲੱਗਾ, ਅਰ ਥੋਹੜੇ ਚਿਰ ਵਿੱਚ ਹੀ ਆਪਣੀ ਮਾਂ ਨੂੰ ਸਿਞਾ-ਣਨ ਲਗ ਪਿਆ, ਜਿਧਰ ਉਹ ਜਾਵੇ, ਉੱਸੇ ਪਾਸੇ ਆਪਣੀਆਂ ਕਾਲੀਆਂ ਸੋਹਣੀਆਂ ਅੱਖਾਂ ਨਾਲ ਤੱਕੇ। ਆਹਾ ਹਾ ਬਸੰਤ ਵਿਚਾਰੀ ਆਪਣੇ ਮੁੰਡੇ ਨਾਲ ਕਿੰਨਾ ਪਿਆਰ ਕਰਦੀ ਸੀ, ਉਸ ਦਾ ਸਾਰਾ ਤਨ ਮਨ ਉੱਸੇ ਮੁੰਡੇ ਵਿੱਚ ਭਿੱਜਾ ਹੋਇਆ ਸੀ। ਉਸ ਦਾ ਆਪਣੇ ਮੁੰਡੇ ਨਾਲ ਬੜਾ ਮੋਹ ਸੀ। ਕੁਮਾਰੀ, ਜਾਂ ਪ੍ਰਸੰਨੂ ਜਦ ਉਹ ਨੂੰ ਝੋਲੀ ਵਿੱਚ ਲੈਣ, ਤਦ ਬਸੰਤ ਬੜੇ ਧਿਆਨ ਨਾਲ ਆਪਣੇ ਮੁੰਡੇ ਦੀ ਵੱਲ ਵੇਖਦੀ ਰਹੇ। ਪ੍ਰਿਯਨਾਥ ਉਹ ਦੀ ਖੁਸ਼ੀ ਦਾ ਕਾਲ ਸੀ। ਉਹ ਛੇਤੀ ਨਾਲ ਆਕੇ ਮੁੰਡੇ ਨੂੰ ਖੋਹੁੰਦਾ, ਅਰ ਉਹ ਦੀ ਮਾਂ ਨੂੰ ਖਿਝਾਉਣ ਦੇ ਲਈ ਮੁੰਡੇ ਨੂੰ ਲੈ ਭੱਜਦਾ ਸੀ। ਉਸ ਵੇਲੇ ਜਦ ਬਸੰਤ ਡਾਢੀ ਛਿੱਥੀ ਹੋਵੇ, ਤਾਂ ਪ੍ਰਿਯਨਾਥ ਤਾਰਾ-

Digitized by Panjab Digital Library | www.panjabdigilib.org

ਮਲੀ ਦੀ ਝੋਲੀ ਵਿੱਚ ਲੁਕ ਜਾਵੇ। ਉਹ ਦੀ ਮਾਂ ਉਸ ਨੂੰ ਬਹੁਤ ਹੀ ਘੁਰਕੇ, ਪਰ ਤਾਰਾਮਲੀ ਉਸ ਨੂੰ ਝੋਲੀ ਵਿੱਚ ਲੁਕਾ ਹੀ ਲਵੇ, ਅਰ ਫੇਰ ਤਾਂ ਪ੍ਰਿਯਨਾਥ ਨੂੰ ਕੋਈ ਕੁਛ ਬੀ ਨਹੀਂ ਕਹਿ ਸਕਦਾ ਸੀ। ਉਸ ਛੋਟੇ ਜਿਹੇ ਮੋਏ ਪਿਉ ਦੇ ਪੁਤ੍ਰ ਨਾਲ਼ ਸੱਭੇ ਪਿਆਰ ਕਰਦੇ ਸੇ। ਪੰਡਿਤ ਹਰ ਛਨਿੱਛਰ ਦੀਆਂ ਤ੍ਰਿਕਾਲ਼ਾਂ ਨੂੰ ਜਦ ਘਰ ਆਉਂਦਾ, ਅਤੇ ਜਦ ਆਂਢੀਆਂ ਗੁਆਂਢੀਆਂ ਦੇ ਨਾਲ਼ ਗੱਲ ਬਾਤ ਕਰਨ ਲਈ ਜਾਂਦਾ, ਤਾਂ ਉਸ ਮੁੰਡੇ ਨੂੰ ਕੁਛੜ ਚੁੱਕਕੇ ਆਪਣੇ ਨਾਲ਼ ਹੀ ਲੈ ਜਾਂਦਾ ਹੁੰਦਾ ਸੀ। ਉਹ ਆਪਣੇ ਭਰਾਉ ਨੂੰ ਬੜਾ ਪਿਆਰਾ ਮੰਨਦਾ ਸੀ, ਅਤੇ ਇਸ ਮੁੰਡੇ ਦੇ ਹੋਣ ਕਰਕੇ ਉਹ ਆਪਣੇ ਭਰਾਉ ਨੂੰ ਜੀਉਂਦਾ ਹੀ ਜਾਣਦਾ ਸੀ। ਉਸ ਨੈ ਬਸੰਤ ਨੂੰ ਆਖ ਛੱਡਿਆ ਸੀ, ਜੋ ਇਸ ਛੋਟੇ ਮੁੰਡੇ ਨੂੰ ਮੈਂ ਸਭਨਾਂ ਗੱਲਾਂ ਵਿੱਚ ਆਪਣੇ ਪੁਤ੍ਰਾਂ ਵਰਗਾ ਜਾਣਾਂਗਾ, ਅਰ ਉਹ ਹਰ ਗੱਲ ਵਿੱਚ ਮੈ ਨੂੰ ਪ੍ਰੇਮਚੰਦ ਅਰ ਪ੍ਰਿਯਨਾਥ ਵਰਗਾ ਹੀ ਹੈ। ਕੋਈ ਛਨਿੱਛਰ ਅਜਿਹਾ ਨਹੀਂ ਬੀਤਦਾ ਸੀ, ਜਿਸ ਦਿਨ ਪੰਡਿਤ ਉਸ ਮੁੰਡੇ ਦੇ ਲਈ ਕੋਈ ਸੋਹਣਾ ਖਿਡਾਉਣਾ, ਜਾਂ ਲਾਲ ਚਮਕੀਲੇ ਖਿਦੋ, ਜਾਂ ਸੋਹਣਾ ਹਰਿਆ ਤੋਤਾ, ਜਾਂ ਚਿਤ੍ਰ ਬਚਿਤ੍ਰ ਰੰਗੀਲਾ ਮਿੱਟੀ ਦਾ ਘੋੜਾ, ਜਾਂ ਕੱਪੜੇ ਦੀ ਗੁੱਡੀ, ਜਾਂ ਹੋਰ ਹੀ ਕੋਈ ਵਸਤ, ਜੋ ਉਸ ਨੂੰ ਘਰ ਆਉਂਦੀ ਵੇਰੀ ਮਿਲ ਗਈ, ਅਰ ਉਹ ਨਾ ਲਿਆ-ਇਆ ਹੋਵੇ। ਇੱਸੇ ਤਰਾਂ ਛੇ ਮਹੀਨੇ ਬੀਤੇ, ਅਰ ਮੁੰਡੇ ਦੇ ਨਾਉਂ ਰੱਖਣ ਦਾ ਦਿਨ ਆਇਆ, ਇਹ ਬੜੇ ਉਤਸਾਹ ਦਾ ਅਰ ਆਨੰਦ ਦਾ ਦਿਨ ਸੀ। ਇੱਕ ਬ੍ਰਾਹਮਣ ਜੋਤਸੀ ਸੱਦਿਆ, ਪੰਡਿਤ ਨੈ ਜਨਮ ਦਾ ਦਿਨ ਘੜੀ ਅਰ ਮਹੂਰਤ ਉਹ ਨੂੰ ਦੱਸਿਆ, ਤਦ ਜੋਤਸੀ ਨੈ ਉਸ ਮੁੰਡੇ ਦੀ ਜਨਮ ਕੁੰਡਲੀ ਬਣਾਈ, ਅਰ ਉਹ ਪਤ੍ਰਾ ਪੰਡਿਤ ਦੇ ਹੱਥ ਦਿੱਤਾ, ਕਿਉਂ ਜੋ ਮੁੰਡੇ ਦਾ ਮਾਲਿਕ

Digitized by Panjab Digital Library | www.panjabdigilib.org

ਉਹੋ ਹੀ ਹੈਗਾ ਸੀ। ਬ੍ਰਾਹਮਣ ਨੂੰ ਪੰਜ ਰੁਪਏ ਦੱਖਣਾ ਮਿਲੀ। ਬਸੰਤ ਨੂੰ ਆਪਣੇ ਮੁੰਡੇ ਦੇ ਲੇਖ ਭਾਗ ਜਾਣਨ ਦੀ ਬੜੀ ਅਭਿ-ਲਾਖਾ ਸੀ, ਅਰ ਉਸ ਨੈ ਇੱਕ ਅਚਰਜ ਕਥਾ ਸੁਣੀ ਹੋਈ ਸੀ, ਜੋ ਬਾਲਕ ਦੇ ਜੰਮਣ ਥੋਂ ਛੇਵੇਂ ਦਿਨ, ਜਿਸ ਨੂੰ ਛਠੀ ਰਾਤ ਆਖਦੇ ਹਨ, ਅਚੇਤ ਬਾਲਕ ਦੇ ਕੋਲ ਕੋਈ ਦੇਵਤਾ ਅਰਥਾਤ ਵਿਧਮਾਤਾ ਆਉਂਦੀ ਹੈ, ਅਰ ਉਸ ਦੀ ਪਰਾਲਬਧ ਕਰਮਰੇਖ ਉਸ ਦੇ ਮੱਥੇ ਉੱਤੇ ਲਿਖ ਦਿੰਦੀ ਹੈ। ਇਸ ਕਥਾ ਦੀ ਪਰਤੀਤ ਉੱਤੇ ਇੱਕ ਹੋਰ ਕਥਾ ਵਾਚਦੇ ਸੇ। ਕਿਸੇ ਰਾਜੇ ਦਾ ਪਰਸੰਗ ਆਖਦੇ ਹਨ, ਜੋ ਉਹ ਇੱਕ ਦਿਨ ਸ਼ਿਕਾਰ ਨੂੰ ਗਿਆ, ਅਰ ਕਿਸੇ ਤਰਾਂ ਆਪਣੇ ਸਾਥੀਆਂ ਨਾਲੋਂ ਵਿੱਛੜ ਗਿਆ, ਜਦ ਰਾਤ ਪੈ ਗਈ, ਤਾਂ ਉਸ ਨੈ ਕਿਸੇ ਬੰਗਾਲੀ ਦੇ ਘਰ ਵਸੇਰਾ ਕੀਤਾ। ਉਸ ਮਨੁੱਖ ਨੈ ਉਹ ਨੂੰ ਆਪਣੇ ਘਰ ਵਿੱਚ ਰਹਿਣ ਦਿੱਤਾ, ਅਰ ਜੋ ਜੋ ਵਸਤ ਉਸ ਦੇ ਘਰ ਵਿੱਚ ਤਿਆਰ ਪਈ ਸੀ, ਉਹ ਦੇ ਅੱਗੇ ਲਿਆ ਰੱਖੀ। ਉਸ ਦੀ ਵਹੁਟੀ ਨੂੰ ਮੁੰਡਾ ਜੰਮਿਆ ਹੋਇਆ ਸੀ, ਅਰ ਉਹ ਛਠੀ ਰਾਤ ਸੀ। ਰਾਜਾ ਨੂੰ ਉਸ ਰਾਤ ਵਿਛਾਉਣੇ ਦੇ ਨਾ ਹੋਣ ਕਰਕੇ ਅਤੇ ਓਪਰੀ ਥਾਂ, ਅਰ ਮੱਛਰ ਲੜਨ ਦੇ ਕਾਰਨ ਨੀਂਦਰ ਨਾ ਪਈ, ਉਹ ਸਾਰੀ ਰਾਤ ਹੀ ਜਾਗਦਾ ਰਿਹਾ, ਅੱਧੀ ਰਾਤ ਵੇਲੇ ਉਸ ਨੈ ਇੱਕ ਦੇਵੀ ਨੂੰ ਆਉਂਦਿਆਂ ਡਿੱਠਾ, ਅਰ ਉਸ ਮੁੰਡੇ ਦੇ ਮੱਥੇ ਉੱਤੇ ਉਸ ਨੈ ਕੁਛ ਲੇਖ ਲਿਖਿਆ। ਉਸ ਲੇਖ ਦਾ ਪ੍ਰਯੋਜਨ ਇਹ ਸੀ, ਜੋ ਬਾਹਰਵੇਂ ਵਰਹੇ ਦੇ ਛੇਕੜ ਇਸ ਨੂੰ ਸ਼ੇਰ ਮਾਰ ਸਿੱਟੇਗਾ। ਦਿਨ ਚੜ੍ਹੇ ਰਾਜਾ ਨੈ ਇਹੋ ਗੱਲ ਮੁੰਡੇ ਦੇ ਪਿਉ ਨੂੰ ਦੱਸੀ, ਅਰ ਆਪ ਚਲਿਆ ਗਿਆ। ਉਹ ਮੁੰਡਾ ਦਿਨੋ ਦਿਨ ਵਧਦਾ ਗਿਆ, ਅਰ ਸਰੀਰ ਵਿੱਚ ਰਿਸਟ ਪੁਸਟ, ਦਿੱਸਣ ਵਿੱਚ ਸੋਹਣਾ ਅਰ ਸੂਰਬੀਰ ਸੀ, ਜਦ ਬਾਰਾਂ ਵਰਿਹਾਂ ਦੇ ਲਗਭਗ ਦਾ ਹੋਇਆ, ਤਾਂ ਰਾਜਾ ਨੂੰ

Digitized by Panjab Digital Library | www.panjabdigilib.org

ਉਸ ਦੀ ਗੱਲ ਚੇਤੇ ਆਈ, ਅਰ ਕਰਮ ਰੇਖ ਦੇ ਦੇਵਤਾ ਦਾ ਲੇਖ ਝੂਠਾ ਕਰਨ ਦੀ ਚਿੰਤਾ ਵਿਚ ਉਸ ਨੈ ਸਿਪਾਹੀਆਂ ਦਾ ਪਹਿਰਾ ਭੇਜਿਆ, ਜੋ ਮੁੰਡੇ ਨੂੰ ਮਹਿਲੀਂ ਲੈ ਆਉਣ, ਅਰ ਉਨ੍ਹਾਂ ਨੂੰ ਚੌਕਸ ਕੀਤਾ, ਜੋ ਰਾਹ ਵਿਚ ਮੁੰਡੇ ਦੀ ਸਭ ਤਰਾਂ ਰਾਖੀ ਕਰਨ, ਜਿਸ ਕਰਕੇ ਉਸ ਨੂੰ ਕੋਈ ਭੈ ਨਾ ਹੋਵੇ। ਇੱਕ ਪਾਲਕੀ ਮੁੰਡੇ ਦੇ ਲਈ ਭੇਜੀ ਸੰਜੋਗ ਨਾਲ ਪਾਲਕੀ ਦੇ ਵਿੱਚ ਇੱਕ ਨੌਕਰ ਨੈ ਆਪਣੀ ਢਾਲ ਰੱਖ ਦਿੱਤੀ, ਜਿਸ ਉੱਤੇ ਸੇਰ ਦਾ ਸਿਰ ਉੱਕਰਿਆ ਹੋਇਆ ਸੀ। ਮੁੰਡਾ ਆਪਣੇ ਉਸ ਲੇਖ ਨੂੰ, ਜੋ ਰਾਜਾ ਨੈ ਉਹ ਦੇ ਮੱਥੇ ਉੱਤੇ ਵਾਚਿਆ, ਜਾਣਦਾ ਸੀ, ਅਰ ਸੂਰਬੀਰ ਤਾਂ ਉਹ ਹੈਗਾ ਹੀ ਸੀ, ਜਿੰਵੇਂ ਉਹ ਪਾਲਕੀ ਦੇ ਵਿੱਚ ਬੈਠਾ, ਤਾਂ ਉਸ ਨੈ ਸੇਰ ਦਾ ਸਿਰ ਡਿੱਠਾ, ਅਰ ਉਹ ਨੂੰ ਘਸੁੰਨ ਵਿਖਾਕੇ ਕਿਹਾ, ਹਾਂ ਭਲਾ ਤੂੰ ਹੀ ਹੈਂ, ਜੋ ਮੈ ਨੂੰ ਮਾਰ ਸਿੱਟਣ ਦੇ ਡਰਾਵੇ ਦੇਕੇ ਧਮਕਾਉਂਦਾ ਸਾ, ਦੇਖ ਹੁਣ ਮੈਂ ਤੈ ਨੂੰ ਮਾਰਦਾ ਹਾਂ, ਇਹ ਆਖਕੇ ਉਸ ਨੈ ਸੇਰ ਦੇ ਮੂੰਹ ਉੱਤੇ ਮੁੱਕੀ ਮਾਰੀ। ਪਰ ਇੱਕ ਕਿੱਲ ਜਿਸ ਨਾਲ ਉਹ ਸੇਰ ਦੀ ਮੂਰਤ ਢਾਲ ਦੇ ਵਿੱਚ ਜੜੀ ਹੋਈ ਸੀ, ਉਹ ਦੇ ਹੱਥ ਵਿੱਚ ਖੁਭ ਗਿਆ, ਅਰ ਪਾਲਕੀ ਦੇ ਵਿੱਚ ਹੀ ਉਹ ਦੇ ਹੱਥ ਵਿੱਚੋਂ ਐਂਨਾਂ ਲਹੂ ਵਗਿ-ਆ, ਜੋ ਉਹ ਮਰਨ ਮਰਾਂਦ ਹੋ ਗਿਆ, ਅਜਿਹਾ ਕਿ ਜਦ ਉਹ ਮਹਿਲੀਂ ਪਹੁੰਚੇ, ਅਰ ਪਾਲਕੀ ਦੇ ਬੂਹੇ ਖੋਹਲੇ ਤਾਂ ਉਹ ਮੋਇਆ ਪਿਆ ਡਿੱਠਾ। ਉਸ ਦੇ ਮੱਥੇ ਦਾ ਲੇਖ ਪੂਰਾ ਹੋਇਆ। ਇਸ ਕਥਾ ਨੂੰ ਬਸੰਤ ਬਹੁਤ ਹੀ ਵਿਚਾਰਦੀ, ਅਰ ਆਪਣੇ ਮੁੰਡੇ ਦੇ ਮੱਥੇ ਉੱਤੇ ਹੱਥ ਫੇਰਦੀ ਅਰ ਬੜਾ ਅਚਰਜ ਕਰਦੀ ਰਹੇ, ਜੋ ਇਹ ਦੇ ਮੱਥੇ ਉੱਤੇ ਗੁਪਤ ਅੱਖਰਾਂ ਵਿਚ ਕੀ ਲਿਖਿਆ ਹੋਇਆ ਹੈ। ਉਸ ਦੀ ਆਸ ਸੀ, ਭਈ ਜਨਮ ਕੁੰਡਲੀ ਥੋਂ ਇਸ ਮੁੰਡੇ ਦੀ ਪਰਾਲਬਧ ਦਾ ਸਭ ਬਿਰਤੰਤ ਜਾਣਿਆ ਜਾਏਗਾ। ਉਹ ਡਾਢੀ ਹੀ ਪਰਸਿੰਨ

Digitized by Panjab Digital Library | www.panjabdigilib.org

ਰੋਈ, ਜਦ ਪੰਡਿਤ ਨੈ ਆਖਿਆ, ਕਿ ਇਸ ਦੇ ਜਨਮ ਵੇਲੇ ਦੇ ਗ੍ਰਹ ਨਛਤ੍ਰਾਂ ਦੇ ਮੇਲ ਨਾਲ਼ ਜੋਤਸੀ ਨੈ ਦੱਸਿਆ ਹੈ, ਭਈ ਇਹ ਜਿੰਨਾ ਚਿਰ ਜੀਵੇਗਾ, ਵਡਾ ਭਾਗਵਾਨ ਹੋਵੇਗਾ, ਅਰ ਅਨੰਦ ਰਹੇਗਾ। ਇਹ ਸੁਲਕੇ ਉਸ ਦੇ ਮਨ ਦਾ ਭਾਰ ਹੌਲ਼ਾ ਹੋਇਆ, ਅਰ ਉਸ ਦਿਨ ਥੋਂ ਫੁੱਲੀ ਨਾ ਮਾਵੇ। ਗੁਆਂਢੀਆਂ ਨੂੰ ਫੇਰ ਨੇਊਂਦਾ ਦਿੱਤਾ, ਅਤੇ ਵੱਡੀਆਂ ਵੱਡੀਆਂ ਪਰਾਤਾਂ ਮਠਿਆਈ ਦੀਆਂ ਕੁਛ ਮੁੱਲ ਲਈਆਂ, ਅਰ ਕੁਛ ਬਲਵਾਈਆਂ। ਉਸ ਨਿੱਕੇ ਮੁੰਡੇ ਨੂੰ ਪਹਿਲੇ ਪਹਿਲ ਨਵਾਂ ਕੱਪੜਾ ਪਹਿਨਾਇਆ, ਚਾਂਦੀ ਦੀ ਤੜਾਗੀ ਉਸ ਦੇ ਲੱਕ ਨਾਲ ਬੰਨੀ, ਅਰ ਛਲਕਦੇ ਮਲਕਦੇ ਪਾਊਂਟੇ ਉਸ ਦੀ ਪੈਰੀਂ ਪਾਏ, ਸੋਨੇ ਨਾਲ਼ ਮੜ੍ਹਿਆ ਹੋਇਆ ਝੱਗਾ, ਅਰ ਮੋਹਰਾਂ ਦਾ ਹਾਰ ਉਸ ਦੇ ਗਲ਼ ਵਿੱਚ ਪਾਇਆ। ਉਸ ਦੇ ਸਿਰ ਉੱਤੇ ਇੱਕ ਅਚਰਜ ਟੋਪੀ ਪਾਈ। ਪੰਡਿਤ ਨੈ ਪੂਜਾ ਕੀਤੀ, ਅਰ ਤਦ ਮੁੰਡੇ ਨੂੰ ਆਤਬ ਦੇ ਚਾਉਲਾਂ ਦਾ ਭੱਤ ਜੋ ਸਮੁੰਦਰ ਦੇ ਨੇੜੇਂ ੨ ਦੇ ਟਾਪੂਆਂ ਵਿੱਚ ਹੁੰਦਾ ਹੈ, ਅਰ ਬੜਾ ਪਵਿਤ੍ਰ ਗਿਣਿਆਂ ਜਾਂਦਾ ਹੈ, ਖੁਵਾਇਆ। ਪਰਵਾਰ ਦੇ ਸਭ ਲੋਕ ਅਤੇ ਮਿਤ੍ਰ ਪਿਆਰੇ ਇਕੱਠੇ ਹੋਏ, ਅਤੇ ਹਰੇਕ ਜਣੇ ਨੈ ਮੁੰਡੇ ਨੂੰ ਰੁਪਇਆ ਜਾਂ ਖਿਡਾਉਣਾ ਦਿੱਤਾ, ਇਸ ਤਰਾਂ ਸਭ ਨੈ ਭੋਜਨ ਖਾਧਾ, ਅਰ ਵਧਾਈ ਕੀਤੀ। ਉਸੇ ਦਿਨ ਉਸ ਮੁੰਡੇ ਦਾ ਨਾਉਂ ਹਰਿਸਚੰਦ੍ਰ ਰੱਖਿਆ ॥

ਉਸ ਰਾਤ ਬਸੰਤ ਜਦ ਆਪਣੇ ਮੁੰਡੇ ਨੂੰ ਸਵਾਉਣ ਲੱਗੀ, ਤਾਂ ਡਾਢੀ ਰੋਈ। ਉਹ ਉਸ ਮੁੰਡੇ ਦੇ ਪਿਉ ਦੀ ਚਿੰਤਾ ਵਿੱਚ ਸੀ, ਅਰ ਇਹ ਚੇਤੇ ਕਰਨ ਲੱਗੀ, ਜੋ ਇਸ ਦੇ ਪਿਉ ਨੂੰ ਇਸ ਮੁੰਡੇ ਦੇ ਹੋਣ ਕਰਕੇ ਕਿੰਨਾਕੁ ਚਾਉ ਚੜ੍ਹਦਾ, ਅਰ ਉਹ ਇਸ ਦੇ ਕਾਰਨ ਕਿੰਨੀਕੁ ਵਡਿਆਈ ਪਾਉਂਦਾ, ਅਰ ਉਸ ਦੇਸ ਦੇ ਲੋਕਾਂ ਵਾਂਙੂ ਕੋਇਲ

Digitized by Panjab Digital Library | www.panjabdigilib.org

ਵਰਗੀ ਮਿੱਠੀ ਮਿੱਠੀ ਬੋਲੀ ਵਿੱਚ ਅੰਝੂਆਂ ਵਹਾ ਵਹਾਕੇ ਵੈਲ ਕਰਕੇ ਆਖਣ ਲੱਗੀ—ਹੇ ਮੇਰੇ ਪਿਆਰੇ, ਹੇ ਮੇਰੇ ਪ੍ਰਾਣਾਂ ਦੇ ਸੂਰਜ, ਹੇ ਮੇਰੇ ਪ੍ਰੀਤਮ, ਹੇ ਸੁਆਮੀ, ਤੁਸੀਂ ਕਿੱਥੇ ਚਲੇ ਗਏ ਹੋ। ਭਲਾ ਮੈਂ ਤੁਹਾ ਨੂੰ ਪਰਸਿੰਨ ਨਹੀਂ ਸਾਂ ਕਰਦੀ, ਭਲਾ ਮੈਂ ਤੁਹਾਡੇ ਨਾਲ਼ ਹਿਤ ਨਹੀਂ ਸੀ ਕੀਤਾ, ਭਲਾ ਜਦ ਤੁਸੀਂ ਥੱਕਦੇ ਸੇ, ਤਾਂ ਮੈਂ ਤੁਹਾ ਨੂੰ ਅਰਾਮ ਨਹੀਂ ਦਿੰਦੀ ਸਾਂ। ਤੁਸੀਂ ਆਪਣੇ ਮੁੰਡੇ ਦੇ ਨਾਉਂ ਰੱਖਣ ਤੋੜੀ ਕਿਉਂ ਨਾ ਠਹਿਰੇ। ਹਾਇ ਇਸ ਦੀਆਂ ਅੱਖਾਂ, ਇਸ ਦਾ ਮੂੰਹ, ਇਸ ਦਾ ਨੱਕ, ਇਸ ਦਾ ਮੱਥਾ, ਸਭ ਤੁਹਾਡੇ ਵਰਗਾ ਹੀ ਹੈ, ਹਾਇ ਇਹ ਹੁਣ ਆਪਣੇ ਪਿਉ ਦਾ ਮੂੰਹ ਨਾ ਵੇਖੇਗਾ। ਜਦ ਉਹ ਅਜਿਹੀ ਦੁਖੀ ਹੋਈ ਹੋਈ ਰੋਂਦੀ ਸੀ, ਤਾਂ ਉਸੇ ਵੇਲੇ ਪ੍ਰਸੰਨੂ ਆਈ, ਅਰ ਉਹ ਨੂੰ ਗਲ਼ ਨਾਲ਼ ਲਾ ਲਿਆ। ਪਰ ਇਸ ਨਾਲ਼ ਉਸ ਵਿਚਾਰੀ ਰੰਡੀ ਤੀਮੀਂ ਦਾ ਦੁੱਖ ਹੋਰ ਬੀ ਵਧਿਆ। ਅੰਤ ਨੂੰ ਉਹ ਬੁਸਕ ਬੁਸਕਕੇ ਚੁੱਪ ਕਰ ਗਈ, ਅਰ ਆਪਣੇ ਪਿਆਰੇ ਪੁਤ੍ਰ ਨੂੰ ਗਲ਼ ਨਾਲ਼ ਲਾਕੇ ਸੌਂ ਗਈ॥

# ੩ ਕਾਂਡ॥

## ਜੋਤ ਦੇ ਉਦੈ ਹੋਣ ਦਾ ਬਰਣਨ॥

ਇੱਕ ਐਤਵਾਰ ਦੀ ਦੁਪਹਿਰ ਨੂੰ ਪ੍ਰੇਮਚੰਦ ਦਾ ਧਿਆਨ ਆਪਣੀ ਪੋਥੀ ਵਿੱਚ ਹੋਰਨਾਂ ਦਿਨਾਂ ਨਾਲੋਂ ਵਧੀਕ ਲੱਗਾ ਹੋਇਆ ਸੀ। ਰੁੱਤ ਸਿਆਲ ਦੀ ਸੀ, ਇਸ ਕਾਰਨ ਉਹ ਮੁੰਡਾ ਬੈਠਕ ਵਿੱਚ ਨਾ ਬੈਠਾ, ਪਰ ਥੜ੍ਹੇ ਉੱਤੇ ਫੂਹੜੀ ਵਿਛਾਕੇ ਧੁੱਪ ਵਿੱਚ ਚੰਗੀ ਤਰਾਂ ਲੇਟ ਗਿਆ। ਬਸੰਤ ਬੀ ਆਪਣੇ ਮੁੰਡੇ ਸਣੇ ਉੱਥੇ ਹੀ ਸੀ। ਮੁੰਡ੍ਹਾ ਸੌਂ ਗਿਆ ਸੀ, ਇਸ ਕਰਕੇ ਉਹ ਆਪਣੇ ਵਾਲ਼ਾਂ ਵਿੱਚ



Digitized by Panjab Digital Library | www.panjabdigilib.org

ਪਾਉਣਾ ਕੰਘੀ ਫੇਰਨੀ ਅਰ ਸਵਾਰਨ ਵਿੱਚ ਲੱਗੀ। ਜਦ ਇਹ ਕੰਮ ਹੋ ਚੁੱਕਾ, ਅਰ ਉਸ ਨੈ ਜਾਤਾ, ਜੋ ਹੁਣ ਮੈ ਨੂੰ ਹੋਰ ਕੋਈ ਕੰਮ ਨਹੀਂ, ਅਰ ਨੀਂਦਰ ਬੀ ਨਹੀਂ ਆਈ, ਤਾਂ ਉਹ ਪ੍ਰੇਮਚੰਦ ਦੇ ਕੋਲ ਖਿਸਕ ਗਈ, ਅਰ ਉਹ ਨੂੰ ਪੁੱਛਣ ਲੱਗੀ, ਭਈ ਤੂੰ ਕੀ ਪੜ੍ਹਦਾ ਹੈਂ?

ਉਸ ਨੈ ਹੌਲ਼ੇ ਹੌਲੇ ਉੱਤਰ ਦਿੱਤਾ, ਸਕੁੰਤਲਾ ਦੀ ਕਹਾਣੀ ਪੜ੍ਹਦਾ ਹਾਂ। ਬਸੰਤ ਮਨਾਕੇ ਆਖਣ ਲਗੀ, ਪ੍ਰੇਮਚੰਦ ਕੁਛ ਮੈ ਨੂੰ ਬੀ ਸੁਣਾਉ॥

ਸੋ ਜੇ ਕਦੀ ਪ੍ਰਸੰਨ੍ਹ ਹੁੰਦੀ, ਤਾਂ ਪ੍ਰੇਮਚੰਦ ਅਵੱਸੋਂ ਉਸ ਦਾ ਮਨੋਰਥ ਪੂਰਾ ਕਰਦਾ, ਅਤੇ ਸਾਰੀ ਕਹਾਣੀ ਪੜ੍ਹ ਸੁਣਾਉਂਦਾ। ਪਰ ਬਸੰਤ ਆਪਣੇ ਰੋਗ ਦੇ ਕਾਰਨ, ਅਣਖੀਲੀ ਡਰਾਕੁਲ, ਅਤੇ ਸਰਮਾਕੁਲ ਹੋ ਗਈ ਸੀ, ਉਹ ਹੋਰਨਾਂ ਦੇ ਮਨ ਨੂੰ ਨਹੀਂ ਭਾਉਂਦੀ ਸੀ। ਜਦ ਥੋਂ ਉਸ ਦਾ ਮੁੰਡਾ ਹੋਇਆ, ਤਦ ਥੋਂ ਤਾਂ ਉਹ ਪਰਵਾਰ ਵਿੱਚ ਕੁਛ ਪਿਆਰੀ ਹਿਤਕਾਰਨ ਅਰ ਮਿਲਾਪੜੀ ਹੋ ਗਈ ਸੀ, ਤਾਂ ਬੀ ਉਸ ਦਾ ਸੁਭਾਉ ਕੁਛ ਅਜਿਹਾ ਸੀ, ਜੋ ਉਹ ਸਾਰਿਆਂ ਕੋਲੋਂ ਵੱਖਰੀ ਹੀ ਰਹਿੰਦੀ ਹੁੰਦੀ ਸੀ, ਇਸੇ ਕਰਕੇ ਪ੍ਰੇਮਚੰਦ ਨੈ ਉਸ ਦੀਆਂ ਫੁਲਾਹੁਣੀਆਂ ਉੱਤੇ ਰੱਤੀ ਧਿਆਨ ਨਾ ਕੀਤਾ, ਉਹ ਹੌਲੀ ਹੌਲੀ ਆਪਣਾ ਪੜ੍ਹੀ ਗਿਆ। ਬਸੰਤ ਨੈ ਫੇਰ ਸੁਣਾਉਣ ਲਈ ਆਖਿਆ, ਹੁਣ ਦੀ ਵਾਰੀ ਉਸ ਨੈ ਕੁਛ ਮਠਿਆਈ ਦਾ ਬੀ ਲੋਭ ਦਿੱਤਾ। ਪ੍ਰੇਮਚੰਦ ਇਸ ਤਰਾਂ ਦੇ ਲੋਭ ਵਿੱਚ ਆ ਜਾਂਦਾ ਹੁੰਦਾ ਸੀ, ਉਸ ਨੈ ਪਹਿਲੇ ਦੋ ਅਧਯਾਯ ਸਕੁੰਤਲਾ ਦੇ ਸੁਣਾਏ, ਜਿਨਾਂ ਨੂੰ ਬਸੰਤ ਬੜਾ ਮਨ ਲਾਕੇ ਸੁਣਦੀ ਰਹੀ। ਜਦ ਪ੍ਰੇਮਚੰਦ ਰਾਜਾ ਦੁਸਜੰਤ, ਅਰ ਉਸ ਦੇ ਸਿਕਾਰ ਦੀ ਕਥਾ ਪੜ੍ਹਦਾ ਰਿਹਾ, ਜਦ ਉਸ ਨੈ ਛੋਟੇ ਮਿਰਗ ਦੇ ਬੱਚੇ ਨੂੰ ਫੜਿਆ ਸੀ, ਅਰ ਛੋਟੀ ਜੇਹੀ ਤਪੱਸੀਆਂ ਦੀ ਕੁਟੀਆ ਵਿਖੇ ਕਿ ਜਿਸ ਦੇ ਆਲੇ

Digitized by Panjab Digital Library | www.panjabdigilib.org

ਦੁਆਲੇ ਸੋਹਣੇ ਸੋਹਣੇ ਮਨੋਹਰ ਫੁੱਲ ਲੱਗੇ ਹੋਏ, ਅਰ ਨਿਡਰ ਹੋਕੇ ਮਿਰਗ ਫਿਰਦੇ ਸੇ। ਅਰ ਤਿੰਨਾਂ ਕੰਨਯਾਂ ਦੇ ਵਿਖੇ, ਕਿ ਜਿਨ੍ਹਾਂ ਦਾ ਨਾਉਂ ਸਕੁੰਤਲਾ, ਅਨੁਸੂਆ, ਅਤੇ ਪ੍ਰਿਯੰਵਦਾ ਸੀ, ਅਰ ਉਨ੍ਹਾਂ ਦੇ ਹੱਸਣ ਖੇਡਣ ਦੀ ਗੱਲ ਬਾਤ, ਜਦ ਫੁੱਲਾਂ ਨੂੰ ਪਾਣੀ ਦੇ ਰਹੀਆਂ ਸੀਆਂ, ਰਾਜਾ ਅਰ ਸਕੁੰਤਲਾ ਦੇ ਮੇਲ ਮਿਲਾਪ ਦੀ ਗੱਲ ਬਾਤ ਕਰ ਰਹੀ ਸੀ, ਅਤੇ ਕਿਸ ਤਰਾਂ ਇਨ੍ਹਾਂ ਦੋਹਾਂ ਦਾ ਆਪ ਵਿੱਚ ਪਿਆਰ ਪੈ ਗਿਆ, ਅਰ ਰਾਜਾ ਦੀ ਦਿੱਤੀ ਹੋਈ ਮੁੰਦ੍ਰੀ ਦੀ ਵਾਰਤਾ, ਕਿ ਜਿਸ ਦੇ ਵਿੱਚ ਉੱਕਰੇ ਹੋਏ ਅੱਖਰ ਅਨੁਸੂ-ਆ ਅਰ ਪ੍ਰਿਯੰਵਦਾ ਨੇ ਝੱਟਪੱਟ ਪੜ੍ਹ ਲਏ। ਰਾਜਾ ਅਰ ਉਸ ਦੇ ਮਿਤ੍ਰ ਮਾਧਵ ਦੀ ਆਪ ਵਿੱਚ ਦੀ ਗੱਲ ਬਾਤ ਦੇ ਵਿਖੇ, ਅਰ ਅੰਤ ਨੂੰ ਰਾਜਾ ਦੀ ਮਰਜਾਦਾ ਦੇ ਲਈ ਮਾਧਵ ਨੂੰ ਭੇਜਣ ਦੇ ਵਿਖੇ, ਕਿ ਜਿੰਨਾ ਚਿਰ ਤੋੜੀ ਰਾਜਾ ਅਦੁਤੀਯ ਸਕੁੰਤਲਾ ਨੂੰ ਆਪਣੀ ਤ੍ਰੀਮਤ ਕਰਨ ਦੀ ਆਸ ਉੱਤੇ ਠਹਿਰਿਆ ਰਿਹਾ, ਇਹ ਸਾਰਾ ਬਿਰਤੰਤ ਸੁਣਾਕੇ ਪ੍ਰੇਮਚੰਦ ਚੁੱਪ ਕਰ ਗਿਆ, ਅਰ ਥੱਕ ਤਾਂ ਗਿਆ ਹੀ ਸੀ, ਉਸ ਨੈ ਪੋਥੀ ਪਰੇ ਸਿੱਟ ਪਾਈ। ਬਸੰਤ ਨੈ ਉਹ ਨੂੰ ਚੁੱਕਕੇ ਡਿੱਠਾ, ਅਰ ਵਡਾ ਧਿਆਨ ਲਾਕੇ ਉਨ੍ਹਾਂ ਗੁਪਤ ਚਿੰਨ੍ਹਾਂ ਨੂੰ ਦੇਖਦੀ ਰਹੀ, ਪਰ ਪੜ੍ਹਨ ਦੀ ਕੁੰਜੀ ਤਾਂ ਉਸ ਦੇ ਕੋਲ੍ਹ ਹੈਗੀ ਹੀ ਨਹੀਂ ਸੀ, ਜਿਸ ਕਰਕੇ ਉਹ ਤਪੱਸ੍ਵੀਆਂ ਦੀ ਕੁਟੀਆ ਦੇ ਬੂਹੇ ਖੋਲ੍ਹਦੀ, ਅਰ ਉਸ ਦੀ ਉੱਜਲਤਾਈ ਅਰ ਸੁੰਦਰਤਾਈ ਦੇ ਵਿੱਚ ਵਿਹਾਰ ਕਰਦੀ। ਨਾ ਉਹ ਤਿੰਨਾਂ ਸਹੇਲੀਆਂ ਦੇ ਬਚਨ, ਜੋ ਪੰਛੀਆਂ ਵਰਗੇ ਕੂਲੇ ਸੇ, ਸੁਣ ਸਕਦੀ ਸੀ। ਉਸ ਦੇ ਜੀ ਵਿੱਚ ਉੱਸੇ ਪਲ ਇਹ ਵਿਚਾਰ ਆਇਆ, ਆਹਾ ਕੇਹਾ ਚੰਗਾ ਹੁੰਦਾ ਜੇ ਮੈਂ ਪੜ੍ਹ ਸਕਦੀ ਹੁੰਦੀ। ਪਰ ਇਹ ਕਿਸ ਤਰਾਂ ਹੋ ਸਕਦਾ ? ਪ੍ਰੇਮਚੰਦ ਨੂੰ ਤਾਂ ਇਹ ਗੱਲ ਆਖੀ ਨਹੀਂ ਸੀ ਜਾਂਦੀ, ਕਿੰਉ ਜੋ

Digitized by Panjab Digital Library | www.panjabdigilib.org

ਤਾਂ ਉਹ ਨਿੱਕਾ ਜਿਹਾ, ਪਰ ਬੜਾ ਅਹੰਕਾਰੀ ਸੀ, ਅਰ ਤੀਮਤਾਂ ਦੀ ਮੱਤ ਨੂੰ ਬੜਾ ਨਿੰਦਦਾ ਹੁੰਦਾ ਸੀ, ਅਤੇ ਜੇ ਬਸੰਤ ਉਸ ਨੂੰ ਇਹ ਆਖਣ ਦਾ ਹੀਆ ਬੀ ਕੱਢੇ, ਤਾਂ ਉਹ ਹਾਸੇ ਵਿੱਚ ਹੀ ਗੱਲ ਗਵਾ ਦਿੰਦਾ ਸੀ। ਇਸ ਵੇਲੇ ਉਸ ਨੈ ਨਿਰਾਦਰੀ ਕਰਾਉਣੀ ਅੱਛੀ ਨਾ ਸਮਝੀ, ਉਸ ਨੈ ਵਿਚਾਰਿਆ ਜੋ ਪ੍ਰਿਯਨਾਥ ਨੂੰ ਕੁਛ ਦੇਕੇ ਇੱਸੇ ਸੌਤੇ ਵਿੱਚ ਇੱਕ ਅੱਖਰਬੋਧਨੀ ਪੋਥੀ ਮੰਗਵਾਵਾਂ, ਅਰ ਥੋਹੜਾ ਥੋਹੜਾ ਉਸ ਵਿੱਚੋਂ ਪੜ੍ਹਾਂ। ਜਦ ਉਸ ਨੈ ਇਹ ਵਿਚਾਰ ਠਾਣ ਲਿਆ, ਤਦ ਉਹ ਉੱਠੀ ਅਰ ਪ੍ਰੇਮਚੰਦ ਦੇ ਲਈ ਮਠਿਆ- ਈ ਲਿਆਈ। ਉਹ ਆਪਣੀ ਖੇਚਲ ਦਾ ਫਲ ਪਾਕੇ ਪਰਸਿੰਨ ਹੋ ਗਿਆ। ਅਰ ਦਿਨ ਆਥਣ ਦੇ ਲਗਭਗ ਉਸ ਨੈ ਆਪਣੀ ਪੋਥੀ ਰੱਖ ਦਿੱਤੀ, ਅਰ ਫਿਰਨ ਤੁਰਨ ਨੂੰ ਚਲਿਆ ਗਿਆ, ਜੋ ਆਪਣੇ ਗੁਆਂਢੀਆਂ ਦੀ ਕੋਈ ਗੱਲ ਬਾਤ ਸੁਣੇ। ਅਗਲੇ ਭਲ੍ਹਕ ਜਦ ਪ੍ਰਿਯਨਾਥ ਤੜਕੇ ਦੀ ਪਾਠਸਾਲਾ ਥੋਂ ਮੁੜਕੇ ਆਇਆ, ਤਾਂ ਬਸੰਤ ਨੈ ਉਹ ਨੂੰ ਸੱਦਕੇ ਆਪਣੇ ਹੱਥੀਂ ਬਣਾਈ ਹੋਈ ਮਠਿ- ਆਈ ਉਸ ਦੇ ਹੱਥ ਵਿੱਚ ਦਿੱਤੀ, ਉਹ ਮਠਿਆਈ ਬੜੀ ਸੁਆਦੀ ਬਣੀ ਹੋਈ, ਅਰ ਸੱਜਰੀ ਬੀ ਸੀ। ਮੁੰਡਾ ਬਸੰਤ ਦੀ ਦਇਆ ਉੱਤੇ ਪਰਸਿੰਨ ਹੋ ਗਿਆ, ਪਰ ਉਸ ਨੈ ਹੋਰ ਕੁਛ ਨਾ ਆਖਿਆ, ਅਤੇ ਮਠਿਆਈ ਦੀਆਂ ਡਲੀਆਂ ਵਡੀ ਰੁਚ ਨਾਲ ਖਾਧੀ- ਆਂ, ਫੇਰ ਬਸੰਤ ਪ੍ਰਿਯਨਾਥ ਥੋਂ ਉਸ ਦੇ ਪੜ੍ਹਨ ਦੀਆਂ ਗੱਲਾਂ ਪੁੱਛਣ ਲੱਗੀ, ਅਰ ਉਹ ਨੂੰ ਆਖਿਉਸ, ਭਈ ਆਪਣੀ ਪੋਥੀ ਤਾਂ ਦਿਖਾਲ। ਸਹਿਜੇ ਸਹਿਜੇ ਉਸ ਨੈ ਪ੍ਰਿਯਨਾਥ ਨੂੰ ਫੁਲਾਇਆ, ਪਰ ਅੰਤ ਨੂੰ ਅੱਖਰਬੋਧਨੀ ਦੀ ਪੋਥੀ ਮੁੱਲ ਲੈਣ ਲਈ ਉਸ ਨੂੰ ਪੈਸੇ ਦਿੱਤੇ, ਅਰ ਦੋ ਪੈਸੇ ਪ੍ਰਿਯਨਾਥ ਨੂੰ ਬੀ ਦਿੱਤੇ, ਜੋ ਉਹ ਦੇ ਵਾਸਤੇ ਕੋਈ ਲਾਟੂ ਆਦਿ ਲੈ ਲਵੇ। ਪ੍ਰਿਯਨਾਥ ਨੈ

Digitized by Panjab Digital Library | www.panjabdigilib.org

ਵਿਚਾਰਿਆ, ਜੋ ਹਰੇਸ਼ ਦੇ ਲਈ ਤਾਂ ਇਸ ਪੋਥੀ ਦੀ ਲੋੜ ਅਜੇ ਚਿਰਕੀ ਪਵੇਗੀ, ਪਰ ਮੈ ਨੂੰ ਇਸ ਨਾਲ਼ ਕੀ ਪ੍ਰਯੋਜਨ। ਉਸੇ ਦਿਨ ਉਹ ਦੁਪਹਿਰ ਨੂੰ ਪਾਠਸ਼ਾਲਾ ਦੇ ਪੰਡਿਤ ਕੋਲ਼ ਗਿਆ, ਅਰ ਪੈਸੇ ਦੇਕੇ ਪੋਥੀ ਮੰਗੀ। ਪੰਡਿਤ ਨੈ ਪੁੱਛਿਆ ਤੇਰੀ ਅਗਲੀ ਪੋਥੀ ਕਿੱਧਰ ਗਈ, ਉਹ ਮੁੰਡਾ ਬੰਗਾਲੀਆਂ ਦੇ ਬੇਧੜਕ ਮੁੰਡਿਆਂ ਦੀ ਤਰਾਂ ਨਿਸੰਗ ਬੋਲ ਉੱਠਿਆ, ਜੀ ਅੱਜ ਸਵੇਰੇ ਜਦ ਮੈਂ ਪੜ੍ਹਕੇ ਘਰ ਨੂੰ ਜਾਂਦਾ ਸਾ, ਤਾਂ ਮੇਰੀ ਪੋਥੀ ਖਾਈ ਵਿਚ ਡਿੱਗ ਪਈ। ਪੰਡਿਤ ਨੈ ਉਹ ਦੇ ਹੱਥ ਪੋਥੀ ਦਿੱਤੀ, ਅਤੇ ਉਹ ਘਰ ਨੂੰ ਲੈ ਆਇਆ। ਆਉਂਦਿਆਂਸਾਰ ਉਸ ਨੈ ਪੋਥੀ ਬਸੰਤ ਦੇ ਹੱਥ ਦਿੱਤੀ, ਜਿਸ ਵੇਲੇ ਕੋਈ ਕੋਲ਼ ਨਹੀਂ ਸੀ। ਬਸੰਤ ਹੁਣ ਅੱਖਰ ਸਿੱਖਣ ਲੱਗੀ, ਅਤੇ ਪ੍ਰਿਯਨਾਥ ਨੂੰ ਕੁਛ ਦੇਕੇ ਉਸ ਥੋਂ ਅੱਖਰ ਪੁੱਛ ਲਵੇ। ਕਦੀ ਕਦੀ ਉਹ ਉਸ ਨੂੰ ਮਠਿਆਈ ਦਾ ਲੋਭ ਦੇਵੇ, ਕਦੀ ਉਸ ਦੇ ਲਈ ਕੋਈ ਚੰਗਾ ਸੁਆਦੀ ਭੋਜਨ ਪਕਾਵੇ, ਕਦੀ ਉਹ ਨੂੰ ਪੈਸੇ ਦੇਵੇ। ਪਹਿਲਾਂ ਪਹਿਲ ਤਾਂ ਪੜ੍ਹਨ ਦਾ ਕੰਮ ਕੁਛ ਢਿੱਲਾ ਹੀ ਹੋਇਆ, ਅਰ ਸਭਨਾਂ ਅੱਖਰਾਂ ਦਾ ਨਾਉਂ ਕੰਠ ਕਰਨਾ ਤਾਂ ਸੁਖਾਲ਼ਾ ਹੋ ਸੀ, ਪਰ ਵੱਖੋ ਵੱਖਰੇ ਅੱਖਰਾਂ ਦੇ ਵੱਖੋ ਵੱਖਰੇ ਰੂਪ ਚੇਤੇ ਰੱਖਣੇ ਔਖਾ ਕੰਮ ਸੀ, ਤਾਂ ਬੀ ਬਸੰਤ ਥੋਹੜਾ ਥੋਹੜਾ ਕਰਕੇ ਸਿੱਖਦੀ ਗਈ, ਅਰ ਪ੍ਰਿਯਨਾਥ ਨੂੰ ਆਪਣਾ ਗੁਰੂ ਬਣਾਕੇ ਉਸ ਨੈ ਉਹ ਪੋਥੀ ਪੂਰੀ ਕੀਤੀ। ਇਹ ਗੱਲ ਪ੍ਰਿਯਨਾਥ ਤੇ ਬਿਨਾ ਹੋਰ ਕੋਈ ਨਹੀਂ ਜਾਣਦਾ ਸੀ ॥

ਇਸ ਤੇ ਉਪਰੰਦ ਹੁਣ ਕੀ ਪੜ੍ਹੇ। ਪ੍ਰਿਯਨਾਥ ਤਾਂ ਆਪ ਹੀ ਹਸਮੁਖ ਅਤੇ ਖਿਡਾਰ ਸੀ, ਇਸ ਪੋਥੀ ਖੂਨੋਂ ਹੋਰ ਕੁਛ ਨਹੀਂ ਪੜ੍ਹਿਆ ਹੋਇਆ ਸੀ। ਅਰ ਇਸ ਪਾਠਸ਼ਾਲਾ ਦੇ ਵਿੱਚ ਹੋਰ ਕੋਈ ਪੜ੍ਹਾਈ ਬੀ ਨਹੀਂ ਜਾਂਦੀ ਸੀ। ਜਿਉਂ ਜਿਉਂ ਮੁੰਡੇ ਗਿ

Digitized by Panjab Digital Library | www.panjabdigilib.org

ਅਰ ਗਣਿਤ ਦੀ ਪਹਿਲੀ ਪੋਥੀ ਪੜ੍ਹ ਚੁੱਕਦੇ, ਤਿਉਂ ਤਿਉਂ ਉਠ ਜਾਂਦੇ ਸੇ। ਇੱਕ ਐਤਵਾਰ ਨੂੰ ਜਦ ਪ੍ਰੇਮਚੰਦ ਸੁਫੇ ਵਿੱਚ ਬੈਠਾ ਹੋਇਆ, ਆਪਣੀਆਂ ਪੋਥੀਆਂ ਪਿਆ ਪੜ੍ਹਦਾ ਸੀ, ਬਸੰਤ ਛੋਹ ਹੋਕੇ ਉਸ ਮੁੰਡੇ ਦੇ ਕੋਲ ਗਈ, ਅਰ ਤਰਲਾ ਕੀਤਾ, ਜੋ ਆਪਣੀ ਪੋਥੀ ਮੈ ਨੂੰ ਬੀ ਦੇਖਣ ਦਿਹ। ਮੁੰਡਾ ਉਸ ਵੇਲੇ ਚੰਗੇ ਸੁਭਾਉ ਵਿੱਚ ਸੀ, ਉਸ ਨੈ ਪੋਥੀ ਵੇਖਣ ਦਿੱਤੀ, ਮਨਭਾਉਣੀ ਸਕੁੰਤਲਾ ਦੀ ਪੋਥੀ ਹਰੇ ਪੜ੍ਹਿਆਂ ਵਿੱਚ ਲਪੇਟੀ ਹੋਈ ਬਸੰਤ ਨੈ ਡਿੱਠੀ, ਅਰ ਪਹਿਲਾਂ ਪਹਿਲ ਸਕੁੰਤਲਾ ਦਾ ਨਾਉਂ ਪੜ੍ਹਕੇ ਬੜੀ ਪਰਸਿੰਨ ਹੋਈ। ਉਸ ਨੈ ਜਾਤਾ ਜੋ ਕੁੰਜੀ ਮੇਰੇ ਹੱਥ ਆ ਗਈ ਹੈ, ਅਤੇ ਠੀਕ ਲੱਗੇਗੀ, ਅਰ ਥੋਹੜੇ ਹੀ ਚਿਰ ਵਿੱਚ ਮੈ ਨੂੰ ਕੁੰਜੀ ਫੇਰਨੀ ਬੀ ਆ ਜਾਏਗੀ। ਉਸ ਨੈ ਪੋਥੀ ਖੋਹਲੀ, ਪਰ ਉਸ ਦੀ ਸਮਝ ਵਿੱਚ ਕੁਛ ਨਾ ਆਈ, ਤਦ ਉਸ ਨੈ ਹੋਰ ਪੋਥੀ ਚੁੱਕਕੇ ਵੇਖੀ, ਉਹ ਬੀ ਉਸ ਦੀ ਸਮਝ ਵਿੱਚ ਨਾ ਆਈ। ਇਸ ਤਰਾਂ ਨਿਰਾਸ ਹੋਕੇ ਉਸ ਨੈ ਵਿਚਾਰਿਆ, ਜੋ ਆਪਣੀ ਗੁੱਝੀ ਗੱਲ ਪ੍ਰੇਮਚੰਦ ਅੱਗੇ ਪਰਗਟ ਕਰਾਂ, ਅਤੇ ਉਸ ਦੀ ਸਲਾਹ ਲਵਾਂ। ਉਹ ਨਹੀਂ ਜਾਣਦੀ ਸੀ ਜੋ ਪਹਿਲਾਂ ਪਹਿਲ ਕਿੱਕੁਰ ਗੱਲ ਛੇੜਾਂ। ਪਰ ਓੜਕ ਨੂੰ ਉਸ ਨੈ ਪੁੱਛਿਆ॥

ਪ੍ਰੇਮਚੰਦ ਭਲਾ ਤੀਮਤਾਂ ਬੀ ਪੜ੍ਹਨਾ ਸਿਖਦੀਆਂ ਹਨ?

ਹਾਂ, ਕਦੀ ਕਦੀ। ਪਰ ਅੰਗ੍ਰੇਜੀ ਤੀਮੀਆਂ ਤਾਂ ਸਭ ਪੜ੍ਹਨਾ ਜਾਣਦੀਆਂ ਹਨ, ਅਤੇ ਕਈ ਤਾਂ ਅਜਿਹੀਆਂ ਪੜ੍ਹੀਆਂ ਹਨ, ਜੋ ਉਨ੍ਹਾਂ ਨੈ ਪੋਥੀਆਂ ਰਚੀਆਂ ਹਨ, ਪਰ ਬੰਗਾਲੀ ਤੀਮੀਆਂ ਤਾਂ
ੇਆਂ ਮੂਰਖ ਹਨ॥

'ਚੰਦ ਮੈਂ ਤੈ ਨੂੰ ਕੁਛ ਆਖਣਾ ਚਾਹੁੰਦੀ ਹਾਂ। ਅਰ ਇਸ ਗੱਲ
ਾਥ ਖੁਲੇ ਹੋਰ ਕੋਈ ਨਹੀਂ ਜਾਣਦਾ, ਜੋ ਮੈਂ ਅੱਖਰ ਸਿੱਖਣ

Digitized by Panjab Digital Library | www.panjabdigilib.org

ਲੱਗੀ ਹਾਂ। ਅੱਖਰਬੋਧਨੀ ਪੂਰੀ ਕਰ ਲਈ ਹੈ, ਅਤੇ ਇਹ ਨਹੀਂ ਜਾਣਦੀ, ਜੋ ਹੁਣ ਅੱਗੋਂ ਮੈਂ ਕੇਹੜੀ ਪੋਥੀ ਪੜ੍ਹਾਂ। ਤੁਹਾਡੀ ਪੋਥੀ ਤਾਂ ਬੜੀ ਔਖੀ ਮਲੂਮ ਹੁੰਦੀ ਹੈ॥

ਇਸੇ ਤਰਾਂ ਹੋਊ। ਪਰ ਭਲਾ ਤੈਂ ਸੱਚਮੁੱਚ ਅੱਖਰ ਸਿੱਖ ਲਏ ਹਨ?

ਹਾਂ, ਪ੍ਰੇਮਚੰਦ ਤੂੰ ਪੜ੍ਹਾਕੇ ਵੇਖ ਲੈ॥

ਬਸੰਤ ਨੈ ਆਪਣੀ ਪੋਥੀ ਕੱਢੀ, ਅਤੇ ਉਸ ਅਲਭਿੱਜ, ਅਰਥਾਤ ਔਖਿਆਂ ਹੀ ਪਰਸਿੰਨ ਹੋਣਵਾਲੇ ਮੁੰਡੇ ਨੂੰ ਬੀ ਦਿਖਾਇਆ। ਪਹਿਲੇ ਤਾਂ ਪ੍ਰੇਮਚੰਦ ਬਸੰਤ ਨੂੰ ਹਾਸੀਆਂ ਕਰਨ ਤੇ ਹੋਇਆ, ਪਰ ਬੁੱਧਮਾਨਤਾ ਉਸ ਦੇ ਸੁਭਾਉ ਵਿੱਚ ਬਹੁਤ ਸੀ। ਉਹ ਬੈਠਕ ਦੀ ਵੱਲ ਗਿਆ, ਅਤੇ ਵੱਖਰੀ ਹੀ ਨੁੱਕਰ ਦੇ ਵਿੱਚੋਂ ਇੱਕ ਪੁਰਾਣੀ ਪਾਟੀ ਹੋਈ ਪੋਥੀ, ਜੋ ਕਿਸੇ ਕਹਾਣੀ ਦਾ ਤੀਜਾ ਭਾਗ ਉੱਥੇ ਚਰੋਕਣਾ ਸੁੱਟਿਆ ਹੋਇਆ ਪਿਆ ਸੀ, ਕੱਢ ਲਿਆਇਆ, ਅਤੇ ਬਸੰਤ ਦੇ ਅੱਗੇ ਲਿਆ ਰੱਖਿਆ, ਅਰ ਉੱਥੇ ਬੈਠਕੇ ਉਸ ਨੂੰ ਪੜ੍ਹਾਉਣ ਲੱਗਾ। ਬਸੰਤ ਦੇ ਜੀ ਵਿੱਚ ਬੜਾ ਹੰਕਾਰ ਹੋ ਗਿਆ, ਜਦ ਉਸ ਨੈ ਜਾਤਾ, ਜੋ ਭਲੇ ਬਾਲਕ ਅਰ ਬੁਰੇ ਬਾਲਕ ਦੀ ਕਹਾਣੀ ਮੈਂ ਚੰਗੀ ਤਰਾਂ ਪੜ੍ਹ ਸਕਦੀ ਹਾਂ। ਅਰ ਬੁਰੇ ਬਾਲਕ ਬੇਲੀ ਦੇ ਮਛਰੇਵੇਂ ਅਰ ਢੀਠਤਾਈ ਦੀ ਗੱਲ ਕਰਨ ਉੱਤੇਂ ਬਹੁਤ ਹੱਸੀ। ਪ੍ਰਸੰਨੂ ਉੱਤੋਂ ਆ ਗਈ, ਅਰ ਉਨ੍ਹਾਂ ਨੂੰ ਇਸ ਤਰਾਂ ਪਰਚਿਆਂ ਹੋਇਆਂ ਡਿੱਠਾ। ਪਹਿਲੋਂ ਤਾਂ ਉਸ ਨੈ ਆਪਣੇ ਅਚਰਜ ਅਤੇ ਗਿਲਾਨੀ ਨੂੰ ਜਤਾਇਆ, ਪਰ ਥੋਹੜੇ ਜਿਹੇ ਮਿੱਠੇ ਬਚਨਾਂ ਨਾਲ ਸਭ ਠੀਕ ਹੋ ਗਿਆ, ਅਤੇ ਉਹ ਬੈਠਕੇ ਸੁਣਨ ਲੱਗੀ। ਜਦ ਬਸੰਤ ਪੜ੍ਹ ਚੁੱਕੀ, ਤਾਂ ਪ੍ਰੇਮਚੰਦ ਤੀਮਤਾਂ ਨੂੰ ਆਪਣਾ ਪੜ੍ਹਿਆ ਹੋਇਆ ਸੁਣਾਉਣ ਦੀ ਇੱਛਿਆ ਕਰਕੇ ਸਕੁੰਤਲਾ

Digitized by Panjab Digital Library | www.panjabdigilib.org

ਪੜ੍ਹਨ ਲੱਗਾ। ਉਹ ਵੇਲਾ ਤ੍ਰੀਮਤਾਂ ਨੂੰ ਬੜੇ ਹੀ ਅਨੰਦ ਦਾ ਸੀ। ਉਸ ਚਮਤਕਾਰੀ ਕਹਾਣੀ ਦੀ ਭੁਲਾਉਣ ਵਿੱਚ ਉਹ ਉਸ ਵੇਲੇ ਨੂੰ ਭੁਲਾਕੇ ਕਹਾਣੀ ਦੇ ਵੇਲੇ ਨੂੰ ਹੀ ਸਮਝਣ ਲੱਗੀਆਂ। ਉਹ ਪੜ੍ਹਨ ਲੱਗਾ, ਸਕੁੰਤਲਾ ਅਰ ਦੁਸਜੰਤਿ ਦਾ ਆਪ ਵਿੱਚ ਕੇਹਾ ਪਿਆਰ ਸੀ, ਅੰਤ ਨੂੰ ਤਪੱਸੀ ਨੇ ਕਿਸ ਤਰਾਂ ਸਕੁੰਤਲਾ ਨੂੰ ਸਰਾਪ ਦਿੱਤਾ, ਅਤੇ ਜਦ ਉਹ ਤਪੱਸੀਆਂ ਦੀ ਕੁਟੀਆ ਨੂੰ ਛੱਡਕੇ ਰਾਜਾ ਦੇ ਮਹਿਲਾਂ ਨੂੰ ਤੁਰੀ, ਉਹ ਕੇਹੇ ਹਿਤ ਸਨੇਹ ਨਾਲ਼ ਵਿਲਕਦੀ ਵਿਦਿਆ ਹੋਈ। ਉਸ ਹਰਨ ਦੇ ਬੱਚੇ ਦੀ ਕਥਾ, ਜਿਸ ਨੇ ਸਕੁੰਤਲਾ ਦਾ ਲੀੜਾ ਪਿੱਛੋਂ ਖਿੱਚਿਆ ਸੀ, ਤ੍ਰੀਮਤਾਂ ਨੂੰ ਬਹੁਤ ਮਨ-ਭਾਉਂਦੀ ਲੱਗੀ। ਫੇਰ ਰਾਜਾ ਦੇ ਨਾਲ਼ ਉਸ ਦਾ ਮੇਲ ਹੋਣਾ, ਉਸ ਦਾ ਅਲੇਖਾ ਭੁਲੇਖਾ, ਅਰ ਗੁਆਚੀ ਹੋਈ ਮੁੰਦ੍ਰੀ ਦਾ ਉਹ ਨੂੰ ਚੇਤਾ ਕਰਾਉਣਾ, ਸਕੁੰਤਲਾ ਦੀ ਚਿੰਤਾ, ਫੇਰ ਅਪੱਛਰਾਂ ਦੀ ਰਾਹੀਂ ਉਸ ਦਾ ਸੁਰਗ ਨੂੰ ਚੁੱਕਿਆ ਜਾਣਾ, ਫੇਰ ਮਾੱਛੀਆਂ ਦਾ ਮੁੰਦ੍ਰੀ ਨੂੰ ਪਾਉਣਾ, ਅਰ ਦੁਸਜੰਤ ਦਾ ਮੰਝ ਦੇ ਬਲ ਨਾਲ਼ ਵਿਛੋੜਾ, ਉਸ ਦਾ ਸੋਗ, ਅਰ ਆਪਣੀ ਪਿਆਰੀ ਸਕੁੰਤਲਾ ਨੂੰ ਇੱਧਰ ਉੱਧਰ ਢੂੰਡਣਾ, ਫੇਰ ਆਪਣੇ ਮੁੰਡੇ ਅਰ ਉਸ ਦੀ ਮਾਂ ਸਕੁੰਤਲਾ ਨੂੰ ਰਾਜਾ ਨੇ ਸੰਜੋਗ ਨਾਲ਼ ਬਿਨਾ ਜਤਨ ਮਿਲ ਪੈਣਾ, ਇਨ੍ਹਾਂ ਸਭਨਾਂ ਗੱਲਾਂ ਨਾਲ਼ ਬਸੰਤ ਅਤੇ ਪ੍ਰਸੰਨੂ ਰੱਜਕੇ ਰਾਜੀ ਹੋ ਗਈਆਂ। ਜਦ ਬਸੰਤ ਦੀ ਦਿੱਤੀ ਹੋਈ ਮਠਿਆਈ ਖਾਕੇ ਪ੍ਰੇਮਚੰਦ ਉਨ੍ਹਾਂ ਨੂੰ ਉੱਥੇ ਹੀ ਛੱਡਕੇ ਚਲਿਆ ਗਿਆ, ਤਾਂ ਪ੍ਰਸੰਨੂ ਆਪਣੀ ਦਿਉਰਾਣੀ ਨੂੰ ਆਖਣ ਲੱਗੀ॥

ਆਹਾ ਹਾ ਕਿਸੇ ਕਹਾਣੀ ਨੂੰ ਆਪਣੇ ਆਪ ਪੜ੍ਹ ਲੈਣਾ ਕੇਹੀ ਚੰਗੀ ਗੱਲ ਹੈ, ਮੈਂ ਜਾਣਦੀ ਹਾਂ, ਮੈ ਨੂੰ ਬੀ ਪੜ੍ਹਨ ਦਾ ਵਲ ਸਿੱਖਣਾ ਬਹੁਤ ਹੀ ਚੰਗਾ ਲਗਦਾ ਹੈ॥

Digitized by Panjab Digital Library | www.panjabdigilib.org

ਬਸੰਤ ਨੈ ਆਖਿਆ ਪੜ੍ਹੋ, ਮੈਂ ਤੈ ਨੂੰ ਅੱਜ ਪੰਜ ਅੱਖਰ ਸਿਖਾ-ਉਂਦੀ ਹਾਂ ॥

ਇਸ ਤਰਾਂ ਪਹਿਲੇ ਪਾਠ ਦਾ ਅਰੰਭ ਕਰ ਦਿੱਤਾ। ਸਹਿਜੇ ਸਹਿਜੇ, ਪਰ ਧੀਰਜ ਨਾਲ਼ ਉਨ੍ਹਾਂ ਦਾ ਵਾਧਾ ਹੁੰਦਾ ਗਿਆ, ਜਿੰਨਾਂ-ਕੁ ਬਸੰਤ ਜਾਣਦੀ ਸੀ, ਉਸ ਨੈ ਪ੍ਰਸੰਨੂ ਨੂੰ ਸਭ ਕੁਛ ਸਿਖਾਇਆ, ਅਤੇ ਉਹ ਆਪ ਪ੍ਰੇਮਚੰਦ ਨੂੰ ਕੁਛ ਦੇਕੇ ਅਠਵਾਰੇ ਵਿੱਚ ਇੱਕ ਵਾਰ ਉਸ ਥੋਂ ਅਵੱਸ ਪੜ੍ਹਦੀ ਹੁੰਦੀ ਸੀ। ਉਹ ਥੋਹੜੇ ਚਿਰ ਵਿੱਚ ਹੀ ਚੰਗੀ ਤਰਾਂ ਪੜ੍ਹਨਾ ਸਿੱਖ ਗਈ, ਅਤੇ ਪ੍ਰੇਮਚੰਦ ਨੂੰ ਉਸ ਨੈ ਆਖ ਦਿੱਤਾ ਸੀ, ਭਈ ਪੰਦ੍ਰੀਂ ਦੀ ਪੰਦ੍ਰੀਂ ਦਿਨੀਂ ਤੂੰ ਮੇਰੇ ਵਾਸਤੇ ਕਲਕੱਤਿਓਂ ਕੋਈ ਨਵੀਂ ਪੋਥੀ ਲੈ ਆਇਆ ਕਰ। ਪਰ ਅਰਮਾਨ ਦੀ ਗੱਲ ਹੈ, ਕਿ ਜੇਹੜੀ ਪੋਥੀ ਉਹ ਲਿਆਵੇ ਦੇਸੀਆਂ ਕੋਲੋਂ ਮੁੱਲ ਲਵੇ, ਉਹ ਪੋਥੀਆਂ ਛਪਲ ਵਿੱਚ ਤਾਂ ਖਰਾਬ ਹੀ ਸਨ, ਪਰ ਉਨ੍ਹਾਂ ਦਾ ਪ੍ਰਯੋਜਨ ਹੋਰ ਵਧੇਰੇ ਹੀ ਬੁਰਾ ਸੀ। ਪਰ ਬਸੰਤ ਦੇ ਲਈ, ਜੋ ਹੋਰ ਕੁਛ ਨਹੀਂ ਜਾਣਦੀ ਸੀ, ਉਹੋ ਪੋਥੀਆਂ ਹੀ ਨਿੱਧ ਸਨ। ਬਸੰਤ ਅਤੇ ਪ੍ਰਸੰਨੂ ਨੂੰ ਆਪਣਾ ਜੀਉਣਾ ਪੜ੍ਹਨ ਨਾਲ਼ ਨਿੱਤ ਨਵਾਂ ਹੁੰਦਾ ਦੇਖਕੇ ਬੜਾ ਅਚਰਜ ਹੋਇਆ। ਜਿਹਾਕੁ ਚਾਨਣ ਹੋਣ ਤੇ ਪਹਿਲੋਂ ਚਹੁੰਵਾਂ ਪਾਸਿਆਂ ਦੀਆਂ ਵਸਤਾਂ ਦੀ ਸੋਭਾ ਪਲ ਪਲ ਵਿੱਚ ਹੋਰ ਦੀ ਹੋਰ ਬਦਲਦੀ ਜਾਂਦੀ ਹੈ, ਤੇਹਾ ਹੀ ਪੜ੍ਹਨ ਦਾ ਵੱਲ ਸਿੱਖਕੇ ਉਨ੍ਹਾਂ ਨੂੰ ਆਪਣਾ ਜੀਉਣਾ ਬਦਲਦਾ ਮਲੂਮ ਹੋਇਆ, ਉਨ੍ਹਾਂ ਦੋਹਾਂ ਨੂੰ ਬੜੀ ਲਾਲਸਾ ਲੱਗੀ ਰਹੇ, ਜੋ ਕਦ ਘਰ ਦੇ ਕੰਮਾਂ ਧੰਧਿਆਂ ਤੇ ਛੁਟਕਾਰਾ ਪਾਇਯੇ, ਜੋ ਆਪਣੀ-ਆਂ ਪੋਥੀਆਂ ਨੂੰ ਪੜ੍ਹਿਯੇ, ਜੋ ਉਨ੍ਹਾਂ ਦੀ ਦਿਨੋਂ ਦਿਨ ਖਿੜਨਵਾਲ਼ੀ ਬੁੱਧਿ ਨੂੰ ਸਾਰੇ ਸੰਸਾਰ ਦੇ ਚਮਤਕਾਰੇ ਦਿਸਦੇ ਮਲੂਮ ਹੋਏ। ਓਹ ਛਨਿੱਛਰ ਦੇ ਛਨਿੱਛਰ ਨੂੰ ਬੜੇ ਉਤਸਾਹ ਨਾਲ਼ ਤੱਕਦੀਆਂ ਰਹਿਣ



Digitized by Panjab Digital Library | www.panjabdigilib.org

ਕਿੰਉਂ ਜੋ ਉਸ ਦਿਨ ਪ੍ਰੇਮਚੰਦ ਆਉਂਦਾ, ਅਰ ਉਸ ਥੋਂ ਪੜ੍ਹਨ ਦੀ ਸਹਾਇਤਾ ਮਿਲਦੀ, ਅਤੇ ਉਹ ਨਵੀਆਂ ਪੋਥੀਆਂ ਲਿਆ-ਉਂਦਾ ਹੁੰਦਾ ਸੀ। ਉਹ ਉਨਾਂ ਦਾ ਵਾਧਾ ਮਨ ਕਰਕੇ ਚਾਹੁੰਦਾ ਸੀ, ਅਤੇ ਅਜਿਹੇ ਚਾਉ ਨਾਲ ਸਿੱਖਣਵਾਲਿਆਂ ਨੂੰ ਸਿਖਾਉਣ ਵਿੱਚ ਪਰਸਿੰਨ ਹੁੰਦਾ ਹੁੰਦਾ ਸੀ। ਕੁਮਾਰੀ ਉਨਾਂ ਦੇ ਪੜ੍ਹਨ ਦੀ ਗੱਲ ਜਾਣਦੀ ਸੀ, ਪਰ ਉਹ ਆਪ ਨਾ ਤਾਂ ਪੜ੍ਹਨਾ ਚਾਹੁੰਦੀ ਸੀ, ਅਰ ਨਾ ਹੀ ਉਨਾਂ ਨੂੰ ਰੋਕਦੀ ਸੀ। ਪੰਡਿਤ ਅਰ ਉਸ ਦੇ ਭਰਾਉ ਨੂੰ ਇਸ ਗੱਲ ਦੀ ਕੁਛ ਖਬਰ ਨਹੀਂ ਸੀ। ਕੇਹੀ ਅਚਰਜ ਦੀ ਗੱਲ ਹੈ, ਜੋ ਬੰਗਾਲੀ ਲੋਕ ਆਪਣੇ ਘਰ ਦੀਆਂ ਤੀਮਤਾਂ ਦੇ ਨਿੱਤ ਦੇ ਕੰਮਾਂ ਥੋਂ ਅਣਜਾਣ ਰਹਿੰਦੇ ਹਨ॥

# ੪ ਕਾਂਡ॥

## ਬਸੰਤ ਦੀ ਚਿੰਤਾ ਦਾ ਬਰਣਨ॥

ਹੁਣ ਬਰਸਾਤ ਆ ਗਈ। ਹਰਿਆਉਲ ਅਰ ਬਨਸਪਤਿ ਚਾਰੇ ਪਾਸੇ ਸੁਹਾਉਣੀ ਅਤੇ ਮਨਭਾਉਣੀ ਦਿੱਸਦੀ ਸੀ। ਜਿੱਥੇ ਕਿਤੇ ਬਗੀਚੇ ਦਾ ਟੁਕੜਾ ਸੀ, ਉੱਥੇ ਬਰਫ ਵਰਗੀਆਂ ਚਿੱਟੀਆਂ ਕਲੀਆਂ ਦੇ ਨਾਲ ਸੋਭਾ ਦੇ ਰਿਹਾ ਸੀ। ਹਰੇਕ ਛੰਭ ਅਰ ਝਾੜੀ ਦੇ ਉੱਤੇ ਚਿੱਟੇ ਕਵੀਆਂ ਦੇ ਫੁੱਲ ਖਿੜਦੇ, ਅਰ ਰਾਤ ਨੂੰ ਸੋਭਾਵਾਨ ਕਰਦੇ ਸੇ। ਤਲਾਉ ਲਾਲ, ਅਤੇ ਚਿੱਟੇ ਕਮਲ ਫੁੱਲਾਂ ਨਾਲ ਭਰੇ ਹੋਏ ਸਨ। ਅਰ ਜਿੱਥੇ ਕਿਤੇ ਪਾਣੀ ਦੇ ਛੰਭ ਹੈਗੇ ਸੇ, ਉੱਥੇ ਹੀ ਪਾਣੀ ਦੇ ਫੁੱਲ ਛੋਟੇ ਛੋਟੇ ਸੁੰਦਰ ਕਲੀਆਂ ਸਣੇ ਤਾਰਿਆਂ ਵਰਗੇ ਜਗਮਗ ਕਰਦੇ ਦਿੱਸਦੇ ਸੇ। ਧਾਨਾਂ ਦੇ ਹਰੇ ਖੇਤ ਗੋਪਾਲਪੁਰ ਦੇ ਚੁਫੇਰੇ ਆਪਣੀ ਭਰਪੂਰੀ, ਅਰ ਸੁਹਾਉਣੇ ਠੰਢੇ ਰੰਗ ਨਾਲ ਅੱਖੀ-ਆਂ ਨੂੰ ਪ੍ਰਸਿੰਨ ਕਰਦੇ ਸੇ। ਇੱਕ ਦਿਨ ਬੀ ਅਜਿਹਾ ਨਾ ਬੀਤੇ, ਜਿਸ ਦਿਨ ਮੀਂਹ ਨਾ ਵਰਸੇ, ਪਰ ਵਿੱਚ ਵਿੱਚ ਸੂਰਜ ਦੀ ਚਮਕ,

Digitized by Panjab Digital Library | www.panjabdigilib.org

ਅਤੇ ਨੀਲੇ ਅਕਾਸ ਦੀ ਝਲਕ, ਸੋਭਾ ਦਿੰਦੀ ਰਹੇ। ਅਰ ਸੂਰਜ ਆੱਥਣ ਦੇ ਵੇਲੇਂ ਅਕਾਸ ਦੀ ਅਚਰਜ ਸੁੰਦਰਤਾਈ ਕਰਕੇ, ਆਨੰਦ ਦੇ ਨਾਲ ਕੁਛ ਡਰ ਬੀ ਮਿਲਿਆ ਰਹਿੰਦਾ ਸੀ॥

ਹਿੰਦੁਸਤਾਨ ਵਿੱਚ ਬਰਸਾਤ ਬੜੀ ਸੁਹਾਉਣੀ ਲਗਦੀ ਹੈ। ਪਰ ਇਸ ਦੀ ਸੁੰਦਰਜਤਾ ਬੜੀ ਛਲਵਾਲੀ ਹੈ, ਦੇਹ ਅਚਰਜ ਰੂਪ ਥੋਂ ਲਿੱਸੀ ਮਾੜੀ ਹੋ ਜਾਂਦੀ ਹੈ, ਚਾਲਾਕੀ, ਬਲ, ਅਰ ਉੱਦਮ ਦੇ ਥਾਂ, ਥਕੇਵਾਂ, ਨਿਬਲਾਈ ਅਰ ਆਲਸ ਆ ਜਾਂਦੇ ਹਨ, ਅਤੇ ਭਿਆਨਕ ਰੋਗ ਪਰਬਲ ਹੁੰਦੇ ਹਨ॥

ਇੱਕ ਦਿਨ ਅੱਸੂ ਦੇ ਮਹੀਨੇ ਪਰਭਾਤ ਵੇਲੇ ਜਦ ਹਰੇਸ਼ ਢਾਈਆਂ-ਕੁ ਵਰਿਹਾਂ ਦਾ ਹੋਇਆ ਸੀ, ਉਸ ਦੀ ਮਾਂ ਉਸ ਨੂੰ ਬਲਹੀਣ ਦੇਖ ਦੇਖਕੇ ਬਹੁਤ ਡਰੀ। ਉਹ ਇੱਧਿਰ ਉੱਧਰ ਖੇਡਣ ਨੂੰ ਨਹੀਂ ਜਾ ਸਕਦਾ ਸੀ, ਸਗੋਂ ਉਸ ਦੀ ਝੋਲੀ ਵਿੱਚ ਚਿੰਬੜਦਾ, ਅਰ ਘਾਬਰਦਾ ਰਿਹਾ, ਅਤੇ ਜਦ ਦੁਪਹਿਰਾਂ ਵੇਲੇ ਮੁੰਡੇ ਨੂੰ ਡਾੱਢਾ ਤਾਪ ਆ ਚੜ੍ਹਿਆ, ਤਾਂ ਬਸੰਤ ਵਿਚਾਰੀ ਬਹੁਤ ਹੀ ਡਰ ਗਈ, ਅਰ ਉਸ ਦਾ ਭੈ ਹੋਰ ਬੀ ਵਧ ਗਿਆ। ਉਸ ਦਿਨ ਛਨਿੱਛਰਵਾਰ ਸੀ, ਅਰ ਪੰਡਿਤ ਦਾ ਰਾਹ ਬੜੀ ਉਡੀਕ ਨਾਲ ਪਏ ਤਕਦੇ ਸੇ, ਹਾਇ, ਕਿੰਨੇ ਚਿਰ ਵਿੱਚ ਉਹ ਵੇਲਾ ਬੀਤਦਾ ਸੀ। ਗੱਲ ਕਾਹਦੀ ਪੰਡਿਤ ਆਇਆ, ਅਰ ਉਸ ਨਗਰ ਦੇ ਦੇਸੀ ਵੈਦ ਨੂੰ ਤਾਬੜਤੋੜ ਸੱਦਿਆ। ਵੈਦ ਨੈ ਮੁੰਡੇ ਨੂੰ ਡਿੱਠਾ, ਅਰ ਉਸ ਦੀ ਨਾੜੀ ਬੀ ਦੇਖੀ, ਅਰ ਆਖਿਆ, ਭਈ ਇਸ ਦਾ ਬੁਰਾ ਹਾਲ ਹੈ। ਪਰ ਜੇ ੨੦) ਵੀਹ ਰੁਪਏ ਮੈ ਨੂੰ ਦਿਓ, ਤਾਂ ਮੈਂ ਇਹ ਦੇ ਚੰਗੇ ਕਰਨ ਦੀ ਹਾਮੀ ਭਰਨਾਂ, ਉੱਸੇ ਪਲ ਉਸ ਨੂੰ ਰੁਪਏ ਦੇ ਦਿੱਤੇ, ਅਤੇ ਉਸ ਨੈ ਕੁਛ ਮੰਤ੍ਰ ਪੜ੍ਹਕੇ ਮੁੰਡੇ ਨੂੰ ਦਵਾ ਦਿੱਤੀ, ਅਤੇ ਅਗਲੇ ਭਲਕ ਸਵੇਰ ਵੇਲੇ ਹੀ ਫੇਰ ਆਉਣ ਦਾ, ਆਖਿਆ। ਪਰ ਅਗਲੇ ਭਲਕ

Digitized by Panjab Digital Library | www.panjabdigilib.org

ਮੁੰਡਾ ਹੋਰ ਵਧੇਰੇ ਮਾਂਦਾ ਹੋ ਗਿਆ। ਬੰਗਾਲ ਦੇ ਵਿੱਚ ਵਿਚਰਨ-ਵਾਲੇ ਇਸ ਡਰਾਉਣੇ ਤਾਪ ਨੈ ਉਹ ਨੂੰ ਫੜ ਲਿਆ। ਇਹ ਤਾਪ ਸ਼ੇਰ ਦੀ ਤਰਾਂ ਉਜਾੜਾਂ ਅਰ ਪਹਾੜਾਂ ਵਿੱਚ ਰਿਹਾ ਕਰਦਾ ਹੈ। ਬੜੇ ਔਖ ਨਾਲ਼ ਉਹ ਦਿਨ ਬਿਤਾਇਆ। ਸੋਮਵਾਰ ਦੇ ਦਿਨ ਮੁੰਡੇ ਦਾ ਹਾਲ ਹੋਰ ਬੀ ਭੈੜਾ ਹੋ ਗਿਆ। ਪੰਡਿਤ ਅਰ ਉਸ ਦਾ ਭਰਾਉ ਕਲਕੱਤੇ ਨਾ ਗਏ, ਪਰ ਪ੍ਰੇਮਚੰਦ ਨੂੰ ਇਕੱਲਿਆਂ ਭੇਜ ਦਿੱਤਾ, ਅਰ ਉਸ ਨੂੰ ਆਖ ਦਿੱਤਾ, ਜੋ ਉਨਾਂ ਦੇ ਨਾ ਆਉਣ ਦੀ ਖਬਰ ਕਰ ਦੇਵੇ, ਉਹ ਸਾਰਾ ਦਿਨ ਹਰੇਸ਼ ਬਿਸੁਰਤ ਪਿਆ ਰਿਹਾ, ਅਰ ਨਿਰਾ ਉਸ ਦੀ ਮਾਂ ਦੀ ਬੋਲੀ ਹੀ ਉਹ ਨੂੰ ਕੁਛ ਕੁਛ ਜਗਾ ਸਕਦੀ ਸੀ। ਤਿਕਾਲ਼ਾਂ ਵੇਲੇ ਉਹ ਬਸੰਤ ਦੀ ਝੋਲ਼ੀ ਵਿੱਚ ਹੀ ਸੁੰਨਸਾਨ ਮਰ ਗਿਆ॥

ਹੁਣ ਬਸੰਤ ਦਾ ਦੁਖ ਕੌਣ ਆਖ ਸੱਕੇ। ਉਹ ਸੋਗ ਦੀ ਮਾਰੀ ਕਮਲ਼ੀ ਹੋ ਗਈ। ਵਾਲ਼ਾਂ ਨੂੰ ਖੋਹਣ, ਅਰ ਛਾਤੀ ਨੂੰ ਪਿੱਟਣ, ਅਤੇ ਵੈਣ ਕਰ ਕਰਕੇ ਰੋਣ ਲੱਗੀ। ਹੇ ਪੰਛੀ, ਤੈਂ ਮੈ ਨੂੰ ਕਿਉਂ ਛਡ ਦਿੱਤਾ, ਭਲਾ ਮੈਂ ਤੇਰੇ ਨਾਲ਼ ਮੋਹ ਨਹੀਂ ਕੀਤਾ, ਭਲਾ ਤੂੰ ਮੈ ਨੂੰ ਪਿਆਰਾ ਨਹੀਂ ਸਾ, ਜਿੱਕੁਰ ਧਰਤੀ ਨੂੰ ਧੁੱਪ ਹੈ, ਹੇ ਮੇਰੇ ਨਿੱਕੇ ਜਿਹੇ ਪੰਛੀ, ਮੇਰੇ ਪਿਆਰੇ, ਮੇਰੇ ਜੀ ਦੇ ਲਾਡਲੇ, ਮੇਰੀਆਂ ਅੱਖੀਆਂ ਦੇ ਚਾਨਣ ਤੂੰ ਕਿਉਂ ਉੱਡ ਗਿਆ। ਹਾਇ ਮੈਂ ਕੇਹੀ ਨਿਕਰਮਣ ਤੀਮੀਂ ਹਾਂ, ਪਹਿਲੇ ਮੇਰਾ ਸੁਆਮੀ ਮੈ ਨੂੰ ਛੱਡ ਗਿਆ, ਅਤੇ ਹੁਣ ਮੇਰਾ ਨਿੱਕਾ ਜਿਹਾ ਮੁੰਡਾ ਤੁਰ ਗਿਆ, ਕੇਹੜੇ ਪਾਪ ਮੈਂ ਪੂਰਬਲੇ ਜਨਮ ਵਿੱਚ ਕੀਤੇ, ਜੋ ਮੈ ਨੂੰ ਇਸ ਜਨਮ ਦੇ ਵਿੱਚ ਅਜਿਹਾ ਡੰਡ ਮਿਲਿਆ, ਇਸ ਤਰਾਂ ਉਹ ਮਨ ਦੇ ਵਿੰਨ੍ਹਣਵਾਲੇ ਵਿਰਲਾਪ ਅਰ ਅਜਿਹੇ ਹੀ ਦੁਖ ਦੇ ਵੈਣ ਕਰ ਕਰਕੇ ਰੋਂਦੀ ਸੀ। ਕੁਮਾਰੀ ਅਰ ਪ੍ਰਸੰਨੂ ਨੇ ਉਸ ਨੂੰ ਸਮਝਾਉਣਾ ਚਾਹਿਆ। ਪਰ ਓਹ ਕੀ ਧੀਰਜ

Digitized by Panjab Digital Library | www.panjabdigilib.org

ਦਿੰਦੀਆਂ ਸਨ, ਜੋ ਹੇ ਬਸੰਤ ਤੇਰੇ ਮੱਥੇ ਦਾ ਲੇਖ ਹੀ ਅਜਿਹਾ ਹੈ, ਤੂੰ ਇਹ ਨੂੰ ਮਿਟਾ ਨਹੀਂ ਸਕਦੀ, ਤਾਂ ਫੇਰ ਰੋਇਆਂ ਕੀ ਬਣਦਾ ਹੈ, ਚਿੰਤਾ ਕੀਤਿਆਂ ਕੁਛ ਨਹੀਂ ਹੁੰਦਾ। ਪਰ ਉਹ ਉਨ੍ਹਾਂ ਦੀ ਕੋ ਸੁਣਦੀ ਸੀ, ਉਨ੍ਹਾਂ ਨੂੰ ਪਰੇ ਹਟਾਕੇ ਆਪ ਫੇਰ ਉਸੇ ਤਰਾਂ ਵਿਲ-ਕਣ ਲੱਗੀ॥

ਜਦ ਇਹ ਠੀਕ ਜਾਣਿਆ ਗਿਆ ਜੋ ਮੁੰਡਾ ਮਰ ਗਿਆ ਹੈ, ਤਾਂ ਉਹ ਦੇ ਸਸਕਾਰ ਦਾ ਉੱਦਮ ਕਰਨ ਲੱਗੇ। ਪੰਡਿਤ ਨਵਾਂ ਕੱਪੜਾ, ਕੁਸ਼ਾ ਦਾ ਆਸਣ, ਚਾਉਲ ਘਿਉ ਅਤੇ ਚੰਦਨਬੂਰ ਮੁੱਲ ਲਿਆਇਆ। ਬਸੰਤ ਕੋਲੋਂ ਉਸ ਦੀ ਪਿਆਰੀ ਲੋਥ ਜੋਰ ਨਾਲ ਖੋਹਕੇ ਲਈ, ਅਰ ਉਸ ਨੂੰ ਨੁਲਾਇਆ, ਘਿਉ ਨਾਲ ਮਲਕੇ ਚੰਦਨਬੂਰ ਲਾਇਆ, ਫੇਰ ਚਿੱਟੇ ਕੱਪੜੇ ਵਿੱਚ ਵਲੇਟਕੇ ਕੁਸ਼ਾ ਦੇ ਆਸਣ ਉੱਤੇ ਪਾ ਦਿੱਤਾ, ਚਾਉਲਾਂ ਦਾ ਭੱਤ ਰਿੰਨ੍ਹਿਆਂ, ਅਰ ਇੱਕ ਛੋਟੀ ਜੇਹੀ ਸਿੜ੍ਹੀ ਬਣਾਕੇ ਮੁੰਡੇ ਨੂੰ ਉਸ ਉੱਤੇ ਰੱਖਿਆ, ਹੁਣ ਸਾਰੀ ਤਿਆਰੀ ਹੋ ਗਈ, ਨਿਰਾ ਬਸੰਤ ਕੋਲੋਂ ਪੁੱਛਣਾ ਰਹਿ ਗਿਆ ਸੀ, ਅਤੇ ਉਸ ਵੇਲੇ ਬਸੰਤ ਹੱਕੀ ਬੱਕੀ ਬੈਠੀ ਵੇਖਦੀ ਰਹੀ, ਪਰ ਮੂੰਹੋਂ ਕੁਛ ਨਾ ਬੋਲੀ। ਹੁਣ ਉਸ ਦਾ ਚਿੱਤ ਫੇਰ ਦੁੱਖ ਨਾਲ ਉਬਲਣ ਲੱਗਾ, ਅਤੇ ਉਹ ਬਿਪਦਾ ਦੀ ਮਾਰੀ ਹੋਈ ਲਗੀ ਚਿਚ-ਲਾਉਣ, ਮੁੰਡੇ ਨੂੰ ਨਾ ਲਿਜਾਣ ਦਿੱਤਾ, ਕੁਮਾਰੀ ਅਤੇ ਪ੍ਰਸੰਨੂ ਅਤੇ ਕਈਆਂ ਗੁਆਂਢੀਆਂ ਦੀ ਏਹ ਸਮਰੱਥਾ ਨਹੀਂ ਸੀ, ਜੋ ਉਸ ਨੂੰ ਫੜ ਸੱਕਣ। ਓੜਕ ਉਸ ਸਿੜ੍ਹੀ ਨੂੰ ਚੁੱਕ ਲੈ ਚਲੇ, ਅਤੇ ਪਰ-ਲੋਕਾਲ ਵਰਗਾ ਸਿਆਪਾ ਉੱਥੇ ਹੋ ਰਿਹਾ ਸੀ। ਪੰਜ ਛੇ ਮੀਲ ਦੂਰ ਮਸਾਣ ਭੂਮਕਾ ਉੱਤੇ ਪਹੁੰਚਕੇ ਇੱਕ ਚਿਖਾ ਬਣਾਈ, ਅਤੇ ਅੱਧੇ ਚਾਉਲ ਰਾਹ ਵਿੱਚ ਕਾਵਾਂ ਦੇ ਵਾਸਤੇ ਖਿੰਡਾ ਦਿੱਤੇ, ਅਤੇ ਅੱਧਿਆਂ ਦਾ ਪਿੰਡ ਬਣਾਕੇ ਉਸ ਮੁੰਡੇ ਦੀ ਦੇਹ ਦੇ ਨਾਲ ਚਿਖਾ

Digitized by Panjab Digital Library | www.panjabdigilib.org

ਵਿੱਚ ਰੱਖ ਦਿੱਤਾ। ਪੰਡਿਤ ਨੇ ਕੁਛ ਮੰਤ੍ਰ ਪੜ੍ਹਕੇ ਚਿਖਾ ਨੂੰ ਲੰਬੂ ਲਾਇਆ, ਅੱਗ ਦੀ ਲਾਟ ਅਨ੍ਹੇਰੇ ਵਿੱਚ ਚਮਕੀ, ਕਿੰਉ ਜੋ ਇਹ ਰਾਤ ਦੇ ਨੌਂ ਬਜਲ ਦਾ ਵੇਲਾ ਸੀ, ਥੋਹੜੇ ਚਿਰ ਵਿੱਚ ਹੀ ਉਹ ਨਿੱਕੀ ਜੇਹੀ ਲੋਥ ਸੁਆਹ ਦੀ ਢੇਰੀ ਹੋ ਗਈ। ਓਹ ਦੋਵੇਂ ਚਾਚੇ ਅਰ ਹੋਰ ਲੋਕ ਜੇਹੜੇ ਨਾਲ਼ ਆਏ ਸੇ, ਨਦੀ ਵਿੱਚ ਨਹਾਕੇ ਅਤੇ ਕੱਪੜੇ ਵਟਾਕੇ ਘਰ ਨੂੰ ਮੁੜੇ॥

ਬਸੰਤ ਵਿਚਾਰੀ, ਹਾਇ, ਉਹ ਦਾ ਕੇਹਾ ਦੁਖੀ ਹਾਲ ਸੀ। ਅੱਠਾਂ ਪਹਿਰਾਂ ਤੋੜੀ ਤਾਂ ਚਿੰਤਾ ਦੀ ਮਾਰੀ ਹੋਈ ਉੱਸੇ ਵੇਹੜੇ ਵਿਚ ਪਈ ਰਹੀ। ਨਾ ਕੋਈ ਗਰਾਹੀਂ ਲਈ, ਅਤੇ ਨਾ ਪਾਣੀ ਦਾ ਘੁੱਟ ਮੂੰਹ ਨਾਲ਼ ਲਾਇਆ, ਉਸ ਦੇ ਵਾਲ਼ ਖਿੱਲਰ ਗਏ ਸੇ, ਉਸ ਦਾ ਰੂਪ ਸਾਰਾ ਵੱਟਿਆ ਗਿਆ ਸੀ, ਅਰ ਰੋਲ ਪਿੱਟਲ ਨਾਲ਼ ਸਰੀਰ ਸੁੱਜ ਗਿਆ ਸੀ, ਉਸ ਦੀਆਂ ਪੀਲ਼ੀਆਂ ਫਿੱਕੀਆਂ ਅੱਖਾਂ ਦੇ ਹੇਠ ਬੜੇ ਕਾਲ਼ੇ ਗੋਲ਼ ਚਟਾਕ ਪੈ ਗਏ ਸੇ, ਉਸ ਦਾ ਬੋਲ ਬੀ ਇਕਸਾਹਿਆਂ ਰੋਲ ਦੇ ਕਾਰਨ ਘੱਘਾ ਹੋ ਗਿਆ ਸੀ। ਅਗਲ਼ੇ ਭਲਕ ਡਾਢਾ ਮੀਂਹ ਵਰਿਹਾ, ਇਸ ਕਾਰਨ ਉਸ ਨੂੰ ਘਰ ਦੇ ਅੰਦਰ ਜਾਣਾ ਪਿਆ, ਅਰ ਹਿੱਲਲ ਜਿੱਲਲ ਦੀ ਆਸੰਙ ਜੋ ਨਾ ਰਹੀ, ਇਸ ਕਾਰਨ ਕੁਛ ਖਾਣਾ ਬੀ ਪਿਆ। ਹੁੰਦੇ ਹੁੰਦੇ ਫੇਰ ਜੇਹਾ ਪਹਿਲੇ ਕਰਦੀ ਸੀ, ਤੇਹਾ ਹੀ ਸਭ ਕੰਮ ਕਰਨ ਲੱਗੀ। ਜਦ ਕਦੀ ਉਹ ਕਿਸੇ ਵੇਹਲੀ ਕੋਠੜੀ ਜਾਕੇ ਘਾਬਰਕੇ ਰੋਲ ਲੱਗੇ, ਜਾਂ ਹੋਰਨਾਂ ਦੇ ਨਾਲ਼ ਬੈਠਕੇ ਉਸ ਦਾ ਸੋਗ ਆਪ ਹੀ ਉਸ ਦੇ ਕਲੇਜੇ ਨੂੰ ਪਾੜਕੇ ਬੜੇ ਚਿਚਲਾਉਲ ਦੇ ਨਾਲ਼ ਨਿੱਕਲ਼ੇ, ਤਾਂ ਉਸ ਦੀਆਂ ਅੰਝੂਆਂ ਦੀਆਂ ਧਾਰਾਂ ਵਹਿ ਤੁਰਨ, ਅਤੇ ਉਨਾਂ ਨੂੰ ਜੋ ਉਸ ਥੋਂ ਅਲਜਾਲ ਸਨ, ਘਬਰਾ ਦੇਵੇ। ਹਿੰਦੂ ਤੀਮਤਾਂ ਵਿੱਚ ਬਹੁਤਾ ਤਾਂ ਸਾਰੇ ਹਿਤ ਪਿਆਰ ਬਾਹਰ ਨਿੱਕਲ਼ ਆਉਂਦੇ ਹਨ, ਅਰ ਲੋਕ ਰੀਤ ਨਾਲ਼ ਗੁੰਝੀ ਪੀੜ ਉੱਤੇ ਅੰਗਰੇਜ

ਓਟ ਲਾਉਂਦੇ ਹਨ, ਜੋ ਭਾਵੇਂ ਉਨਾਂ ਦਾ ਜੀ ਮਾਰੇ ਚਿੰਤਾ ਦੇ ਪਾਟਦਾ ਹੀ ਹੋਵੇ, ਤਾਂ ਬੀ ਉਨਾਂ ਨੂੰ ਮੁਸਕਰਾਉਣਾ ਪੈਂਦਾ ਹੈ। ਕੇਹੜੀ ਗੱਲ ਚੰਗੀ ਹੈ। ਬਸੰਤ ਨੈ ਪੋਥੀਆਂ ਦਾ ਪੜ੍ਹਨਾ ਛੱਡ ਦਿੱਤਾ, ਅਤੇ ਜੀਉਣਾ ਉਸ ਨੂੰ ਭਾਰੀ ਦੁੱਖਾਂ ਦੀ ਪੰਡ ਹੋ ਗਿਆ, ਕਦੀ ਕਦੀ ਉਹ ਡੁੱਬਕੇ ਮਰ ਜਾਣ ਦੀਆਂ ਗਿਣਤੀਆਂ ਗਿਣੇ, ਕਦੀ ਚਬੂਤਰੇ ਉੱਤੋਂ ਡਿਗਣਾ ਜੀ ਵਿੱਚ ਠਾਣੇ, ਪਰ ਉਸ ਦੇ ਪ੍ਰਾਣਾਂ ਦਾ ਸੁਭਾਵਕ ਮੋਹ ਅਜਿਹੇ ਕਮਲਪੁਣੇ ਦੇ ਵੇਲਿਆਂ ਵਿੱਚ ਉਸ ਦੀ ਜਿੰਦ ਬਚਾਵੇ। ਜਿਨ੍ਹਾਂ ਦੇ ਲਈ ਜੀਉਣ ਅਰ ਅਨੰਤਤਾ ਸਾਡੇ ਮੁਕਤ-ਦਾਤਾ ਪ੍ਰਭੂ ਜਿਸੂ ਖ੍ਰਿਸਟ ਨੈ ਪਰਗਟ ਕੀਤੇ ਹਨ, ਉਨਾਂ ਨੂੰ ਹਿੰਦੂ ਮਾਵਾਂ ਦੇ ਨਿਰਾਸ ਸੋਗ ਦੀ ਸਮਝ ਹੀ ਔਖੀ ਆਉਂਦੀ ਹੈ। ਜਦ ਸਾਡੇ ਪਿਆਰੇ ਸਾ ਨੂੰ ਛੱਡ ਜਾਂਦੇ ਹਨ, ਅਤੇ ਭਾਵੇਂ ਸਾਡੀ ਬਾਂਹ ਉਨਾਂ ਛੋਟੀਆਂ ਛੋਟੀਆਂ ਦੇਹਾਂ ਨੂੰ ਥੰਮੇਂ ਬਿਨਾਂ ਨਹੀਂ ਰਹਿ ਸਕਦੀਆਂ, ਤਾਂ ਬੀ ਸਾ ਨੂੰ ਸੰਤੋਖ ਰਹਿੰਦਾ ਹੈ। ਅਸੀਂ ਜਾਣਦੇ ਹਾਂ, ਜੋ ਉਸ ਸਭ ਥੋਂ ਚੰਗੇ ਆਜੜੀ ਨੈ ਅਸਾਡੇ ਮੇਂਮਣਿਆਂ ਨੂੰ, ਆਪਣੇ ਪਿਆਰ ਦੀ ਬਾਂਹ ਵਿੱਚ ਸਮੇਟ ਲਿਆ ਹੈ। ਅਸੀਂ ਜਾਣਦੇ ਹਾਂ, ਜੋ ਓਹ ਉਸ ਦੇ ਅਤਿ ਸੁੰਦਰ, ਅਤੇ ਧੰਨ ਅਸਥਾਨ ਵਿੱਚ, ਇਸ ਔਖੇ ਚਿੰਤਾ ਦੇ ਸਮੁੰਦਰ, ਅਤੇ ਦੁੱਖ ਦੇ ਘੋਰ ਅਨੇਰੇ ਸੰਸਾਰ ਵਿੱਚ ਹੋਣ ਨਾਲੋਂ ਬਹੁਤ ਵਧੀਕ ਸੁਖੀ, ਅਤੇ ਪ੍ਰਸਿੰਨ ਹਨ। ਅਤੇ ਅਸੀਂ ਅਨੰਦ ਨਾਲ ਭਰੋਸਾ ਰਖਦੇ ਹਾਂ, ਜੋ ਇੱਕ ਅਜਿਹਾ ਸਮਾ ਆਵੇਗਾ, ਜਦ ਜਿਸੂ ਖ੍ਰਿਸਟ, ਜਿਸ ਤਰਾਂ ਉਸ ਨੈ ਨਾਇਨ ਨਗਰ ਦੇ ਬੂਹੇ ਕੋਲ ਇੱਕ ਬੁੱਢੀ ਨੂੰ, ਉਸ ਦਾ ਮੋਇਆ ਹੋਇਆ ਪੁਤ੍ਰ ਜਿਵਾਲਕੇ ਸੌਂਪ ਦਿੱਤਾ ਸੀ, ਸਾਡੇ ਬਾਲਕ ਸਾ ਨੂੰ ਸੌਂਪਕੇ ਦੇ ਦੇਵੇਗਾ। ਪਰ ਜਦ ਕੋਈ ਹਿੰਦੂ ਮਾਂ ਆਪਣੇ ਪੁਤ੍ਰ ਥੋਂ ਇਸ ਤਰਾਂ ਵਿਛੜ ਜਾਂਦੀ ਹੈ, ਤਾਂ ਉਹ ਅਜਿਹੇ ਧੀਰਜ ਦੇਣਵਾਲੇ ਵਿਚਾਰਾਂ ਨੂੰ ਕਿੱਥੋਂ ਲਿਆ-

Digitized by Panjab Digital Library | www.panjabdigilib.org

ਵੇ। ਕੁਛ ਚਿਰ ਤੋੜੀ ਤਾਂ ਉਹ ਮੁੰਡਾ ਉਸ ਦਾ ਸੀ, ਅਰ ਉੱਸੇ ਦੀ ਦੇਹ ਦਾ, ਅਰ ਉਹ ਪਰਸਿੰਨ ਰਹਿੰਦੀ ਸੀ, ਪਰ ਜਦ ਮਰ ਜਾਂਦਾ ਹੈ, ਤਾਂ ਉਸ ਦਾ ਸਭ ਕੁਛ ਚਲਾ ਜਾਂਦਾ ਹੈ, ਅਰ ਕੁਛ ਪਿੱਛੇ ਨਹੀਂ ਰਹਿੰਦਾ। ਉਹ ਨੂੰ ਫੇਰ ਆਪਣੇ ਪੁਤ੍ਰ ਦੇ ਮਿਲਨ ਦੀ ਆਸ ਨਹੀਂ ਰਹਿੰਦੀ, ਉਸ ਦਾ ਮੁੰਡਾ ਸਭ ਤਰਾਂ ਕਰਕੇ ਜਾਂਦਾ ਰਿਹਾ, ਅਰ ਕਿਸੇ ਬਿਧ ਨਹੀਂ ਮਿਲ ਸਕਦਾ। ਤਦ ਉਹ ਉਸ ਗੱਲ ਨੂੰ ਐਉਂ ਭੁਲਾਉਣ ਲਗਦੀ ਹੈ, ਜਿਹਾਕੁ ਅਸੀਂ ਕਿਸੇ ਮਹਿੰਗੇ ਮੁੱਲਵਾਲੇ ਗਹਿਣੇ ਨੂੰ, ਕਿ ਜਦ ਉਹ ਗੁਆਚ ਜਾਏ, ਜਾਂ ਉਹ ਨੂੰ ਚੋਰ ਚੁਰਾ ਲੈ ਜਾਵੇ, ਜਾਂ ਰਾਹ ਵਿੱਚ ਡਿੱਗ ਪਵੇ, ਤਾਂ ਭੁਲਾਉਣ ਲਗਦੇ ਹਾਂ॥

ਹੇ ਪ੍ਰਭੁ ਬਿਅੰਤ, ਦਇਆ ਦੇ ਸਮੁੰਦਰ, ਤੈਂ ਹੀ ਰਾਹੀਲ ਉੱਤੇ ਦਇਆ ਕੀਤੀ, ਜੋ ਆਪਣੇ ਬਾਲਕਾਂ ਦੇ ਲਈ ਪਈ ਚਿੰਤਾ ਕਰਦੀ ਸੀ, ਅਤੇ ਕਿਸੇ ਤਰਾਂ ਬੀ ਧੀਰਜ ਨਹੀਂ ਕਰਦੀ ਸੀ। ਹਿੰਦੁਸਤਾਨ ਦੀਆਂ ਤੀਮੀਆਂ ਉੱਤੇ ਬੀ ਦਇਆ ਕਰ, ਅਰ ਆਪਣੀ ਚਮਕਣਵਾਲੀ ਮੰਗਲਸਮਾਚਾਰ ਦੀ ਜੋਤ ਨਾਲ ਉਨਾਂ ਦੇ ਚਿੱਤ ਦੇ ਅਨ੍ਹੇਰੇ ਨੂੰ ਚਾਨਣ ਕਰ। ਤੈਂ ਹੀ ਇਫਰਾਈਮ ਦੇ ਉੱਤੇ ਕ੍ਰਿਪਾ ਕੀਤੀ, ਜੋ ਕਠੋਰਤਾ ਦੇ ਮਾਰੇ ਹੋਏ ਆਪਣੇ ਪੁਤ੍ਰਾਂ ਦੇ ਲਈ ਸੋਗ ਕਰਦਾ ਸਾ। ਆਪਣੇ ਦਿਆਲੂ ਪਵਿਤ੍ਰ ਆਤਮਾ ਨਾਲ ਹਿੰਦੁਸਤਾਨ ਦੇ ਪੁਰਸਾਂ ਉੱਤੇ ਦਇਆ ਕਰ, ਜਦ ਉਹ ਨਿਰਾਸਤਾ ਦੇ ਨਾਲ ਆਪਣੀ ਆਸ ਦੇ ਸਰੀਰਵੰਤ ਫਲਾਂ ਦੇ ਨਾਸ ਹੋਣ ਕਰਕੇ ਓਦਰਦੇ ਹਨ॥

# ਪ ਕਾਂਡ॥

## ਅਨ੍ਹੇਰੇ ਵਿੱਚ ਜੋਤ ਦੇ ਚਮਕਣ ਦਾ ਬਰਣਨ॥

ਇੱਕ ਦਿਹਾੜੇ ਉਸ ਮੁੰਡੇ ਦੇ ਮਰਨ ਥੋਂ ਕਈ ਮਹੀਨੇ ਪਿੱਛੋਂ ਇੱਕ

Digitized by Panjab Digital Library | www.panjabdigilib.org

ਗੁਆਂਢਣ ਫੇਰ ਸਾਰੇ ਸਨੇਹੇ ਲੈਕੇ ਆਈ, ਅਰ ਉੱਥੇ ਬੈਠਕੇ ਸੁਣਾਉਣ ਲੱਗੀ ॥

ਭਲਾ ਤੈਂ ਕਾਂਸੀਨਾਥ ਦੇ ਘਰ ਦੀ ਖਬਰ ਸੁਣ ਲਈ ਹੈ?

ਨਹੀਂ। ਕੀ ਹੋਇਆ ਹੈ?

ਕੱਲ ਰਾਤੀਂ ਜਦ ਸੱਭੇ ਸੌਂ ਗਏ ਸੇ, ਤਾਂ ਕਿਸੇ ਨੈ ਘਰ ਦੇ ਅੰਦਰ ਵੜਕੇ ਛੋਟੀ ਵਹੁਟੀ ਦਾ ਸਾਰਾ ਗਹਿਣਾ ਲਾਹ ਲਿਆ ॥

ਭਲਾ ਉਹ ਨੂੰ ਜਾਗ ਨਾ ਆਈ?

ਗੁਪਾਲਦਾਸ ਦੀ ਮਾਂ ਆਖਦੀ ਹੈ, ਮੈਂ ਉਸ ਵਹੁਟੀ ਨੂੰ ਇੱਧਰ ਉੱਧਰ ਸਰਕਦਿਆਂ ਸੁਣਿਆ, ਉਹ ਮੇਰੇ ਕੋਲ ਆਕੇ ਚੁੱਪ ਚੁਪਾ-ਤਿਆਂ ਲੁੱਕ ਗਈ ਸੀ, ਉਹ ਦੇ ਪਿੱਛੋਂ ਦੀ ਮੈਂ ਨੂੰ ਕੁਛ ਖਬਰ ਨਹੀਂ, ਅੱਜ ਪਰਭਾਤ ਵੇਲੇ ਜਦ ਸਾਰੇ ਉੱਠੇ, ਤਾਂ ਕੀ ਵੇਖਣ, ਜੋ ਛੋਟੀ ਵਹੁਟੀ ਦਾ ਗਹਿਣਾ ਗੱਟਾ ਕੁਛ ਬੀ ਨਹੀਂ, ਉਸ ਦੇ ਝੁਮਕੇ ਛਣ-ਕੰਙਣ ਕੜੇ ਟਾਡਾਂ ਸਭ ਜਾਂਦੇ ਰਹੇ ਹਨ ॥

ਕਿੰਨਾਕੁ ਜਾਨ ਹੋਇਆ ਹੋਊ?

ਚਾਲੀਆਂਕੁ ਰੁਪਇਆਂ ਦਾ ਧਨ ਗਿਆ ਹੈ; ਆਖਦੇ ਹਨ, ਗਹਿਣਾ ਸਭ ਚਾਂਦੀ ਦਾ ਸੀ, ਪਰ ਸਭ ਭਾਰਾ ਸੀ, ਟਾਡਾਂ ੧੫ ਰੁਪਏ ਭਰ ਸਨ ॥

ਅਚਰਜ ਦੀ ਗੱਲ ਹੈ, ਘਰ ਦਿਆਂ ਵਿੱਚੋਂ ਹੀ ਕਿਸੇ ਨੈ ਚੋਰੀ ਕੀਤੀ ਹੋਣੀ ਹੈ ॥

ਮੈਂ ਬੀ ਇਹੋ ਕਹਿੰਦੀ ਹਾਂ, ਪਰ ਓਹ ਆਖਦੇ ਹਨ, ਜੋ ਇਹ ਗੱਲ ਝੂਠ ਹੈ, ਚੋਰ ਕੋਈ ਬਾਹਰੋਂ ਹੀ ਆਇਆ ਹੋਣਾ ਹੈ, ਕਿਉਂ ਜੋ ਘਰ ਦੇ ਬੂਹੇ ਖੁਲ੍ਹੇ ਪਏ ਸੇ ॥

ਇਹ ਠੱਗਣ ਦੇ ਲਈ ਕੀਤਾ ਹੋਣਾ ਹੈ, ਮੈ ਨੂੰ ਗੁਪਾਲ ਦੀ ਪਰ-ਤੀਤ ਨਹੀਂ, ਮੈਂ ਜਾਣਨੀ ਹਾਂ, ਜੋ ਉਹ ਮੁੰਡਾ ਚੰਗਾ ਨਹੀਂ ਹੈ, ਮੈ ਨੂੰ



Digitized by Panjab Digital Library | www.panjabdigilib.org

ਇਹ ਭਰਮ ਪੈਂਦਾ ਹੈ, ਜੋ ਉਹ ਜੂਆ ਖੇਡਦਾ ਹੋਵੇਗਾ ਹੈ, ਅਰ ਰੁਪਈਆਂ ਦੀ ਲੋੜ ਪਈ ਹੋਵੇਗੀ ਹੈ ॥

ਕੌਣ ਜਾਣਦਾ ਹੈ, ਇਸ ਜਗਤ ਦੀ ਅਣੋਖੀ ਗੱਲ ਹੈ, ਸਭ ਕੁਛ ਬਦਲਦਾ ਜਾਂਦਾ ਹੈ। ਭਲਾ ਤੈਂ ਬੰਸੀ ਬਾਬੂ ਦੀ ਵਹੁਟੀ ਨੂੰ, ਜਦ ਦੀ ਉਹ ਕਲਕੱਤਿਓਂ ਆਈ ਹੈ, ਡਿੱਠਾ ਹੈ ॥

ਨਹੀਂ, ਮੈਂ ਨਹੀਂ ਡਿੱਠਾ, ਭਲਾ ਉਹ ਆ ਗਈ ਹੈ ॥

ਸੁੱਕਰਵਾਰ ਨੂੰ ਮੁੜ ਆਈ ਹੈ, ਉਹ ਛੇ ਮਹੀਨੇ ਆਪਣੇ ਪੇਉਕੇ ਘਰ ਰਹੀ, ਅਤੇ ਤੂੰ ਕੀ ਸਮਝਦੀ ਹੈ, ਭਈ ਉਹ ਪੜ੍ਹਨਾ ਤੇ ਕਸੀਦਾ ਕੱਢਣਾ ਸਿੱਖ ਆਈ ਹੈ ॥

ਅਚਰਜ ਦੀ ਗੱਲ ਹੈ, ਤੁਸਾਂ ਉਹ ਦਾ ਕੰਮ ਡਿੱਠਾ ਹੈ ॥

ਹਾਂ, ਉਹ ਆਪਣੇ ਸੁਆਮੀ ਵਾਸਤੇ ਇੱਕ ਜੁੱਤੀ ਲਿਆਈ ਹੈ, ਜਿਸ ਉੱਤੇ ਕਾਢ ਦਾ ਕੰਮ ਹੋਇਆ ਹੋਇਆ ਹੈ, ਉਸ ਨੂੰ ਸਿਲਪਟ ਜੁੱਤੀ ਸੱਦਦੇ ਹਨ, ਅਤੇ ਆਪਣੇ ਸਹੁਰੇ ਦੇ ਲਈ ਟੋਪੀ, ਦੋਵੇਂ ਉਸ ਦੇ ਹੱਥਾਂ ਦੇ ਬਣੇ ਹੋਏ ਹਨ, ਅਤੇ ਉਹ ਆਖਦੀ ਹੈ, ਜੋ ਮੇਰੇ ਪੇਉਕੇ ਘਰ ਵਿੱਚ ਸਭੇ ਪੜ੍ਹਨਾ ਅਤੇ ਸੀਉਣਾ ਪਰੋਣਾ ਸਿੱਖਦੀਆਂ ਪੱਈਆਂ ਹਨ ॥

ਸੱਚ ਮੁੱਚ? ਬੜੀ ਅਣੋਖੀ ਗੱਲ ਹੈ, ਓਹ ਕਿੱਕੁਰ ਸਿਖਦੀਆਂ ਹਨ ॥

ਇੱਕ ਅੰਗ੍ਰੇਜੀ ਮੇਮ ਸੱਤੇ ਵਿੱਚ ਦੋ ਦਿਨ ਉਨ੍ਹਾਂ ਨੂੰ ਸਿਖਾਉਣ ਆਉਂਦੀ ਹੈ। ਅਤੇ ਇੱਕ ਚੰਗੀ ਪੜ੍ਹੀ ਹੋਈ ਦੇਸੀ ਤੀਮੀਂ ਰੋਜ ਆਉਂਦੀ ਹੈ। ਛੋਟੀ ਵਹੁਟੀ ਆਖਦੀ ਹੈ, ਜੋ ਉਹ ਮੇਮ ਸਾਹਿਬਾ ਵੀਹਾਂਕੁ ਵਰਿਹਾਂ ਦੀ ਹੋਊ, ਅਰ ਅਜੇ ਤੋੜੀ ਉਸ ਦਾ ਵਿਆਹ ਨਹੀਂ ਹੋਇਆ ਉਸ ਦੇ ਮਾਪਿਆਂ ਨੈ ਕੀ ਸਮਝ ਛੱਡਿਆ ਹੋਊ ॥

ਆਹਾ ਹਾ, ਉਹ ਆਖਦੀ ਹੈ ਅੰਗ੍ਰੇਜ ਆਪਣੀਆਂ ਧੀਆਂ

Digitized by Panjab Digital Library | www.panjabdigilib.org

Prof. Dr. Harnam Singh Shan
Principal Project Investigator
U.G C. Research Project on Sikhism
605, Sector 16, Chandigarh,



ਨੂੰ ਵਿਆਹ ਕਰਨ ਦੇ ਲਈ ਕੁਛ ਆਗਿਆ ਨਹੀਂ ਦਿੰਦੇ, ਓਹ ਸਾਡੇ ਵਾਙੂੰ ਛੋਟੀ ਅਵਸਥਾ ਵਿੱਚ ਕਦੀ ਨਹੀਂ ਵਿਆਹੁੰਦੇ, ਅੰਗ੍ਰੇਜ਼ੀ ਮੇਂਮ ਜਦ ਅਠਾਰਾਂ ਵੀਹਾਂ ਵਰਿਹਾਂ ਦੀ ਹੋ ਜਾਵੇ, ਤਦ ਵਿਆਹ ਕਰਦੀ ਹੈ, ਕਦੀ ਕਦੀ ਤੀਹਾਂ ਵਰਿਹਾਂ ਦੀ ਬੀ ਹੋਕੇ, ਅਤੇ ਤਦ ਬੀ ਉਹ ਨਿਰਾ ਆਪਣੀ ਇੱਛਿਆ ਨਾਲ਼ ਹੀ ਵਿਆਹ ਕਰ-ਦੀਆਂ ਹਨ॥

ਆਹਾ, ਅਚਰਜ ਤਰਾਂ ਦੇ ਓਹ ਲੋਕ ਹਨ, ਪਰ ਉਸ ਅੰਗ੍ਰੇਜ਼ੀ ਬੀਬੀ ਦੀਆਂ ਗੱਲਾਂ ਮੈ ਨੂੰ ਸੁਣਾਉ, ਜੋ ਉਹ ਕਿਹਾਕੁ ਉਸ ਨੂੰ ਦੱਸਦੀ ਹੈ॥

ਉਹ ਬਹੁਤ ਗੋਰੀ ਹੈ, ਅੱਖਾਂ ਬਿੱਲੀਆਂ, ਅਤੇ ਵਾਲ਼ ਕੱਕੇ, ਉਹ ਆਖਦੀ ਹੈ, ਜੋ ਉਹ ਬੜੇ ਹਿਤ ਨਾਲ਼ ਹਸਦੀ ਹੈ, ਅਤੇ ਬੜੀਆਂ ਮਨਮੋਹਣੀਆਂ ਗੱਲਾਂ ਬੋਲਦੀ ਹੈ॥

ਐਨੇ ਵਿੱਚ ਬਸੰਤ ਜਾਗੀ, ਅਰ ਆਖਣ ਲੱਗੀ, ਮੈਂ ਬੀ ਉਸ ਮੇਂਮ ਨੂੰ ਵੇਖਣਾ ਸੀ॥

ਉਹ ਆਖਦੀ ਹੈ, ਮੈਂ ਉਹ ਨੂੰ ਇੱਥੇ ਆਉਣ ਦਾ ਆਖਿਆ ਹੈ, ਜੋ ਸਾ ਨੂੰ ਸਭਨਾਂ ਨੂੰ ਸਿਖਾਵੇ, ਤੁਹਾਡੀ ਸਮਝ ਵਿੱਚ ਭਲਾ ਉਹ ਆਵੇਗੀ?

ਮੈਂ ਕਿਸ ਤਰਾਂ ਆਖਾਂ, ਮੈਂ ਤਾਂ ਚਾਹੁੰਦੀ ਹਾਂ ਜੋ ਉਹ ਆਵੇ, ਕਿੰਉ ਜੋ, ਮੈਂ ਅੰਗ੍ਰੇਜ਼ੀ ਬੀਬੀ ਨੂੰ ਕਦੀ ਨਹੀਂ ਡਿੱਠਾ, ਦੂਰੋਂ ਬੀ ਕਦੀ ਨਹੀਂ। ਅਤੇ ਹੁਣ ਮੈਂ ਜਾਂਦੀ ਹਾਂ, ਕਿੰਉ ਜੋ ਰੋਟੀ ਪਕਾਉਣ ਦਾ ਵੇਲਾ ਹੋ ਗਿਆ ਹੈ॥

ਇੱਸੇ ਤਰਾਂ ਆਪਣੀਆਂ ਗੱਪਾਂ ਸੱਪਾਂ ਪੂਰੀਆਂ ਕਰਕੇ ਉਹ ਚਲੀ ਗਈ॥

ਪੰਦ੍ਰਾਂ ਦਿਨ ਬੀਤੇ। ਬਸੰਤ ਬਹੁਤਾ ਉਸ ਅੰਗ੍ਰੇਜ਼ੀ ਬੀਬੀ ਦੇ

ਮਿੱਠੇ ਮਿੱਠੇ ਹੱਸਲ ਵੱਲ ਧਿਆਨ ਕਰੇ, ਅਰ ਚਾਹੇ, ਜੋ ਕਿਸੇ ਤਰਾਂ ਉਹ ਨੂੰ ਵੇਖ ਸੱਕਾਂ। ਪ੍ਰਸੰਨੂ ਬੀ ਚਾਹੁੰਦੀ ਸੀ, ਜੋ ਕਿਸੇ ਤਰਾਂ ਸੋਉਲ ਪਰੋਲ ਦਾ ਕੰਮ ਵੇਖਾਂ, ਅਰ ਸਿੱਖਾਂ। ਕੁਮਾਰੀ ਦਾ ਬੀ ਮਨ ਲੋਚਿਆ। ਗੱਲ ਕਾਹਦੀ ਇੱਕ ਦਿਨ ਵੀਰਵਾਰ ਤਾਰਾਮਣੀ ਬਾਹਰ ਗਈ ਸੀ, ਅਰ ਬੜੇ ਹਉਬਲੱਕੇ ਨਾਲ਼ ਦੌੜੀ ਆਈ, ਅਰ ਆਖਲ ਲੱਗੀ॥

ਗੱਲ ਕਾਹਦੀ ਉਹ ਅੰਗ੍ਰੇਜੀ ਬੀਬੀ, ਜਿਸ ਦੀ ਗੱਲ ਹੀਰਾਲਾਲ ਦੀ ਮਾਂ ਨੇ ਉਸ ਦਿਨ ਆਖੀ ਸੀ, ਬੰਸੀ ਬਾਬੂ ਦੇ ਘਰ ਆਈ ਹੈ॥

ਤੈਂ ਉਸ ਨੂੰ ਡਿੱਠਾ ਹੈ? ਤ੍ਰਿੰਨੇਂ ਤੀਮੀਆਂ ਇੱਕੋ ਵਾਰ ਬੋਲ ਉੱਠੀਆਂ॥

ਹਾਂ, ਉਹ ਤਾਂ ਬੜੀ ਮਿੱਠਬੋਲੀ ਹੈ, ਉਸ ਨੇ ਮੇਰੀ ਵੱਲ ਅਜਿਹੇ ਪਿਆਰ ਨਾਲ਼ ਤੱਕਿਆ, ਅਰ ਅਜਿਹੀ ਮਿੱਠੀ ਗੱਲ ਮੇਰੇ ਨਾਲ਼ ਕੀਤੀ, ਜੋ ਮੈਂ ਜਾਲਨੀ ਹਾਂ, ਉਹ ਕੋਈ ਦੇਵੀ ਹੈ। ਉਹ ਅਜਿਹੀ ਅਜਿਹੀ ਕਾਰੀਗਰੀ ਆਪਲੇ ਨਾਲ਼ ਲਿਆਈ ਹੈ, ਅਰ ਅਜਿਹੀ-ਆਂ ਸੋਹਲੀਆਂ ਮੂਰਤਾਂ, ਜੋ ਕੀ ਆਖਾਂ। ਇੱਕ ਮੂਰਤ ਇੰਗਲਿਸ-ਤਾਨ ਦੀ ਮਹਾਰਾਲੀ ਦੀ ਬੀ ਉਹ ਦੇ ਕੋਲ਼ ਹੈ, ਅਤੇ ਅਲੋਖੀ ਗੱਲ ਇਹ ਹੈ, ਜੋ ਉਹ ਆਖਦੀ ਹੈ, ਕਿ ਉਹ ਸਾਡੀ ਬੀ ਮਹਾਰਾਲੀ ਹੈ, ਅਰ ਹੁਲ ਉਹ ਰਾਲੀ ਵਿਧਵਾ ਹੋ ਗਈ ਹੈ॥

ਹਾਇ, ਤੀਮੀਂ ਦੇ ਕੇਹੇ ਖੋਟੇ ਕਰਮ ਹਨ॥

ਉਸ ਦੇ ਸੁਆਮੀ ਨੂੰ ਮੋਇਆਂ ਦੇ ਵਰਹੇ ਬੀਤ ਗਏ ਹਨ, ਉਹ ਆਪਲੇ ਭਰਤੇ ਨੂੰ ਵਡਾ ਪਿਆਰਾ ਜਾਲਦੀ ਸੀ, ਪਰ ਉਸ ਦੇ ਬਹੁਤਸਾਰੇ ਰਾਜਕੁਮਾਰ ਅਰ ਰਾਜਕੁਮਾਰੀਆਂ ਹਨ। ਅਤੇ ਚਾਰ ਜਵਾਈ ਬੀ ਹਨ, ਅਰ ਦੋ ਨੂੰਹਾਂ ਬੀ ਹਨ, ਜੋ ਬੜੀਆਂ ਸੁੰਦਰ ਹਨ॥

Digitized by Panjab Digital Library | www.panjabdigilib.org

ਬਸੰਤ ਨੈ ਕਿਹਾ ਹੇ ਪੇਸੀ ਮਾਂ, ਤੂੰ ਉਹ ਨੂੰ ਇੱਥੇ ਆਉਣ ਦਾ ਕੁਛ ਨਹੀਂ ਆਖਿਆ॥

ਕੁਮਾਰੀ ਅਰ ਪ੍ਰਸੰਨੂ ਨੈ ਬੀ ਆਖਿਆ, ਜਾਓ, ਉਸ ਮੇਂਮ-ਸਾਹਿਬਾ ਨੂੰ ਆਖਣਾ, ਜੋ ਅਸੀਂ ਉਹ ਦੇ ਮਿਲਨ ਲਈ ਉੱਥੇ ਨਹੀਂ ਜਾ ਸਕਦੀਆਂ, ਸੋ ਬੇਨਤੀ ਕਰਨੀ, ਜੋ ਕਿਰਪਾ ਕਰਕੇ ਸਾ ਨੂੰ ਮਿਲ ਜਾਣ॥

ਤਾਰਾਮਣੀ ਸਨੇਹਾ ਦੇਣ ਗਈ, ਹੋਰ ਸਭ ਤੀਮੀਆਂ ਬੜੇ ਚਾਉ ਨਾਲ ਠਹਿਰੀਆਂ ਰਹੀਆਂ। ਅੱਧੇ ਘੰਟੇ ਪਿੱਛੇ ਉਹ ਬੀਬੀ ਆਈ, ਬਹੁਤਸਾਰੇ ਮੁੰਡੇ ਕੁੜੀਆਂ ਉਹ ਦੇ ਮਗਰ ਮਗਰ ਸਨ, ਤੀਮੀਆਂ ਨੈ ਆਖਿਆ, ਮੇਂਮਸਾਹਿਬ ਜੀ ਅੰਦਰ ਆਓ, ਅੰਦਰ ਆਓ, ਅਰ ਉਨਾਂ ਨੂੰ ਮਹਿਲਾਂ ਦੇ ਉਪਰ ਸੁਫੇ ਵਿੱਚ ਲੈ ਗਈਆਂ। ਕੁਮਾਰੀ ਨੈ ਮੁੰਡਿਆਂ ਨੂੰ ਤਾਂ ਕੁਛ ਰੁੱਖਿਆਂ ਹੋਕੇ ਬਾਹਰ ਕੱਢ ਦਿੱਤਾ, ਪਰ ਬਹੁਤ ਸਾਰੀਆਂ ਤੀਮੀਆਂ ਨੂੰ ਜੋ ਗੁਆਂਢੋਂ ਹੋਕੇ ਪਿੱਛਾਉੜੇ ਦੇ ਰਾਹ ਥਾਣੀਂ ਆਈਆਂ ਸੀਆਂ, ਅੰਦਰ ਸੱਦ ਲਿਆ। ਵੀਹ ਤੀਮੀਆਂ ਬੜੀ ਤੱਕ ਲਾਕੇ ਉਸ ਅੰਗ੍ਰੇਜੀ ਬੀਬੀ ਦੇ ਕੋਲ ਬੈਠੀਆਂ, ਅਰ ਚਹੁੰ ਪੰਜਾਂ ਪਲਾਂ ਵਿੱਚ ਹੀ ਬੀਬੀ ਨੈ ਉਨਾਂ ਦੇ ਮਨਾਂ ਨੂੰ ਮੋਹ ਲਿਆ। ਨਿੱਕੀ ਕਾਮਿਨੀ ਨੂੰ ਉਸ ਨੈ ਬੜੇ ਪਿਆਰ ਨਾਲ ਕੋਲ ਬੈਠਾਲਿਆ, ਅਤੇ ਸਲਾਹਿਆ। ਪ੍ਰਸੰਨੂ ਦੇ ਕੋਈ ਬਾਲ ਨਾ ਹੋਣ ਦੇ ਕਾਰਨ ਉਹ ਬੀਬੀ ਬੜੀ ਉਦਾਸ ਹੋਈ, ਅਤੇ ਜਦ ਬਸੰਤ ਦੇ ਦੁੱਖਾਂ ਦੀ ਕਥਾ ਸੁਣੀ, ਤਾਂ ਉਸ ਬੀਬੀ ਨੈ ਬੜੀ ਦਇਆ ਨਾਲ ਬਸੰਤ ਦੀ ਵੱਲ ਡਿੱਠਾ। ਉਸ ਦੀ ਨਜਰ ਬਸੰਤ ਦੇ ਓਦਰੇ ਹੋਏ ਅੰਤਾਕਰਣ ਦੇ ਅੰਦਰ ਖੁੱਭ ਗਈ॥

ਕੁਮਾਰੀ ਅਤੇ ਪ੍ਰਸੰਨੂ ਘੜੀ ਘੜੀ ਉਹ ਨੂੰ ਪੁੱਛਣ ਲੱਗੀਆਂ।

Digitized by Panjab Digital Library | www.panjabdigilib.org

ਹੱਥ ਦੀ ਕਾਰੀਗਰੀ, ਸੁੰਦਰ ਸਿਲਪਟ ਜੁੱਤੀਆਂ, ਜਿਨ੍ਹਾਂ ਦੇ ਵਿੱਚ ਗੁਲਾਬ ਦੇ ਫੁੱਲ ਬਣੇ ਹੋਏ ਸੇ, ਅਤੇ ਟੋਪੀਆਂ, ਜਿਨ੍ਹਾਂ ਦੇ ਵਿੱਚ ਸੋਹਣੀਆਂ੨ ਚਟਕੀਲੀਆਂ ਵੇਲਾਂ ਕੰਨੀਂ ਉੱਤੇ ਬਣੀਆਂ ਹੋਈਆਂ ਸੀਆਂ, ਨਰਮ ਅਤੇ ਗਰਮ ਉੱਨ ਦੇ ਗਲਾਬੰਦ, ਜਿਨ੍ਹਾਂ ਉੱਤੇ ਹਿੰਦੂ ਸਰਦਾਰ ਪ੍ਰਸਿੰਨ ਹੁੰਦੇ ਹਨ, ਲੋਈ ਕੰਬਲ ਆਦਿ ਏਹ ਸਭ ਵਸਤਾਂ ਵਿਖਾਈਆਂ। ਤਦ ਫੋਟੋਗ੍ਰਾਫ ਦੀਆਂ ਮੂਰਤਾਂ ਦੀ ਪੋਥੀ ਕੱਢੀ, ਮਹਾਰਾਣੀ ਦੀ ਮੂਰਤ ਨਿੱਕਲਿਆਂ ਉੱਤੇ ਅਣਗਿਣਤ ਗੱਲਾਂ ਪੁੱਛੀਆਂ ਗੱਈਆਂ, ਉਨ੍ਹਾਂ ਦੇ ਉੱਤਰ ਵਿੱਚ ਇਹ ਆਖਿਆ, ਭਈ ਉਹ ਕੇਹੇ ਨਜਾਜ ਨਾਲ਼ ਰਾਜ ਦੀ ਮਰਜਾਦਾ ਕਰਦੀ ਹੈ, ਅਤੇ ਉਹ ਆਪਣੇ ਭਰਤੇ ਨਾਲ਼ ਕੇਡਾ ਪਿਆਰ ਕਰਦੀ ਸੀ, ਹੁਣ ਉਹ ਮਰ ਗਿਆ ਹੈ, ਤਾਂ ਸੁਰਗ ਵਿੱਚ ਉਸ ਨੂੰ ਮਿਲਨ ਦਾ ਰਾਹ ਤਕਦੀ ਹੈ। ਵੇਲਸ ਦੀ ਰਾਜਕੁਮਾਰੀ ਦੀ ਬੜੀ ਉਸਤੁਤਿ ਹੋਈ, ਉਸ ਦੀਆਂ ਸੁੰਦਰ ਨੀਲੀਆਂ ਅੱਖਾਂ, ਸੁਨਹਿਰੀ ਵਾਲ, ਵਿੱਚ ਸੋਹਣੇ ਸੋਹਣੇ ਫੁੱਲ ਗੁੰਦੇ ਹੋਏ, ਅਤੇ ਉਸ ਦੇ ਗਲ਼ ਦੇ ਵਿੱਚ ਹੀਰਿਆਂ ਦਾ ਹਾਰ, ਇਨ੍ਹਾਂ ਸਭਨਾਂ ਗੱਲਾਂ ਦੀ ਬੜੀ ਚਰਚਾ ਹੋਈ। ਇੱਕ ਮੂਰਤ ਦੇ ਪਿੱਛੋਂ ਦੂਈ ਹੋਰ ਮੂਰਤ ਵਿਖਾਈ, ਅਤੇ ਥੋਹੜਾ ਥੋਹੜਾ ਬਿਰਤੰਤ ਸਭ ਦਾ ਸੁਣਾਇਆ। ਅੰਤ ਨੂੰ ਪਲੰਘ ਦੇ ਉੱਤੇ ਬੈਠੇ ਹੋਏ ਇੱਕ ਵਰਹੇਕੁ ਦੇ ਮੁੰਡੇ ਦੀ ਮੂਰਤਿ ਦੱਸੀ। ਇਹ ਕਿਸ ਦਾ ਮੁੰਡਾ ਹੈ? ਉਹ ਦੇ ਉੱਤਰ ਵਿੱਚ ਆਖਿਆ, ਜੋ ਇਹ ਹੁਣ ਸੁਰਗ ਵਿੱਚ ਹੈ। ਇਹ ਗੱਲ ਇੱਕ ਬਸੰਤ ਖੂਣੋ ਹੋਰ ਕਿਸੇ ਦੇ ਮਨ ਨੂੰ ਨਾ ਲੱਗੀ, ਅਤੇ ਉਸ ਨੈ ਬੀ, ਭਾਵੇਂ ਉਹ ਦੀਆਂ ਅੱਖੀਆਂ ਚਾਉ ਨਾਲ਼ ਚਮਕਣ ਲੱਗੀਆਂ, ਅਰ ਉਹ ਦੇ ਹੋਂਠ ਕੁਛ ਪੁੱਛਣ ਦੇ ਮਨੋਰਥ ਨਾਲ਼ ਫਰਕਣ ਲੱਗੇ, ਪਰ ਕੁਛ ਨਾ ਆਖਿਆ। ਇਸ ਤਰਾਂ ਹਸਦਿਆਂ, ਅਰ ਅਨੰਦ ਨਾਲ਼ ਇੱਕ ਘੰਟਾ ਬੀਤਦਾ ਕਿਸੇ ਨੂੰ

Digitized by Panjab Digital Library | www.panjabdigilib.org

ਨਾ ਮਲੂਮ ਹੋਇਆ। ਤਦ ਉਸ ਬੀਬੀ ਨੈ ਆਖਿਆ ਹੁਣ ਮੈਂ ਗਾਉਣਾ ਸੁਣਾਉਂਦੀ ਹਾਂ। ਸਭੇ ਬੜੀਆਂ ਪਰਸਿੰਨ ਹੋਈਆਂ। ਉਸ ਨੈ ਇੱਕ ਬੰਗਾਲੀ ਗੀਤ ਗਾਵਿਆਂ, ਜੋ ਪ੍ਰਸੰਨ ਭੂਮਿ ਅਰਥਾਤ ਸੁਰਗ, ਅਰ ਉਸ ਦੀ ਮਹਿਮਾ ਵਿਖੇ ਸੀ। ਸੱਭੇ ਤੀਮੀਆਂ ਚੰਗੀ ਤਰਾਂ ਮਨ ਲਾਕੇ ਸੁਣਦੀਆਂ ਰਹੀਆਂ। ਉਹ ਨੂੰ ਸੁਣਕੇ ਇੱਕ ਬੁੱਢੀ ਤੀਮੀਂ ਰੋਣ ਲੱਗੀ। ਬਸੰਤ ਇਸ ਗਾਉਣ ਉੱਤੇ ਮੋਹੀ ਗਈ, ਅਰ ਅੱਗੇ ਨੂੰ ਵਧੀ, ਇਸ ਗੀਤ ਦੀ ਕੋਈ ਕੋਈ ਤੁਕ ਉਹ ਨੂੰ ਕਦੀ ਨਾ ਭੁੱਲੀ॥

ਤਦ ਉਸ ਬੀਬੀ ਨੈ ਪੁੱਛਿਆ, ਤੁਸੀਂ ਕੁਛ ਪੜ੍ਹਨਾ, ਲਿਖਣਾ ਅਤੇ ਕਾਰੀਗਰੀ ਬੀ ਸਿਖਣੀ ਚਾਹੁੰਦੀਆਂ ਹੋ? ਪ੍ਰਸੰਨੂ ਨੈ ਆਪਣੀ ਸਿੱਕ ਜਣਾਈ, ਅਤੇ ਜੋ ਕੁਛ ਜਾਣਦੀ ਸੀ, ਉਸ ਨੂੰ ਦੱਸਿਆ। ਬੀਬੀ ਨੈ ਉਸ ਦਾ ਮਨ ਵਧਾਇਆ। ਗੋਪਾਲਕਾਮਿਨੀ ਨਾਮੇ ਪੋਥੀ, ਅਤੇ ਇੱਕ ਟੋਟਾ ਜਾਲੀ ਦਾ ਪ੍ਰਸੰਨੂ ਨੂੰ ਦਿੱਤਾ, ਅਰ ਇੱਕ ਸੁਖਾਲ੍ਹਾ ਜੇਹਾ ਬੂਟਾ ਬਣਾਉਣਾ ਉਸ ਨੂੰ ਦੱਸਿਆ। ਬਸੰਤ ਕੁਛ ਬੀ ਨਾ ਬੋਲੀ, ਉਸ ਨੈ ਧੰਧੇ ਵਿੱਚ ਲੱਗਣਾ ਅਰ ਅਨੰਦ ਵਿਚ ਹੋਣਾ ਬੁਰਾ ਸਮਝਿਆ, ਕਿੰਉ ਜੋ ਉਸ ਦਾ ਇਵ੍ਹਾਣਾ ਨੀਂਗਰ ਮਰ ਗਿਆ, ਅਤੇ ਸੜ ਬਲਕੇ ਸੁਆਹ ਦੀ ਮੁੱਠ ਹੋ ਗਿਆ ਸੀ। ਗੁਆਂਢ ਦੀਆਂ ਹੋਰਨਾਂ ਤੀਮੀਆਂ ਦਾ ਮਨ ਬੀ ਸਿੱਖਣ ਨੂੰ ਕੀਤਾ। ਤਦ ਉਨ੍ਹਾਂ ਨੂੰ ਬੀ ਅੱਖਰਬੋਧਨੀ ਦੀਆਂ ਪੋਥੀਆਂ, ਅਤੇ ਜਾਲੀਂ ਦੇ ਟੋਟੇ ਕਾਰੀਗਰੀ ਦੇ ਲਈ ਦਿੱਤੇ। ਤਦ ਉਹ ਬੀਬੀ ਵਿਦਿਆ ਹੋਈ, ਅਰ ਆਖ ਗਈ ਜੋ ੧੫ ਦਿਨਾਂ ਨੂੰ ਫੇਰ ਆਵਾਂਗੀ। ਅਤੇ ਜਦ ਉਹ ਬੂਹਿਓਂ ਬਾਹਰ ਹੋਈ, ਤਾਂ ਇਹੋ ਗੱਲ ਸਭਨਾਂ ਦੇ ਮੂੰਹੋਂ ਨਿੱਕਲੀ, ਭਈ ਮੇਮ ਸਾਹਿਬ ਜੀ ਜਰੂਰ ਆਉਣਾ, ਜਰੂਰ ਆਉਣਾ॥

Digitized by Panjab Digital Library | www.panjabdigilib.org

ਸੋ ਉਹ ਜਰੂਰ ਆਈ। ਪੰਦ੍ਰੀਂ ਦੀ ਪੰਦ੍ਰੀਂ ਦਿਨੀਂ ਉਹ ਉੱਦ-ਮਲ ਬੀਬੀ ਗੋਪਾਲਪੁਰ ਤੀਕੁਰ ਆਵੇ, ਅਤੇ ਵੀਰਵਾਰ ਜੋ ਉਸ ਦੇ ਆਉਣ ਦਾ ਦਿਨ ਸੀ, ਓਹ ਤਿਸ ਦਾ ਰਾਹ ਬੜੇ ਉਤਸਾਹ ਨਾਲ ਤੱਕਦੀਆਂ ਰਹਿਣ। ਪ੍ਰਸੰਨੂ ਉਸ ਦੇ ਆਉਣ ਦਾ ਰਾਹ ਵੇਖਦੀ ਰਹੇ, ਬੜੀ ਤਨੋਂ ਮਨੋਂ ਹੋਕੇ ਪੜ੍ਹਨ ਲਿਖਣ ਅਰ ਕਾਰੀਗਰੀ ਵਿੱਚ ਲੱਗੀ ਰਹੇ, ਜੋ ਉਹ ਪੋਥੀ ਦੇ ਪੜ੍ਹਿਆਂ ਨੂੰ ਸੁਖਾਲੀ ਹੀ ਪੜ੍ਹ ਸਕੇ, ਅਤੇ ਉਸ ਬੀਬੀ ਦੇ ਮਿੱਠੇ ਅਰ ਰਸੀਲੇ ਬਚਨਾਂ ਦੇ ਪਾਉਣ ਦੇ ਜੋਗ ਹੋਵੇ। ਗੋਪਾਲਕਾਮਿਨੀ ਛੇਤੀ ਹੀ ਮੁਕਾ ਲਈ। ਅਰ ਫੇਰ ਫੁਲਮਣੀ ਅਰ ਕਰਣਾ ਨੂੰ ਲੱਗੀ, ਕੁਮਾਰੀ ਨੈ ਬੀ ਸਿੱਖਣ ਦਾ ਮਨ ਕੀਤਾ, ਅਤੇ ਇੱਕ ਨਿੱਕੀ ਜੇਹੀ ਪੋਥੀ ਲੈਕੇ ਉਹ ਬੀ ਕਾਰੇ ਰੁੱਝੀ। ਬਸੰਤ ਜੋ ਸਾਰਿਆਂ ਕੋਲੋਂ ਚਤੁਰ ਸੀ, ਥੋਹੜੇ ਚਿਰ ਤੋੜੀ ਚੁੱਪ ਰਹੀ, ਓੜਕ ਉਹ ਨੂੰ ਬੀ ਪੜ੍ਹਨ ਲਈ ਪ੍ਰੇਰਿਆ। ਸਭੇ ਬੜੀ-ਆਂ ਤਨੋਂ ਮਨੋਂ ਹੋਕੇ ਧੰਧੇ ਵਿੱਚ ਰੁੱਝੀਆਂ ਰਹਿਣ। ਸਾਰੀਆਂ ਨੈ ਇੱਕ ੨ ਜੋੜਾ ਸੁੰਦਰ ਸਿਲਪਟਾਂ* ਜੁੱਤੀਆਂ ਦਾ ਬਣਾਇਆ, ਕੁਮਾਰੀ ਅਤੇ ਪ੍ਰਸੰਨੂ ਨੈ ਆਪੋ ਆਪਣੇ ਸੁਆਮੀਆਂ ਦੇ ਵਾਸਤੇ, ਅਤੇ ਬਸੰਤ ਵਿਚਾਰੀ ਨੈ ਪ੍ਰੇਮਚੰਦ ਦੇ ਲਈ, ਕਿੰਉ ਜੋ ਭਾਵੇਂ ਉਹ ਕਦੀ ਕਦੀ ਬੜਾ ਔਖਾ ਹੀ ਹੱਥ ਆਉਂਦਾ ਸੀ, ਪਰ ਉਸੇ ਨੈ ਬਸੰਤ ਨੂੰ ਪਹਿਲੇ ਸਹਾਰਾ ਦਿੱਤਾ ਸੀ। ਆਂਢ ਗੁਆਂਢ ਦੀਆਂ ਤੀਮਤਾਂ ਬੀ ਸਿੱਖਦੀਆਂ ਸੀਆਂ, ਅਤੇ ਹਰ ਵੀਰਵਾਰ ਨੂੰ ਓਹ ਪੰਡਿਤ ਦੇ ਘਰ ਮਿਲਨ, ਅਰ ਉਸ ਮੇਮਸਾਹਿਬਾ ਨੂੰ ਵੇਖਣ, ਅਰ ਉਹ ਉਨ੍ਹਾਂ ਨੂੰ ਸਹਾਰਾ ਦਿੱਤਾ ਕਰੇ। ਇਸ ਤਰਾਂ ਉਨ੍ਹਾਂ ਤੀਮੀਆਂ ਦੇ ਜੀਉਣ ਦੇ ਦਿਨ ਜੋ ਪਹਿਲਾਂ ਮੰਦੇ ਸੇ, ਹੁਣ ਕਈ ਪ੍ਰਕਾਰ

---

* ਸਿਲਪਟ ਇੱਕ ਪ੍ਰਕਾਰ ਦੀ ਜੁੱਤੀ ਦਾ ਨਾਉਂ ਹੈ—ਜਿਸ ਦਾ ਤਲਾ ਚੰਮ ਦਾ ਅਰ ਉਪਰੋਂ ਉੱਨ ਦੀ ਹੁੰਦੀ ਹੈ—ਅਰ ਉਸ ਉਤੇ ਕਾਢ ਦੇ ਫੁੱਲ ਬੂਟੇ ਬਣੇ ਹੋਏ ਹੁੰਦੇ ਹਨ॥

Digitized by Panjab Digital Library | www.panjabdigilib.org

ਚਮਕ ਆਏ। ਉਹ ਰੰਗਬਰੰਗੀ ਚਮਕਦੀ ਉੱਨ ਦੇ ਤਾਲੇ ਵਾਲੇ ਉਨ੍ਹਾਂ ਦੇ ਰੋਜ ਦਿਹਾੜ੍ਹੀ ਬਿਤਾਉਣ ਦਾ ਰਾਹ ਦੱਸਦੇ ਸਨ, ਉਹ ਪੋਥੀਆਂ ਅਰ ਉਨ੍ਹਾਂ ਦੇ ਵਿਚਲੇ ਬ੍ਰਿਤਾਂਤ ਹੀ ਉਨ੍ਹਾਂ ਦੀਆਂ ਚਿਤਮਲੀਆਂ ਸ੍ਵਕਤੀ ਦੇ ਸਾਰੇ ਰਾਜ ਨੂੰ ਵਸਾਉਂਦੇ ਸਨ। ਇਹ ਕੇਹੀ ਮਨਭਾਉਂਦੀ ਗੱਲ ਸੀ, ਜੋ ਕੁਮਾਰੀ ਪ੍ਰਸੰਨੂ ਅਤੇ ਬਸੰਤ ਤਿੰਨੇਂ ਦਿਰਾਣੀਆਂ ਜਿਠਾਣੀਆਂ ਇੱਕੋ ਸਫ ਉੱਤੇ ਬਹਿੰਦੀਆਂ, ਅਤੇ ਆਪਣੀਆਂ ਪੋਥੀਆਂ ਅਤੇ ਹੋਰਨਾਂ ਧੰਧਿਆਂ ਵਿੱਚ ਰੁੱਝੀਆਂ ਰਹਿੰਦੀਆਂ ਸਨ। ਉਹ ਬੜੀ ਉੱਚੀ ਸੁਰ ਨਾਲ ਪੜ੍ਹਨ, ਉਨ੍ਹਾਂ ਸਭਨਾਂ ਵਿੱਚੋਂ ਚੰਗੀ ਪੜ੍ਹਨਵਾਲੀ ਬਸੰਤ ਸੀ, ਕੁਮਾਰੀ ਅਰ ਪ੍ਰਸੰਨੂ ਕੰਮ ਕਰਨ, ਨਾਲੇ ਸੁਣਦੀਆਂ ਰਹਿਣ॥

ਪੰਡਿਤ ਅਰ ਉਸ ਦਾ ਭਰਾਉ ਹੁਣ ਚਾਹੁੰਦੇ ਸੇ, ਜੋ ਸਾਡੀਆਂ ਤੀਮਤਾਂ ਬੀ ਕੁਛ ਸਿੱਖਣ। ਬਹੁਤ ਚਿਰ ਕਲਕੱਤੇ ਵਿੱਚ ਰਹਿਣ ਕਰਕੇ ਉਨ੍ਹਾਂ ਦੇ ਵਿਚਾਰ ਬੀ ਕਈ ਸੁਧਰ ਗਏ ਸੇ। ਕਿਉਂ ਜੋ ਕਲ-ਕੱਤੇ ਵਿੱਚ ਉਨ੍ਹਾਂ ਨੈ ਕਈ ਰੀਤਾਂ ਨਵੀਆਂ ਬਦਲਦੀਆਂ ਹੋਈ-ਆਂ ਵੇਖ ਲਈਆਂ ਸਨ। ਜੇ ਉਸ ਗੱਲ ਵਿੱਚ ਉਹ ਕੁਛ ਵਰਜਦੇ, ਤਾਂ ਸਭ ਕੁਛ ਨਾਸ ਹੋ ਗਿਆ ਹੁੰਦਾ, ਕਿਉਂ ਜੋ ਭਰਤਿਆਂ ਦੇ ਹੱਥ ਵਿੱਚ ਹੀ ਹਿੰਦੁਸਤਾਨ ਦੀਆਂ ਤੀਮਤਾਂ ਦਾ ਭਲਾ ਬੁਰਾ ਰਹਿੰਦਾ ਹੈ। ਕੇਹਾ ਚੰਗਾ ਹੁੰਦਾ, ਜੇ ਸਭ ਇੱਸੇ ਨਵੀਂ ਰੀਤ ਉੱਤੇ ਤੁਰਦੇ, ਅਰ ਤੀਮਤਾਂ ਨੂੰ ਬੀ ਉਨ੍ਹਾਂ ਦੀ ਪਦਵੀ ਉੱਤੇ ਪਹੁੰਚਾਉਂਦੇ॥

# ੬ ਕਾਂਡ॥

## ਪ੍ਰਸੰਨੂ ਦੇ ਦੁੱਖ ਦਾ ਬਰਣਨ ॥

ਪ੍ਰਸੰਨੂ ਦੇ ਲਈ ਇਹ ਬਹੁਤ ਚੰਗਾ ਹੋਇਆ, ਜੋ ਉਸ ਨੈ ਪੜ੍ਹਨਾ ਸਿੱਖ ਲਿਆ, ਕਿਉਂ ਜੋ ਇੱਕ ਭਾਰੀ ਚਿੰਤਾ ਅਰ ਬਿਪਤਾ ਉਸ ਉੱਤੇ



Digitized by Panjab Digital Library | www.panjabdigilib.org

ਆਉਣਵਾਲੀ ਸੀ। ਹਿੰਦੂਆਂ ਦੇ ਲਈ ਸੁਆਮੀ ਦੇ ਵਿਛੋੜੇ ਨਾਲੋਂ, ਕੁਛ ਹੀ ਘੱਟ ਇਹ ਬਿਪਤਾ ਹੁੰਦੀ ਹੈ। ਅੱਠਾਂ ਵਰਿਹਾਂ ਦੀ ਸੀ ਜਦ ਉਸ ਦਾ ਵਿਆਹ ਹੋਇਆ ਸੀ ਉਸ ਥੋਂ ਚਾਰ ਵਰਹੇ ਪਿੱਛੋਂ ਉਹ ਆਪਣੇ ਸੁਆਮੀ ਦੇ ਘਰ ਆਈ, ਅਤੇ ਹੁਣ ਅੱਠ ਵਰਹੇ ਬੀਤ ਗਏ, ਪਰ ਉਸ ਦੇ ਜੀ ਦਾ ਪਰਚਾਵਾ ਕੋਈ ਬਾਲ ਇਞਾਣਾ ਨਹੀਂ ਹੋਇਆ ਸੀ। ਹਿੰਦੂ ਤ੍ਰੀਮਤਾਂ ਨੂੰ ਬਾਲ ਬੱਚੇ ਦੇ ਲਈ, ਅਰ ਬਹੁਤਾ ਤਾਂ ਪੁਤ੍ਰਾਂ ਦੇ ਲਈ ਬੜੀ ਇੱਛਿਆ ਹੁੰਦੀ ਹੈ, ਪੁਤ੍ਰ ਬਿਨਾ ਉਨ੍ਹਾਂ ਨੂੰ ਗਤੀ ਕ੍ਰਿਆ ਦੀ ਆਸ ਨਹੀਂ ਹੁੰਦੀ, ਅਰ ਉਨ੍ਹਾਂ ਨੂੰ ਇਹ ਪਰਤੀਤ ਹੈ, ਜੋ ਇਨ੍ਹਾਂ ਕਰਮਾਂ ਬਿਨਾ ਸਾਡੀ ਪਰਲੋਕ ਵਿੱਚ ਗਤੀ ਨਹੀਂ ਹੋਣੀ, ਅਰਥਾਤ ਮੁਕਤ ਨਹੀਂ ਹੋਵੇਗੀ। ਇਸ ਲਈ ਇਹ ਗੱਲ ਉਨ੍ਹਾਂ ਦੇ ਜਾਣਨ ਵਿੱਚ ਬੜੀ ਭਾਰੀ ਹੈ। ਯਦੁਨਾਥ ਬੀ ਪੁਤ੍ਰ ਦੀ ਲੋੜ ਰਖਦਾ ਸੀ, ਜਿੱਕੁਰ ਉਸ ਦੇ ਹੋਰ ਨਾਲ਼ ਦੇ ਰਖਦੇ ਹਨ। ਜਦ ਉਸ ਨੂੰ ਕਦੀ ਕਿਸੇ ਛੋਟੀ ਗੱਲ ਵਿੱਚ ਬੀ ਕ੍ਰੋਧ ਆਵੇ, ਤਾਂ ਉਹ ਇਸ ਵੱਡੇ ਘਾਟੇ ਨੂੰ ਚੇਤੇ ਕਰੇ, ਅਰ ਪ੍ਰਸੰਨੂ ਨੂੰ ਪੁਤ੍ਰ ਨਾ ਜੰਮਣ ਦੇ ਕਾਰਨ ਧਿਰਕਾਰਾਂ ਦੇਵੇ। ਪ੍ਰਸੰਨੂ ਵਿਚਾਰੀ ਆਪਣਾ ਸਭੋ ਗਹਿਣਾ ਦੇ ਦਿੰਦੀ, ਸਗਮਾਂ ਸਾਰਾ ਧਨ ਬੀ ਦੇ ਦਿੰਦੀ, ਜੇ ਕਿਸੇ ਤਰਾਂ ਉਸ ਦੇ ਘਰ ਮੁੰਡਾ ਹੋ ਪੈਂਦਾ। ਉਹ ਹਰੇਕ ਤ੍ਰੀਮੋਂ ਦੀ, ਕਿ ਜਿਸ ਕਿਸੇ ਦੇ ਮੁੰਡਾ ਹੋਵੇ, ਰੀਸ ਕਰਦੀ, ਅਤੇ ਆਪਣੀ ਪਰਾਲਬਧਿ ਉੱਤੇ ਆਪਣੀ ਚਿੰਤਾ ਦੇ ਕਾਰਨ ਰੋਂਦੀ ਸੀ॥

ਇੱਕ ਦਿਹਾੜੇ ਯਦੁਨਾਥ ਨੈ ਆਖਿਆ, ਹੁਣ ਉਡੀਕਣਾ ਕਿਸੇ ਕੰਮ ਨਹੀਂ, ਪ੍ਰਸੰਨੂ ਦੇ ਤਾਂ ਮੁੰਡਾ ਹੋਣ ਦੀ ਆਸ ਨਹੀਂ ਹੈ, ਹੁਣ ਮੈਂ ਹੋਰ ਵਿਆਹ ਕਰਾਂਗਾ, ਕਿੰਉ ਜੋ ਪੁਤ੍ਰ ਖੁਣੋ ਅੱਗੇ ਗਤੀ ਨਹੀਂ ਹੋਣੀ। ਪੰਡਿਤ ਇਸ ਗੱਲ ਉੱਤੇ ਪਰਸਿੰਨ ਹੋਇਆ, ਅਰ ਉਨ੍ਹਾਂ ਨੈ ਠਾਣਿਆ, ਜੋ ਇਹ ਗੱਲ ਪ੍ਰਸੰਨੂ ਨੂੰ ਬੀ ਆਖ ਦੇਇਯੇ, ਇਸ

Digitized by Panjab Digital Library | www.panjabdigilib.org

ਲਈ ਉਨਾਂ ਨੈ ਸਭਨਾਂ ਤੀਮਤਾਂ ਨੂੰ ਸੱਦਿਆ, ਅਰ ਜੋ ਕੁਛ ਕਰਨਾ, ਵਿਚਾਰਿਆ ਸੀ, ਉਨਾਂ ਨੂੰ ਆਖ ਸੁਲਾਇਆ। ਪ੍ਰਸੰਨੂ ਕੁਛ ਨਾ ਬੋਲੀ, ਕਿੰਉ ਜੋ ਪੁਤ੍ਰ ਵਿਹੂਣੀਆਂ ਤੀਮਤਾਂ ਆਪਣੇ ਭਰਤਿਆਂ ਦੇ ਸਾਮ੍ਹਣੇ ਮੂੰਹ ਢਕੀ ਰਖਦੀਆਂ ਹਨ, ਅਤੇ ਉਨਾਂ ਨਾਲ਼ ਬੋਲ-ਦਿਆਂ ਉਨਾਂ ਨੂੰ ਕੋਈ ਨਹੀਂ ਵੇਖਦਾ। ਪੰਡਿਤ ਨੈ ਆਖਿਆ ਕਲਕੱਤੇ ਜਾਕੇ ਇਸ ਗੱਲ ਦੇ ਬਲਾਉਣ ਲਈ ਕਿਸੇ ਵਿਚੋਲੇ ਨੂੰ ਭੇਜਾਂਗੇ। ਤਦ ਉਹ ਚਲੇ ਗਏ, ਅਤੇ ਇਸ ਵੇਲੇ ਤੀਮੀਆਂ ਨੂੰ ਗੱਲ ਬਾਤ ਕਰਨ ਦਾ ਅਵਸਰ ਮਿਲਿਆ। ਸੋ ਜਿਵੇਂ ਉਹ ਗਏ, ਪ੍ਰਸੰਨੂ ਦੀਆਂ ਅੰਝੂਆਂ ਵਹਿ ਤੁਰੀਆਂ, ਤਦ ਉਹ ਭਰੀ ਪੀਤੀ ਹੋਈ, ਆਪਣੇ ਭਰਤੇ ਦੇ ਉੱਤੇ ਕ੍ਰੋਧ ਦੀ ਅੱਗ ਲੱਗੀ ਵਰਸਾਉਣ, ਉਸ ਵੈਰੀ ਦਾ ਮੇਰੇ ਨਾਲ਼ ਰੱਤੀ ਮੋਹ ਨਹੀਂ, ਹਾਇ, ਮੇਰੇ ਕੇਹੇ ਖੋਟੇ ਕਰਮ ਮੱਥੇ ਉੱਤੇ ਲਿਖੇ ਗਏ, ਪਰਮੇਸੁਰ ਸਭਨੀਂ ਗੱਲੀਂ ਸਮਰਥ ਹੈ, ਮੈ ਨੂੰ ਇੱਕ ਪੁਤ੍ਰ ਕਿੰਉ ਨਹੀਂ ਦਿੰਦਾ, ਅਜਿਹੀਆਂ ਗੱਲਾਂ ਉਹ ਬੋਲ-ਦੀ ਗਈ॥

ਇਹ ਦੇ ਪਿੱਛੋਂ ਵੀਰਵਾਰ ਨੂੰ ਉਹ ਬੀਬੀ ਆਈ, ਉਸ ਨੈ ਪ੍ਰਸੰਨੂ ਦੇ ਮੂੰਹ ਦੀ ਝਲਕ ਅਨੇਰੇ ਵਿੱਚ ਲੁੱਕੀ ਹੋਈ ਵੇਖੀ, ਅਤੇ ਪੁੱਛਿਆ ਜੋ ਕੀ ਗੱਲ ਹੈ? ਉਸ ਨੈ ਬੀਬੀ ਅੱਗੇ ਸਾਰਾ ਦੁੱਖ ਫਰੋਲਿਆ। ਬੀਬੀ ਨੈ ਆਖਿਆ ਤੈ ਨੂੰ ਬੜਾ ਸੰਕਟ ਹੈ, ਪਰ ਮੈਂ ਤੈ ਨੂੰ ਦੋ ਉਨਾਂ ਮਨੁੱਖਾਂ ਦੀਆਂ ਕਹਾਣੀਆਂ ਸੁਣਾਉਂਦੀ ਹਾਂ, ਜਿਨਾਂ ਦੀਆਂ ਦੋ ਦੋ ਵਹੁਟੀਆਂ ਸੀਆਂ। ਪਹਿਲੇ ਉਸ ਨੈ ਰਾਹੇਲ ਅਤੇ ਲੀਯਾਹ ਦੀ ਕਥਾ ਸੁਣਾਈ। ਜੋ ਕਿਸ ਤਰਾਂ ਰਾਹੇਲ ਤਨੋਂ ਮਨੋਂ ਪੁਤ੍ਰ ਦਾ ਹੋਣਾ ਚਾਹੁੰਦੀ ਸੀ, ਅਤੇ ਜਦ ਉਸ ਦੀ ਭਾਵਨੀ ਪੂਰੀ ਹੋਈ, ਤਦ ਕਿਸ ਤਰਾਂ ਉਸ ਦੀ ਅਵਸਥਾ ਬੀਤੀ। ਫੇਰ ਹੰਨਾ ਅਤੇ ਫੇਨਨਾ ਦੀ ਕਥਾ ਸੁਣਾਈ। ਹੰਨਾ ਦੀ ਬੇਨਤੀ, ਪਰਮੇਸੁਰ ਦਾ ਉਹ ਨੂੰ

Digitized by Panjab Digital Library | www.panjabdigilib.org

ਪੁਤ੍ਰ ਦੇਣਾ, ਕਿ ਜਿਸ ਦੀ ਲਈ ਉਹ ਨੈ ਬੇਨਤੀ ਕੀਤੀ, ਅਤੇ ਫੇਰ ਉਹ ਮੁੰਡਾ ਪਰਮੇਸੁਰ ਨੂੰ ਸੌਂਪਣਾ, ਇਨਾਂ ਗੱਲਾਂ ਨੂੰ ਪ੍ਰਸੰਨੂ ਮਨ ਲਾਕੇ ਸੁਣਦੀ ਰਹੀ, ਅਤੇ ਆਖਣ ਲੱਗੀ, ਭਈ ਮੇਰੇ ਲਈ ਬੇਨਤੀ ਕਰੋ, ਜੋ ਪਰਮੇਸੁਰ ਮੈ ਨੂੰ ਸੱਤ ਪੁਤ੍ਰ ਦੇਵੇ, ਅਤੇ ਜੇ ਉਹ ਅਜਿਹੀ ਕਿਰਪਾ ਕਰੇ, ਤਾਂ ਮੈਂ ਇੱਕ ਮੁੰਡਾ ਤੁਹਾ ਨੂੰ ਦੇਵਾਂਗੀ, ਅਰ ਜੇ ਤੁਸੀਂ ਚਾਹੋ, ਤਾਂ ਤੁਸਾਂ ਉਸ ਨੂੰ ਖ੍ਰਿਸਟਾਨ ( ਅਰਥਾਤ ਈਸਾਈ ) ਬਣਾ ਲੈਣਾ। ਉਸ ਨੂੰ ਰਾਹੇਲ ਦਾ ਚੇਤਾ ਕਰਾਇਆ, ਅਰ ਆਖਿਆ, ਕੀ ਜਾਣੀਏ, ਜੋ ਪਰਮੇਸੁਰ ਦੇ ਪਿਆਰ ਦੇ ਕਾਰਨ ਹੀ ਤੁਹਾਡੇ ਮੁੰਡਾ ਨਹੀਂ ਹੋਇਆ। ਵਿਚਾਰੀ ਪ੍ਰਸੰਨੂ ਦੇ ਲਈ ਇਹ ਨਵੀਂ ਗੱਲ ਸੀ, ਜਿਸ ਨੂੰ ਉਹ ਛੇਤੀ ਨਾਲ਼ ਨਾ ਸਮਝ ਸਕੀ। ਇਹ ਖ੍ਰਿਸਟਾਨ ਧਰਮ ਨਾਲ਼ ਹੀ ਜਾਣਦੇ ਹਾਂ, ਕਿ ਜਿਸ ਨਾਲ਼ ਪਰਮੇਸੁਰ ਪ੍ਰਿਆਰ ਕਰਦਾ ਹੈ, ਉੱਸੇ ਨੂੰ ਤਾੜਨਾ ਦਿੰਦਾ ਹੈ, ਅਤੇ ਹਰੇਕ ਪੁਤ੍ਰ ਨੂੰ, ਕਿ ਜਿਸ ਨੂੰ ਉਹ ਆਪਣਾ ਬਣਾਉਂਦਾ ਹੈ, ਕੁੱਟਦਾ, ਅਤੇ ਕੋਰੜੇ ਮਾਰਦਾ ਹੈ। ਇਹ ਨਿਰਾ ਖ੍ਰਿਸਟਾਨ ਧਰਮ ਨਾਲ਼ ਹੀ ਹੁੰਦਾ ਹੈ, ਕਿ ਜਦ ਸਾਡੇ ਉੱਤੇ ਬਿਪਦਾ ਆਉਂਦੀ ਹੈ, ਤਾਂ ਉਨਾਂ ਬਿਪਦਾਂ ਨੂੰ ਅਸੀਂ ਚੰਗੀ ਤਰਾਂ ਸਹਾਰੀਏ, ਅਤੇ ਉਨਾਂ ਦੇ ਸੱਚੇ ਸਰੂਪ ਨੂੰ ਵੇਖੀਏ, ਅਤੇ ਉਨਾਂ ਨੂੰ ਪ੍ਰਭੂ ਦੀ ਕ੍ਰਿਪਾ ਸਮਝਿਯੇ ॥

ਇਹ ਦੇ ਪਿੱਛੋਂ ਇੱਕ ਛਨਿੱਛਰਵਾਰ ਨੂੰ ਜਦ ਬਾਬੂ ਘਰ ਆਏ, ਤਾਂ ਬਸੰਤ ਨੈ ਪ੍ਰੇਮਚੰਦ ਨੂੰ ਵੱਖਰਿਆਂ ਸੱਦਿਆ, ਅਤੇ ਪੁੱਛਿਆ, ਜੋ ਕੀ ਬਣ ਰਿਹਾ ਹੈ। ਪ੍ਰਸੰਨੂ ਲੁੱਕਕੇ ਪਈ ਸੁਣਦੀ ਸੀ। ਪ੍ਰੇਮਚੰਦ ਨੈ ਆਖਿਆ ਵਿਆਹ ਕਰਨ ਦੀ ਗੱਲ ਬੱਝ ਗਈ ਹੈ, ਵਿਚੋਲਾ ਆਖਦਾ ਹੈ, ਭਈ ਦੋ ਤਿੰਨ ਘਰ ਹਨ, ਜਿੱਥੇ ਚੰਗੀਆਂ ਚੰਗੀਆਂ ਕੁੜੀਆਂ ਹਨ, ਬਹੁਤਾ ਤਾਂ ਉਨ੍ਹਾਂ ਵਿੱਚੋਂ ਇੱਕ ਕੁੜੀ ਨਵਾਂ ਦਸਾਂ

Digitized by Panjab Digital Library | www.panjabdigilib.org

ਵਰਿਹਾਂ ਦੀ ਡਾਢੀ ਸੋਹਣੀ ਹੈ। ਉਹ ਆਖਦਾ ਹੈ ਭਈ ਉਹ ਕੁੜੀ ਨਿਛੋਹ ਗੋਰੇ ਰੰਗ ਦੀ ਹੈ, ਉਸ ਦਾ ਨੱਕ ਤਿਲ ਦੇ ਫੁੱਲ ਵਰਗਾ, ਅਤੇ ਉਹ ਦੀਆਂ ਪਿਨੀਆਂ ਕੇਲੇ ਦੇ ਥੰਮੇ ਵਰਗੀਆਂ ਹਨ, ਅੱਖੀਆਂ ਕੋਲ ਫੁੱਲ ਦੇ ਵੱਡੇ ਪੱਤਰ ਜੇਡੀਆਂ ਮੋਟੀਆਂ, ਉਸ ਦੇ ਭੁਵਿਣੇ ਕੰਨਾਂ ਤੋੜੀ ਵੱਡੇ ਹਨ, ਅਤੇ ਉਸ ਦੇ ਹੋਠ ਅੰਬ ਦੀਆਂ ਕੂੰਬਲੀਆਂ ਵਰਗੇ ਲਾਲ ਹਨ। ਉਸ ਦੀ ਬੋਲੀ ਕੋਇਲ ਵਰਗੀ, ਅਤੇ ਉਸ ਦਾ ਮੂੰਹ ਪੂਰਨਮਾ ਦੇ ਚੰਦ੍ਰਮਾ ਵਰਗਾ ਹੈ ਉਸ ਦੇ ਹੱਥ ਗੋਡਿਆਂ ਤੋੜੀ ਪਹੁੰਚਦੇ ਹਨ। ਉਸ ਦੀ ਗਰਦਨ ਕਬੂਤਰ ਜੇਹੀ, ਅਤੇ ਉਸ ਦੇ ਦੰਦਾਂ ਦੀ ਪਾਲ ਅਨਾਰ ਦੇ ਦਾਣਿਆਂ ਵਰਗੀ ਹੈ। ਇਸ ਸੁੰਦਰ ਕੁੜੀ ਦਾ ਨਾਉਂ ਜਗਤਾਰਨੀ ਹੈ। ਉਸ ਦਾ ਪਿਉ ਚੰਗਾ ਕੁਲਵਾਲਾ ਬ੍ਰਾਹਮਣ ਹੈ। ਵਿਚੋਲਾ ਕਈ ਵੇਰੀ ਉੱਥੇ ਗਿਆ ਹੈ, ਅਤੇ ਵਿਆਹ ਅਰ ਮੰਗਣੀ ਦੀ ਸਾਰੀ ਗੱਲ ਬਾਤ ਹੋ ਗਈ ਹੈ। ਪੰਜ ਸੌ ਰੁਪਏ ਦਾ ਗਹਿਣਾ ਵਹੁਟੀ ਦੇ ਦਾਜ ਵਿੱਚ ਆਵੇਗਾ, ਪ੍ਰੇਮਚੰਦ ਨੈ ਆਖਿਆ ਮੈਂ ਜਾਣਨਾਂ ਜੋ ਪੰਦ੍ਰਾਂ ਦਿਨਾਂ ਦੇ ਵਿੱਚ ਵਿੱਚ ਵਿਆਹ ਹੋ ਜਾਣਾ ਹੈ। ਜਦ ਏਹ ਗੱਲ ਪ੍ਰੇਮਚੰਦ ਦੇ ਨਾਲ ਹੋ ਚੁੱਕੀ ਸੀ, ਪੰਡਿਤ ਨੈ ਆਪਣੀ ਤੀਮੀਂ ਨੂੰ ਸੌਣਵਾਲੀ ਕੋਠੜੀ ਵਿੱਚ ਸੱਦਿਆ, ਅਤੇ ਸਾਰੀ ਵਾਰਤਾ ਉਸ ਨਾਲ ਕੀਤੀ। ਤੀਮੀਆਂ ਦੀ ਜੇਹੀ ਚਾਲ ਹੁੰਦੀ ਹੈ, ਕੁਮਾਰੀ ਨੈ ਆਪਣਾ ਮੂੰਹ ਉਦਾਸ ਕਰ ਲਿਆ। ਪੰਡਿਤ ਨੈ ਉਹ ਨੂੰ ਮੂਰਖਤਾਈ ਦੇ ਕਾਰਨ ਧਮਕਾਇਆ, ਅਤੇ ਆਖਿਆ ਮੇਰੇ ਭਰਾਉ ਨੂੰ ਅਵੱਸ ਦੂਜਾ ਵਿਆਹ ਕਰਨਾ ਚਾਹੀਏ, ਕਿੰਉ ਜੋ ਉਸ ਦੇ ਅੱਗੇ ਦੀ ਸਾਰੀ ਪਰਸਿੰਨਤਾਈ, ਅਰ ਭਲਿਆਈ ਇੱਸੇ ਵਿੱਚ ਹੈ, ਅਤੇ ਆਖਿਆ ਭਈ ਤੁਹਾ ਨੂੰ ਅਜਿਹਾ ਉੱਦਮ ਕਰਨਾ ਲੋੜੀਦਾ ਹੈ, ਕਿ ਜਿਸ ਕਰਕੇ ਪ੍ਰੇਮਨੂੰ ਆਪਣੀ ਸੌਂਕਣ ਦੇ ਨਾਲ ਹਿਲੀ ਮਿਲੀ ਰਹੇ॥

Digitized by Panjab Digital Library | www.panjabdigilib.org

ਪ੍ਰੇਮਸੁੰਦਰ ਬੜੇ ਸਹਾਰੇਵਾਲੀ ਤੀਮੀਂ ਸੀ। ਉਹ ਆਪਣੇ ਭਰਤੇ ਨੂੰ ਵਿਆਹ ਦੀ ਗੱਲ ਥੋਂ ਉਲਟੀ ਕਦੇ ਨਾ ਬੋਲੀ, ਜਦ ਕਦੀ ਉਸ ਦੇ ਭਰਤੇ ਨੈ ਇਹ ਗੱਲ ਛੇੜੀ, ਉਹ ਚੁੱਪਕੀਤੀ ਸੁਣਦੀ ਰਹੇ, ਅਰ ਛੇਕੜ ਇਹ ਉੱਤਰ ਦੇਵੇ, ਜੋ ਭਾਵੇ ਸੋ ਕਰੋ, ਤਾਂ ਬੀ ਵਿਆਹ ਹੋਣ ਦੀ ਚਿੰਤਾ ਕਰਕੇ ਉਹ ਬਹੁਤ ਰੋਵੇ॥

ਵਿਆਹ ਉਤਨੀ ਛੇਤੀ ਨਾ ਹੋਇਆ, ਜਿੰਨੀ ਪ੍ਰੇਮਚੰਦ ਨੈ ਆਖਿਆ ਸੀ, ਦੋਹੀਂ ਵੱਲੀਂ ਦਾਜ ਸਾਜ ਦੇ ਦੇਣ ਲੈਣ ਦੀ ਬਾਬਤ ਕਈ ਗੱਲਾਂ ਠਹਿਰਾਉਣੀਆਂ ਸਨ, ਅਤੇ ਦੋਹਾਂ ਧਿਰਾਂ ਨੈ ਸਭ ਗੱਲਾਂ ਵਿੱਚ ਆਪੋ ਆਪਣੀ ਖਿੱਚ ਕੀਤੀ। ਕਦੀ ਇਹ ਜਾਣ ਪੈਂਦਾ ਸੀ, ਜੋ ਕੁਛ ਨਹੀਂ ਹੋਣਾ, ਫੇਰ ਵਿਚੋਲਾ ਇੱਧਰ ਉੱਧਰ ਜਾਵੇ, ਤਾਂ ਇਹ ਜਾਪਦਾ ਸੀ, ਭਈ ਵਿਆਹ ਹੋਣਾ ਪੱਕ ਠਹਿਰ ਗਿਆ ਹੈ। ਦੋ ਮਹੀਨੇ ਤੋੜੀਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਅੰਤ ਨੂੰ ਫੇਰ ਵਿਆਹ ਹੋਣਾ ਠਹਿਰ ਗਿਆ॥

ਇੱਕ ਛਨਿੱਛਰਵਾਰ ਦੀਆਂ ਤ੍ਰਿਕਾਲਾਂ ਨੂੰ ਫੇਰ ਪੰਡਿਤ ਨੈ ਆਪਣੀ ਤੀਮੀਂ ਨਾਲ ਗੱਲ ਕੀਤੀ, ਜੋ ਮੈਂ ਅਤੇ ਮੇਰੇ ਭਰਾਉ ਨੈ ਇੱਕ ਸਾਤੇ ਦੀ ਛੁੱਟੀ ਲਈ ਹੈ, ਅਰ ਇਨ੍ਹਾਂ ਹੀ ਸੱਤਾਂ ਦਿਨਾਂ ਵਿੱਚ ਵਿਆਹ ਹੋਵੇਗਾ। ਭਲਕੇ ਅਸੀਂ ਕਲਕੱਤੇ ਜਾਵਾਂਗੇ, ਅਤੇ ਵੀਰਵਾਰ ਤ੍ਰਿਕਾਲਾਂ ਵੇਲੇ ਛੋਟੀ ਨੂੰਹ ਨੂੰ ਨਾਲ ਲੈਕੇ ਆਵਾਂਗੇ, ਤੈ ਨੂੰ ਲੋੜੀਦਾ ਹੈ, ਜੋ ਉਹ ਨੂੰ ਬੜੇ ਹਿਤ ਅਰ ਦਇਆ ਦੇ ਨਾਲ ਮਿਲਨਾ, ਅਰ ਜਿਸ ਤਰਾਂ ਹੋਵੇ, ਉਸ ਨੂੰ ਰਾਜੀ ਖੁਸੀ ਰੱਖਣਾ॥

ਇਸ ਤਰਾਂ ਅਗਲੇ ਭਲਕ ਦੋਵੇਂ ਭਰਾਉ, ਪ੍ਰੇਮਚੰਦ ਅਰ ਪ੍ਰਿਯ-ਨਾਥ ਨੂੰ ਨਾਲ ਲੈਕੇ ਤੁਰੇ, ਪ੍ਰਿਯਨਾਥ ਨੂੰ ਵਡਾ ਚਾਉ ਚੜ੍ਹਿਆ ਹੋਇਆ ਸੀ, ਕਿੰਉ ਜੋ ਉਸ ਨੈ ਉਹ ਵੱਡਾ ਸਹਿਰ ਅੱਗੇ ਕਦੀ ਨਹੀਂ ਡਿੱਠਾ ਸੀ, ਅਤੇ ਉਹ ਦੇ ਲਈ ਇਹ ਡਾਢੀ ਖੁਸੀ ਸੀ, ਜੋ ਅਜਿਹੇ

Digitized by Panjab Digital Library | www.panjabdigilib.org

ਉਤਸਾਹ ਅਤੇ ਖੇਡ ਤਮਾਸੇ ਵਿੱਚ ਜਾਲਾ ਹੋਇਆ। ਪ੍ਰਸੰਨੂ ਵਿਚਾਰੀ ਨੈ ਚੁਪਾਤਿਆਂ ਉਨਾਂ ਨੂੰ ਜਾਂਦਿਆਂ ਡਿੱਠਾ, ਪਰ ਜਦ ਓਹ ਚਲੇ ਗਏ, ਤਾਂ ਉਹ ਬੁਸਕ ਬੁਸਕਕੇ ਬਹੁਤ ਹੀ ਰੋਲ ਲੱਗੀ, ਅਰ ਬਹੁਤ ਚਿਰ ਪਿੱਛੋਂ ਉਹ ਕੁਛ ਸਮਝੀ। ਇਨਾਂ ਪੰਜਾਂ ਦਿਨਾਂ ਦੇ ਵਿੱਚ ਜਦ ਓਹ ਦੋਵੇਂ ਭਰਾਉ ਘਰੋਂ ਗਏ ਸੇ ਘਰ ਵਿੱਚ ਬਹੁਤ ਕੰਮ ਕਰਨਾ ਸੀ। ਕਈ ਖਡਾਉਲੇ ਬੀ ਲਿਆਉਲੇ ਸੇ, ਜਿਨਾਂ ਨਾਲ ਉਹ ਛੋਟੀ ਵਹੁਟੀ ਆਪਲਾ ਮਨ ਆਲ ਪਰਚਾਵੇ। ਨਿੱਕੀ ਕਾਮਿਨੀ ਬੀ ਚਾਉ ਅਰ ਰੰਗ ਤਮਾਸੇ ਵਿੱਚ ਸੀ, ਅਰ ਆਪਲੀ ਖੇਡ ਦੀ ਨਵੀਂ ਸਾਥਲ ਦਾ ਰਾਹ ਤੱਕਦੀ ਸੀ॥

ਵੀਰਵਾਰ ਚਾਰ ਬਜੇ ਦੇ ਵੇਲੇ ਕਾਮਿਨੀ, ਜੋ ਰਾਹ ਪਈ ਤਕਦੀ ਸੀ, ਦੌੜਦੀ ੨ ਆਈ, ਅਰ ਆਖਲ ਲੱਗੀ, ਓਹ ਆ ਗਏ ਹਨ, ਓਹ ਆ ਗਏ ਹਨ। ਅਰ ਥੱਕੇ ਹੋਏ ਦੋਹੁੰ ਘੋੜਿਆਂ ਦੀ ਬੱਘੀ ਬੂਹੇ ਉੱਤੇ ਆ ਖੜੋਤੀ, ਪੰਡਿਤ ਅਤੇ ਉਸ ਦਾ ਭਰਾਉ ਪਹਿਲੇ ਉਤ-ਰੇ, ਅਤੇ ਤਦ ਜਦੁਨਾਥ ਨੈ ਆਪਲੀ ਵਹੁਟੀ ਨੂੰ ਉਤਾਰਿਆ, ਉਹ ਦੇ ਮਗਰੋਂ ਫੇਰ ਇੱਕ ਟਹਿਲਨ ਉੱਤਰੀ, ਜੋ ਉਸ ਵਹੁਟੀ ਦੇ ਨਾਲ ਆਈ ਸੀ। ਦੂਜੀ ਬੱਘੀ ਵਿੱਚ ਪ੍ਰੇਮਚੰਦ ਅਰ ਪ੍ਰਿਜਨਾਥ ਅਤੇ ਦੋ ਮਨੁੱਖ ਵਹੁਟੀ ਦੇ ਘਰ ਦੇ ਸਨ। ਨਿੱਕੀ ਜੇਹੀ ਵਹੁਟੀ ਵੈਂਗਨੀ ਰੰਗ ਦੀ ਰੇਸਮੀ ਸਾੜ੍ਹੀ ਨਾਲ ਢੱਕੀ ਹੋਈ ਸੀ, ਜਿਸ ਕਰਕੇ ਇੱਕ ਉਹ ਦੇ ਕੜੀਆਂਵਾਲੇ ਪੈਰਾਂ ਖੂਲੇ ਹੋਰ ਕੁਛ ਨਹੀਂ ਦਿੱਸਦਾ ਸੀ। ਤਾਰਾਮਲੀ ਨੈ ਉਹ ਨੂੰ ਚੁੱਕ ਲਿਆ, ਅਰ ਤੀਮਤਾਂ ਦੇ ਥਾਂ ਵੱਲ ਲੈ ਗਈ, ਅਰ ਉੱਥੇ ਸਭ ਤੀਮੀਆਂ, ਉਹ ਦੇ ਕੋਲ ਆਈਆਂ, ਕਿਉਂ ਜੋ ਪ੍ਰਸੰਨੂ ਬੀ ਉਹ ਦੇ ਦੇਖਲ ਦੇ ਚਾਉ ਵਿੱਚ ਸੀ। ਉਨਾਂ ਨੈ ਉਸ ਦਾ ਘੁੰਡ ਚੁੱਕਿਆ, ਅਤੇ ਆਪੋ ਆਪਲੀਆਂ ਗੱਲਾਂ ਆਖਲ ਲੱਗੀਆਂ। ਉਹ ਨਿੱਕੀ ਕੁੜੀ ਬੜੀ ਡਰ ਗਈ, ਅਰ ਅੰਝੂਆਂ

ਵਹਾਉਣ ਲੱਗੀ। ਮੈਂ ਘਰ ਜਾਨੀਂ ਹਾਂ, ਮੈਂ ਘਰ ਜਾਨੀ ਹਾਂ, ਇਹੋ ਆਖਣ ਲੱਗੀ। ਤਾਰਾਮਣੀ ਅਤੇ ਕੁਮਾਰੀ ਨੈ ਉਹ ਨੂੰ ਮਨਾਇਆ, ਅਤੇ ਨਿੱਕੀ ਕਾਮਿਨੀ ਨੈ ਬੀ, ਜੋ ਕੁਛ ਹੋ ਸਕਦਾ ਸੀ ਕੀਤਾ, ਪਰ ਉਹ ਚਿਰ ਤੋੜੀ ਚੁੱਪ ਹੀ ਨਾ ਹੋਈ, ਅਰ ਅੰਤ ਨੂੰ ਉਹ ਉਸ ਟਹਿਲਨ ਦੀ ਝੋਲੀ ਵਿੱਚ, ਕਿ ਜੇਹੜੀ ਉਸ ਦੇ ਨਾਲ਼ ਆਈ ਸੀ, ਸੌਂ ਗਈ। ਦੋ ਢਾਈ ਘੜੀਆਂ ਸੌਂਕੇ ਉਹ ਕੁਛ ਰਾਜੀ ਰਾਜੀ ਉੱਠੀ, ਅਤੇ ਜੇਹੜੀ ਕੁਛ ਮਠਿਆਈ ਉਹ ਦੇ ਅੱਗੇ ਰੱਖੀ ਸੀ, ਉਹ ਖਾੱਧੀ, ਅਤੇ ਕੁਮਾਰੀ ਦੇ ਲਿਆਂਦੇ ਹੋਏ ਖਿਡਾਉਣਿਆਂ ਦੀ ਪਿਟਾਰੀ ਨੂੰ ਵੇਖਣ ਲੱਗੀ। ਹਰੇਕ ਇਞਾਣੀ ਕੁੜੀ ਦੀ ਇੱਕ ੨ ਪਿਟਾਰੀ ਖਿਡਾਉਣਿਆਂ ਦੀ ਹੁੰਦੀ ਹੈ, ਅਤੇ ਜਦ ਉਹ ਵੱਡੀ ਹੋ ਜਾਂਦੀ ਹੈ, ਤਾਂ ਇੱਕ ਹੋਰ ਵੱਡਾ ਪਿਟਾਰ ਛੋਟੇ ਦੇ ਥਾਂ ਆ ਜਾਂਦਾ ਹੈ, ਅਤੇ ਉਨਾਂ ਖਿਡਾਉਣਿਆਂ ਸਣੇ ਇਨਾਂ ਪਿਟਾਰੀਆਂ ਨੂੰ ਸਭ ਵੱਡੀਆਂ, ਸਗਮਾਂ ਵਿਆਹੀਆਂ ਹੋਈਆਂ ਬੀ ਰੱਖ ਛੱਡਦੀਆਂ ਹਨ, ਅਤੇ ਇਨਾਂ ਖਿਡਾਉਣਿਆਂ ਦੇ ਸਵਾਰਨ ਬਣਾਉਣ ਵਿੱਚ ਆਪਣਾ ਬਹੁਤ ਸਾਰਾ ਵੇਲਾ ਬਿਤਾ ਦਿੰਦੀਆਂ ਹਨ। ਕਿਨਾਂ ਵਰਿਹਾਂ ਵਿੱਚ ਏਹ ਖਿਡਾਉਣੇ ਹੋਰ ਹੀ ਤਰਾਂ ਨਾਲ਼ ਜੀ ਪਰਚਾਉਂਦੇ ਹਨ। ਨਿੱਕੀਆਂ ਨਿੱਕੀਆਂ ਗੁੱਡੀਆਂ ਖੂਲੋਂ ਜਿਨਾਂ ਨਾਲ਼ ਪਹਿਲੇ ਪਿਟਾਰੀਆਂ ਭਰੀਆਂ ਸੀਆਂ, ਮਿੱਟੀ ਦੇ ਫਲ ਨਿੱਕੇ ਨਿੱਕੇ ਛੱਜ, ਚੁੱਲੇ ਮਟਕਦਾਰ ਛੀਟ ਦੇ ਟੋਟੇ, ਜਾਂ ਹੋਰ ਸੋਹਣੀਆਂ ਸੋਹਣੀਆਂ ਭੜਕਵਾਲੀਆਂ ਵਸਤਾਂ, ਜੋ ਕੁਛ ਹੱਥ ਲੱਗ ਜਾਵੇ, ਰੱਖੀਆਂ ਜਾਂਦੀਆਂ ਹਨ। ਉਹ ਵਹੁਟੀ ਰੱਜਕੇ ਸੋਹਣੀ ਸੀ। ਉਸ ਦੀਆਂ ਅੱਖਾਂ ਮੋਟੀਆਂ, ਅਤੇ ਚਮਕੀਲੀਆਂ ਸਨ, ਉਸ ਦੇ ਵਾਲ਼ ਸੋਹਣੇ, ਅਤੇ ਫੁਲੇਲ ਲਾਇਆ ਹੋਇਆ, ਅਰ ਪਿਛਲੀ ਵੱਲ ਜੂੜੀ ਬੰਨੀ ਹੋਈ ਸੀ, ਅਤੇ ਗਹਿਣਿਆਂ ਦੇ ਭਾਰ ਨਾਲ਼ ਲੱਦੀ ਹੋਈ ਦਿੱਸਦੀ ਸੀ, ਅਰ ਉਹ ਦੇ

Digitized by Panjab Digital Library | www.panjabdigilib.org

ਪੈਰੀਂ ਚਾਂਦੀ ਦੀਆਂ ਕੜੀਆਂ ਸਨ, ਅਤੇ ਹਰ ਉਂਗਲੀ ਵਿੱਚ ਇੱਕ ੨ ਛੋਟਾ ਛੱਲਾ ਸੀ। ਉਨ੍ਹਾਂ ਕੜੀਆਂ ਵਿੱਚ ਨਿੱਕੇ ਨਿੱਕੇ ਘੁੰਘਰੂ ਲੱਗੇ ਹੋਏ ਸੇ, ਅਤੇ ਜਦ ਉਹ ਤੁਰਦੀ ਸੀ, ਤਾਂ ਓਹ ਛਲਛਲ ਕਰਦੇ ਆਪਣੀ ਅਵਾਜ ਦਿੰਦੇ ਸੇ, ਚਾਂਦੀ ਦੀ ਭਾਰੀ ਤੜਾਗੀ ਉਹ ਦੇ ਲੱਕ ਵਿੱਚ ਸੀ। ਇੱਕ ਸੋਹਣਾ ਹਾਰ ਉਸ ਦੇ ਗਲ਼ ਵਿੱਚ ਸੀ, ਅਰ ਉਸ ਦੇ ਹੇਠਾਂ ਇੱਕ ਪੰਜਪਹਿਲੇ ਸੋਨੇ ਦੇ ਦਾਣਿਆਂ ਦੀ ਲੜੀ, ਜਿਹ ਨੂੰ ਉਹ ਪੰਜਨੋਲੀ ਆਖਦੇ ਹਨ, ਲਟਕਦੀ ਸੀ, ਉਹ ਦੇ ਕੰਨਾਂ ਵਿੱਚ ਝੁਮਕੇ ਲਟਕਦੇ ਸਨ, ਉਹ ਦੇ ਹੱਥਾਂ ਵਿੱਚ ਛਲਕੰਙਣ, ਅਰ ਤਿੰਨੋਂ ਤਰਾਂ ਦੇ ਬਾਜੂਬੰਦ ਕੰਙਣਾ ਦੇ ਉੱਪਰ ਸਨ। ਉਹ ਦੇ ਸਿਰ ਵਿੱਚ ਬਹੁਤ ਗਹਿਣਾ ਸੀ, ਜਿਹ ਨੂੰ ਬੰਗਾਲੀ ਸੀਤ ਅਰ ਪੰਜਾਬੀ ਦਾਉਣੀ ਸੱਦਦੇ ਹਨ, ਅਤੇ ਨੱਕ ਵਿੱਚ ਨੱਥ, ਜਿਹ ਦੇ ਵਿੱਚ ਦੋ ਮੋਤੀ, ਅਰ ਇੱਕ ਚੂਨੀ ਲੱਗੀ ਹੋਈ ਸੀ, ਸੋਭਾ ਦੇ ਰਹੀ ਸੀ। ਏਹ ਸਾਰਾ ਗਹਿਣਾ ਸੋਨੇ ਦਾ ਸੀ, ਕਿਉਂ ਜੋ ਚਾਂਦੀ ਨੂੰ ਨਿਰਾ ਲੱਕ ਤੇ ਹੇਠਾਂ ਹੇਠਾਂ ਪਹਿਨਦੇ ਹਨ। ਉਹ ਚਿੱਟੇ ਕੱਪੜੇ ਪਹਿਨੀ ਮਨੋਹਰ ਅੰਗ੍ਰੇਜੀ ਵਹੁਟੀਆਂ ਵਰਗੀਆਂ ਨਹੀਂ ਸੀ, ਪਰ ਤਾਂ ਬੀ ਚੰਗੀ ਦਿੱਸਣੀ ਪਾਸਣੀ ਸੀ। ਜਿੰਨਾਂ ਚਿਰ ਉਹ ਗੋਪਾਲਪੁਰ ਵਿੱਚ ਰਹੀ, ਇੱਕ ਪ੍ਰਸੰਨੂ ਖੂਲੇ ਹੋਰ ਸਭ ਉਸ ਨਾਲ਼ ਪਿਆਰ ਕਰਦੇ ਸੇ, ਅਤੇ ਕਦੀ ਕਦੀ ਭਾਵੇਂ ਉਹ ਘਰ ਜਾਣ ਨੂੰ ਤਾਂ ਆਖੇ, ਤਾਂ ਬੀ ਉਹ ਰਾਜੀ ਹੀ ਸੀ। ਨੌਵਾਂ ਦਿਨਾਂ ਪਿੱਛੋਂ ਉਸ ਦਾ ਪਿਉ ਅਰ ਦੋ ਵੱਡੇ ਭਰਾਉ ਉਹ ਨੂੰ ਲੈਣ ਆਏ, ਅਤੇ ਉਹ ਉਨ੍ਹਾਂ ਦੇ ਨਾਲ਼ ਜਾਣ ਨੂੰ ਵਡੀ ਪਰਸਿੰਨ ਹੋਈ। ਉਹ ਅਜੇ ਬਹੁਤ ਛੋਟੀ ਸੀ, ਅਤੇ ਇਹ ਨਹੀਂ ਜਾਣਦੀ ਸੀ, ਜੋ ਹੁਣ ਥੋਹੜੇ ਚਿਰ ਪਿੱਛੋਂ ਉਹ ਨੂੰ ਸਦਾ ਆਪਣੇ ਨਵੇਂ ਸਨਬੰਧੀਆਂ ਦੇ ਨਾਲ਼ ਹੀ ਰਹਿਣਾ ਪਏਗਾ, ਅਤੇ ਆਪਣੇ ਭਰਤੇ ਦੇ ਨਾਲ਼, ਜਿਹ ਦੀ ਬਾਬਤ ਉਹ ਅਜੇ ਕੁਛ ਨਹੀਂ ਜਾਣਦੀ



Digitized by Panjab Digital Library | www.panjabdigilib.org

ਸੀ, ਅਤੇ ਜਿਹ ਦੀ ਵੱਲ ਉਹ ਨਿਰਾ ਡਰਦੀ ਹੀ ਦੇਖਦੀ ਸੀ। ਹੇ ਛੋਟੀਆਂ ਜਗਤਾਰਨੀਆਂ, ਤੁਸੀਂ ਨਹੀਂ ਜਾਣਦੀਆਂ ਜੋ ਤੁਹਾਡੇ ਅੱਗੇ ਕੀ ਹੋਵੇਗਾ, ਕੀ ਜਾਣੀਏ, ਇਹ ਪ੍ਰੇਮ ਦੀ ਜੋਤ ਨਾਲ ਚਾਨਣਾ ਹੋਵੇ, ਜਾਂ ਨਿਰਾਦਰ, ਅਰ ਨਿਰਾਸਤਾ ਦੇ ਨਾਲ ਅਨੇਰਾ ਹੋਵੇ॥

# ੭ ਕਾਂਡ॥

## ਸੁਰਗ ਵਿੱਚ ਸੰਗਲ ਬੰਨ੍ਹੇ ਜਾਲ ਦੀ ਕਥਾ॥

ਇੱਕ ਦਿਹਾੜੇ ਵਿਆਹ ਥੋਂ ਕਈ ਅਠਵਾਰੇ ਬੀਤਿਆਂ ਕੁਮਾਰੀ ਪ੍ਰਸੰਨੂ ਅਰ ਬਸੰਤ ਅਤੇ ਹੋਰ ਗੁਆਂਢਣਾਂ ਮਨ ਲਾਕੇ ਕੰਮ ਪਈਆਂ ਕਰਦੀਆਂ ਸਨ, ਅਰ ਉਹ ਬੀਬੀ ਉਨ੍ਹਾਂ ਦੇ ਵਿਚਕਾਰ ਬੈਠੀ ਹੋਈ ਸੀ, ਤਾਂ ਕੋਈ ਗਾਉਣਵਾਲੀ ਤੀਮਤ ਵੇਹੜੇਂ ਵਿੱਚ ਆਈ, ਅਰ ਪੁੱਛਣ ਲੱਗੀ, ਭਈ ਆਖੋ ਤਾਂ ਕੁਛ ਗਾਵਾਂ, ਉਹ ਗੋਪਾਲਪੁਰ ਵਿੱਚ ਕੋਈ ਪਰਦੇਸਣ ਸੀ, ਅਰ ਇਸ ਗੱਲ ਦਾ ਪਰਚਾ ਕਰਨ ਆਈ ਸੀ, ਜੋ ਮੇਰੇ ਗਾਉਣ ਇਨ੍ਹਾਂ ਗੁਆਂਢ ਦਿਆਂ ਲੋਕਾਂ ਨੂੰ ਨਵੇਂ ਲੱਗਣਗੇ। ਸੋ ਜੇਹਾ ਉਸ ਨੈ ਵਿਚਾਰਿਆ ਸੀ, ਤੇਹਾ ਹੀ ਹੋਇਆ। ਅਜਿਹੀਆਂ ਗਾਉਣਵਾਲੀਆਂ ਨੂੰ ਹਿੰਦੁਸਤਾਨਣਾਂ ਤੀਮਤਾਂ ਸੁਣ ਸਕਦੀਆਂ ਹਨ, ਅਤੇ ਇਹੋ ਇੱਕ ਅਨੰਦ ਦਾ ਵੇਲਾ ਉਨ੍ਹਾਂ ਨੂੰ ਮਿਲਦਾ ਹੈ। ਪੋਥੀਆਂ ਪੜ੍ਹੇ ਅਤੇ ਕਸੀਦੇ ਦੀਆਂ ਪੱਛੀਆਂ ਝਟਪੱਟ ਉਨ੍ਹਾਂ ਨੈ ਲਾਹਮੇਂ ਰੱਖ ਦਿੱਤੀਆਂ, ਅਰ ਬੀਬੀ ਨੂੰ ਪੁੱਛਿਆ, ਕਿ ਤੁਸੀਂ ਬੀ ਸੁਣੋਗੇ? ਉਹ ਪਰਸਿੰਨ ਹੋਈ, ਪਰ ਇਹ ਪਹਿਲੇ ਪੱਕੀ ਕਰ ਲਈ, ਜੋ ਕੋਈ ਮਾੜੀ ਗੱਲ ਨਾ ਗਾਵੇਂ। ਉਹ ਤੀਮੀਂ ਗਾਉਣ ਲੱਗੀ। ਉਹ ਦੇ ਹੱਥ ਵਿੱਚ ਇੱਕ ਜੰਜੀਰੀ ਨਾਲ ਲਟਕੀਆਂ ਹੋਈਆਂ ਦੋ ਕੈਂਸੀਆਂ ਸਨ, ਅਰ ਉਨ੍ਹਾਂ ਨੂੰ ਉਹ ਵਿੱਚ ਵਿੱਚ ਤਾਲ ਉੱਤੇ ਵਜਾਉਂਦੀ ਸੀ। ਉਹ ਦੀ ਸੁਰ ਮਿੱਠੀ ਅਤੇ ਪੂਰੀ ਸੀ, ਅਤੇ ਜੋ ਜੋ

Digitized by Panjab Digital Library | www.panjabdigilib.org

ਪਦ ਉਹ ਦੇ ਮੂੰਹੋਂ ਨਿੱਕਲੇ ਸਪੱਸਟ ਸਮਝੀਦਾ ਸੀ। ਉਸ ਨੈ ਪਹਿਲਾਂ ਇੱਕ ਗੀਤ ਮਨ ਦੀ ਬਾਬਤ ਗਾਵਿਆਂ, ਜਿਸ ਦਾ ਉਲਥਾ ਇਹ ਹੈ॥

੧ ਰੇ ਮਨ ਜੋ ਮਿੱਟੀ ਦੀ ਕਾਇਆਂ ਵਿੱਚ ਤੇਰਾ ਵਾਸ।
ਤੂੰ ਨਿਤ ਬਿਛੜਤ ਅਰ ਕਰਤ ਨਿਰਾਸ॥
ਮਾਨੋ ਜਦ ਕੋਈ ਵਸਤ, ਕਿਸੇ ਨੂੰ ਨਾ ਭਾਵੈ।
ਤਿਆਗੇ ਤਿੰਹ ਅਰ ਕੋਲ ਕਦੀ ਨਾ ਜਾਵੈ॥੧

੨ ਨਿੱਤ ਹੀ ਨਿਤ ਪਾਤਕ ਡਗਰਨ ਮੇਂ ਧਾਊਂ।
ਪਾਪ ਮੱਦ ਪੀਵਨ ਕੋਂ ਅਧਰਨ ਸੇ ਲਾਊਂ॥
ਤਾਂਕੀ ਬਿਖ ਮੈਜ ਝਲਕ ਅਤ ਹੀ ਡਰਾਵੈ।
ਮਹਾਂ ਹਲਾਹਲ ਸਭ ਹੀ ਕੇ ਪ੍ਰਾਨ ਸੁਕਾਵੈ॥੨

੩ ਬਾਂਹ ਪਸਾਰੂੰ ਨਿਰਖੂੰ ਸੁਰਗ ਚਹੂੰ ਓਰ।
ਗਹੂੰ ਚੰਦ ਅਰ ਕਹੂੰ ਤਾਰਨ ਸੋਂ ਬਿਛੋਰ॥
ਪਰ ਮਨ ਕਹਾਂ ਬਰਨੂੰ ਐਸੀ ਨਿਠਰਾਈ।
ਗਿਰਾਵਹਿ ਮੋਹਿ ਰਸਾਤਲ ਪਟਕਾਈ॥੩

੪ ਮਨ ਕੀ ਜ੍ਵਲਨ ਬੁਝਾਵਨ ਕੋ ਕਿਤ ਜਾਊਂ।
ਸੋਕ ਅਰ ਸੰਤੋਖ ਜੋ ਨਿੱਤ ਤੁਝ ਸੇ ਪਾਊਂ॥
ਜਿਨ ਜਿਨ ਜਾਵਤ ਜਤਤ ਜਿਨ ਪਾਵਨ।
ਖੀਚਤ ਚੀਰ ਕਬੀ ਨਹੀਂ ਦੇ ਮਨਭਾਵਨ॥੪

੫ ਰੇ ਚਿਤ ਨਿਰਮਲ ਪਵਿਤ੍ਰ ਜਦਿ ਤੇਰੀ ਬਾਨ।
ਚੰਚਲ ਚਪਲ ਗੁਨੋਂ ਸੇ ਹੈ ਤੇਰੀ ਆਨ॥
ਢੂੰਡਨ ਕੇ ਚਿਤ ਭੀਤਰ ਮੋਤੀ ਅਨਮੋਲ।
ਧੀਰਜ ਤੇਰਾ ਹੋਤਾ ਤਜਕੇ ਚਾਲ ਬਿਲੋਲ॥੫

੬ ਰੇ ਮਨ ਬਨ ਤੂੰ ਕਰੂਲਾ ਨੌਕਾ ਰਘੁਬਰ।
ਤਬ ਹੀ ਤਰੂੰ ਮੈਂ ਸੋਕ ਰੋਗ ਦੁਖ ਸਾਗਰ॥

Digitized by Panjab Digital Library | www.panjabdigilib.org

ਜੀਤੂੰ ਸਕਲ ਭੈ ਜਮ ਕੇ ਮ੍ਰਿਤ ਸਮੈ
ਧੀਰਜ ਮੋਹਿ ਦੈ ਮੈਂ ਕਹੂੰ ਤੇਰੀ ਬਿਨੈ ॥ ੬

੭ ਰੇ ਚਿਤ ਪ੍ਰਭੁ ਪਵਿਤ ਪਾਵਨ ਪੂਜਨ ਦੈ ।
ਅਤਿ ਸਤ ਅਰ ਨੀਤ ਹਿਰਦੈ ਸੇ ਝੁਕ ਲੈ ।
ਤਬ ਜੋਤਿ ਅਨਾਦਿ ਅਨੰਤ ਕੀ ਪਰਛਾਈ ।
ਚਮਕ ਕਰੈਂ ਮੋਹਿ ਸੱਤ ਰਵਿ ਮੰਡਲ ਨਿਆਈ ॥ ੭

੮ ਪਲ ਪਲ ਬੀਤਤ ਜਮ ਸੰਦੇਸ ਕੇ ਨਹਿੰ ।
ਨਿਯਤ ਸਮੈ ਜੋ ਲੇਤ ਇਤ ਸੇ ਬਾਂਹ ਗਹਿ ॥
ਰੇ ਮਨ ਬਹੁ ਬਰਸਨ ਲੌਂ ਨਾਹਿ ਬਸੇਗਾ ।
ਪ੍ਰਭੁ ਪਰ ਧਿਆਨ ਧਰਹੁ ਤਬਹੀ ਨਿਬਟੇਗਾ ॥

੯ ਹਰਿ ਕ੍ਰਿਸਨ ਪੁਕਾਰੋ ਰੇਮਨ ਹਰਿ ਕ੍ਰਿਸਨ ਪੁਕਾਰੋ ।
ਸੋ ਤੋਹਿ ਨਾਹਿ ਤਜੈ ਨਿਜਹੂੰ ਨ ਵਤਸਲ ਟੇਰੋ ॥
ਰੇ ਮਨ ਤੋਹਿ ਬਨਾਵੇਂ ਪ੍ਰਭੁ ਜੈਸੇ ਚਾਹਿਤ ।
ਧਰੋ ਧੀਰ ਅਰ ਕਰੋ ਜੈਸੇ ਉਨਾਂ ਭਾਵਤ ॥ ੯

ਇਸ ਥੋਂ ਉਪਰੰਦ ਸਭਨਾਂ ਨੈ ਇਸ ਗੀਤ ਨੂੰ ਸਰਾਹਿਆ, ਅਤੇ ਉਸ ਨੈ ਦੂਜਾ ਛੇੜਿਆ, ਜੋ ਇੱਕ ਮਾਂ ਆਪਣੇ ਪੁਤ੍ਰ ਦੇ ਲਈ ਵੈਲ ਕਰ ਕਰ ਰੋਂਦੀ ਹੈ। ਬੰਗਾਲੀ ਵਿੱਚੋਂ ਜਦ ਤੁਸੀਂ ਇਸ ਦਾ ਉਲਥਾ ਕਰਨ ਲੱਗੋ, ਤਾਂ ਇਹ ਦੇ ਕਰੁਣਾ ਰਸ ਅਰਥਾਤ ਕੁਰਲਾਉਣੇ ਅਤੇ ਨਿਰਾਸਤਾ ਦਾ ਉਲਥਾ ਨਹੀਂ ਹੋ ਸਕਦਾ। ਇਸ ਨੂੰ ਸੁਣੇ, ਤਾਂ ਰਾਹੀਲ ਜੇਹਾ ਕੁਰਲਾਉਣਾ, ਆਪਣੇ ਬਾਲਕਾਂ ਦੇ ਉੱਤੇ ਜਾਪਦਾ ਹੈ, ਜਿਹਾਕੁ ਰਾਹੀਲ ਕਿਸੇ ਤਰਾਂ ਬੀ ਨਹੀਂ ਸਮਝਦੀ ਸੀ ॥

ਗੀਤ ॥

ਅਰੇ ਤੈਂ ਆਂਖੇਂ ਕ੍ਰਿਉ ਮੂੰਦੀ—ਅਰੇ ਗੋਪਾਲ ਅਰੇ ਗੋਪਾਲ ॥
ਬੋਲੋ ਕਿਉ ਨਾ ਮਾਤਾ ਜੀ—ਜੋ ਮੋਇਆ ਜੀ ਜਿਵਾਓ ਲਾਲ ॥

Digitized by Panjab Digital Library | www.panjabdigilib.org

ਹਾਇ ਹਾਇ ਮੈਂ ਕਿੱਥੇ ਜਾਵਾਂ—ਕਿੱਥੇ ਮੈਂ ਗੁਪਾਲ ਨੂੰ ਪਾਵਾਂ ॥
ਮੁਰਝਾਇਆ ਚੰਦ ਸਾ ਮੁਖੜਾ—ਮੇਰਾ ਜੀ ਬੀ ਤੜੇ ਸੁਕੜਾ ॥
ਕਰੇਗਾ ਕੌਲ ਹੁਲ ਅੰਮਾਂ—ਲਿਆ ਤੂੰ ਕੋਲ ਰਾਹ ਲੰਮਾਂ ॥
ਕੋਈ ਜਿੱਥੋਂ ਨਾ ਮੁੜ ਆਇਆ—ਸਨੇਹਾ ਬੀ ਨਾ ਪਹੁੰਚਾਇਆ ॥
ਅਰੇ ਤੈਂ ਆਂਖੇਂ ਕਿਉ ਮੂੰਦੀ —ਅਰੇ ਗੋਪਾਲ ਅਰੇ ਗੋਪਾਲ ॥
ਬੋਲੇ ਕਿਉਂ ਨਾ ਮਾੜਾ ਜੀ—ਜੋ ਮੋਇਆ ਜੀ ਜਿਵਾਓ ਲਾਲ ॥

ਇਸ ਗਾਉਣਵਾਲ਼ੀ ਨੈ ਬੜੀ ਮਿੱਠੀ ਸੁਰ ਅਰ ਬੜੇਂ ਪ੍ਰੇਮ ਨਾਲ਼ ਗਾਵਿਆਂ। ਐਥੋਂ ਤੋੜੀ ਜੋ ਸੁਣਦਿਆਂ ਸੁਣਦਿਆਂ ਬਸੰਤ ਦੀਆਂ ਅੱਖਾਂ ਵਿੱਚੋਂ ਅੰਝੂਆਂ ਦੀਆਂ ਧਾਰਾਂ ਵਹਿ ਤੁਰੀਆਂ, ਅਤੇ ਕਾਹਲ਼ੀ ਨਾਲ਼ ਉਠਕੇ ਅੰਦਰਲੀ ਕੋਠੜੀ ਵਿੱਚ ਜਾ ਵੜੀ, ਅਰ ਰੋਣ ਲੱਗੀ। ਪ੍ਰਸੰਨੂ ਨੈ ਆਖਿਆ ਵਿਚਾਰੀ ਨਿਕੇ ਹਰੇਸ ਦੇ ਲਈ ਰੋਂਦੀ ਹੈ, ਤਾਂ ਉਹ ਅੰਗ੍ਰੇਜੀ ਬੀਬੀ ਬੋਲ਼ੀ ਮੈਂ ਉਹ ਦੇ ਕੋਲ਼ ਜਾਵਾਂ, ਅਰ ਉਹ ਨੂੰ ਕੁਛ ਆਖਾਂ, ਕੀ ਜਾਣੀਏ ਮੈਂ ਉਹ ਨੂੰ ਕੁਛ ਸਮਝਾ ਸਕਾਂ? ਤਾਂ ਉਹ ਬੀਬੀ ਉਸ ਛੁੱਟੇ ਹੋਏ ਮਨ, ਅਰ ਪਾਟੇ ਕਲੇਜੇ-ਵਾਲ਼ੀ ਮਾਂ ਦੇ ਕੋਲ਼ ਜਾ ਬੈਠੀ, ਅਰ ਉਹ ਦੇ ਮੁੰਡੇ ਦੀ ਵੱਲੋਂ ਸਮਝਾ-ਉਣ ਲੱਗੀ। ਹੌਲ਼ੀ ਹੌਲ਼ੀ ਬਸੰਤ ਨੂੰ ਸਾਂਤ ਆਈ, ਅਤੇ ਉਸ ਨਿਕੇ ਨੀਂਗਰ ਦੇ ਰੋਗ, ਅਰ ਮਰਨ ਦੀਆਂ ਗੱਲਾਂ ਸੁਣਾਉਣ ਲੱਗੀ। ਸਹਿਜੇ ਸਹਿਜੇ ਉਸ ਬਾਲਕ ਦੀਆਂ ਮੋਹਣਵਾਲ਼ੀਆਂ ਗੱਲਾਂ ਨੂੰ ਸਮਝੀ, ਅਤੇ ਕਈ ਉਹ ਦੀਆਂ ਹੁੱਖੀਆਂ ਗੱਲਾਂ ਆਖਣ ਲੱਗੀ, ਜੋ ਕਿਸੇ ਕੰਮ ਦੀਆਂ ਨਹੀਂ ਸਨ, ਪਰ ਮਾਂ ਦੇ ਜੀ ਨੂੰ ਤਾਂ ਉਹੋ ਅਮੋਲਕ ਸਨ। ਤਦ ਢਾਹਾਂ ਮਾਰ ਮਾਰਕੇ ਚਿਚਲਾਈ, ਅਤੇ ਫੇਰ ਸੋਗ ਦੀਆਂ ਤੁਕਾਂ ਬੋਲਣ ਲੱਗੀ॥

ਬੋਲੇ ਕਿਉਂ ਨਾ ਮਾੜਾ ਜੀ—ਜੋ ਮੋਇਆ ਜੀ ਜਿਵਾਓ ਲਾਲ॥

ਉਸ ਬੀਬੀ ਨੈ ਤੁਰਤ ਪੁੱਛਿਆ, ਭਲਾ ਤੂੰ ਇਹ ਜਾਣਿਆ ਚਾਹੁੰਦੀ

ਹੈ, ਜੋ ਉਹ ਕਿੱਥੇ ਹੈ? ਬਸੰਤ ਰੋਲੋਂ ਹਟ ਗਈ, ਅਰ ਬੜੀ ਸਿੱਕ ਨਾਲ਼ ਆਖਣ ਲੱਗੀ, ਹਾਂ, ਤੁਹਾ ਨੂੰ ਚੇਤਾ ਹੈ, ਜਿਸ ਦਿਹਾੜੇ ਤੁਸੀਂ ਪਹਿਲੇ ਪਹਿਲ ਆਏ, ਤੁਸਾਂ ਇੱਕ ਨਿੱਕੇ ਮੁੰਡੇ ਦੀ ਮੂਰਤ ਵਿਖਾਈ ਸੀ, ਅਰ ਆਖਿਆ ਸੀ, ਭਈ ਇਹ ਮੁੰਡਾ ਹੁਣ ਸੁਰਗ ਵਿਖੇ ਹੈ, ਮੈਂ ਉਸ ਬਾਬਤ ਕਈ ਵਿਚਾਰਾਂ ਵਿਚਾਰੀਆਂ, ਪਰ ਨਹੀਂ ਸਮਝੀ, ਜੋ ਤੁਸਾਂ ਕੀ ਆਖਿਆ॥

ਹਾਂ, ਤੂੰ ਚੁੱਪ ਕਰਕੇ ਸੁਣੇ, ਤਾਂ ਮੈਂ ਉਹ ਦਾ ਸਾਰਾ ਬਿਰਤੰਤ ਆਖਾਂਗੀ। ਅਸੀਂ ਪਰਤੀਤ ਰਖਦੇ ਹਾਂ, ਜੋ ਇੱਕ ਅਜਿਹੀ ਥਾਂ ਹੈ, ਜਿਹ ਦਾ ਨਾਉਂ ਸੁਰਗ ਹੈ। ਉਹ ਬਹੁਤ ਹੀ ਦੂਰ ਹੈ, ਕੋਈ ਨਹੀਂ ਜਾਣ ਸਕਦਾ ਜੋ ਉਹ ਕੇਡੀਕੁ ਦੂਰ ਹੈ। ਪਰ ਉਹ ਧਰਤੀ ਬਦਲਾਂ ਨਾਲੋਂ, ਸੂਰਜ ਨਾਲੋਂ, ਅਰ ਤਾਰਿਆਂ ਨਾਲੋਂ, ਜੋ ਰਾਤ ਨੂੰ ਦਿੱਸਦੇ ਹਨ, ਪਰੇ ਹੈ। ਇਹ ਸੁਰਗ ਬਹੁਤ ਸੁੰਦਰ ਸਥਾਨ ਹੈ, ਇਸ ਦੇਸ ਨਾਲੋਂ ਬਹੁਤ ਸੁੰਦਰ, ਸਗਮਾਂ ਇੰਗਲਿਸਤਾਨ ਨਾਲੋਂ ਬੀ ਸੁੰਦਰ ਹੈ। ਉੱਥੇ ਕਦੀ ਰਾਤ ਨਹੀਂ ਪੈਂਦੀ ਨਾ ਕਦੀ ਸਰਦੀ, ਨਾ ਗਰਮੀ, ਪਰ ਹਵਾ ਸਦਾ ਮਿੱਠੀ ਕੂਲ਼ੀ ਅਰ ਪ੍ਰੀਤਵਾਲ਼ੀ ਵਗਦੀ ਹੈ। ਅੰਮ੍ਰਿਤ ਦੀ ਨਦੀ ਉੱਥੇ ਵਹਿੰਦੀ ਹੈ, ਅਰ ਜੀਉਣ ਦੇ ਪਾਣੀ ਦੇ ਸੁੰਬ ਉੱਥੇ ਬਹੁਤ ਹਨ। ਉੱਥੋਂ ਦੇ ਵੱਸਣਵਾਲ਼ੇ ਬੜੇ ਪਵਿਤ੍ਰ ਲੋਕ ਹਨ, ਓਹ ਸਦਾ ਪਰਸਿੰਨ ਰਹਿੰਦੇ ਹਨ, ਨਾ ਕਦੀ ਰੋਗੀ ਹੁੰਦੇ, ਅਤੇ ਨਾ ਮਰਦੇ, ਅਸੀਂ ਪਰਤੀਤ ਰਖਦੇ ਹਾਂ, ਕਿ ਸਭ ਨਿੱਕੇ ਬਾਲਕ, ਜੋ ਮਰ ਜਾਂਦੇ ਹਨ, ਉਸੇ ਸੁੰਦਰ ਦੇਸ ਵਿੱਚ ਜਾ ਵੱਸਦੇ ਹਨ॥

ਪਰ ਮੈਂ ਨਹੀਂ ਸਮਝਦੀ ਜੋ ਉਹ ਕੇਹੜਾ ਦੇਸ ਹੈ?

ਉਹ ਪਰਮੇਸੁਰ ਦਾ ਘਰ ਹੈ। ਪਰਮੇਸੁਰ ਉੱਥੇ ਰਹਿੰਦਾ ਅਰ ਰਾਜ ਕਰਦਾ ਹੈ॥

ਪਰ ਮੈਂ ਕਿੱਕੁਰ ਜਾਣਾ ਜੋ ਮੇਰਾ ਨਿੱਕਾ ਮੁੰਡਾ ਹਰੇਸ ਉੱਥੇ ਹੀ ਹੈ?

Digitized by Panjab Digital Library / www.panjabdigilib.org

ਸਾਡਾ ਧਰਮਪੁਸਤਕ ਆਖਦਾ ਹੈ, ਕਿ ਸਭ ਛੋਟੇ ਬਾਲਕ, ਜਦ ਮਰਦੇ ਹਨ, ਤਾਂ ਉੱਥੇ ਹੀ ਜਾਂਦੇ ਹਨ ॥

ਆਹਾ, ਤੁਹਾਡੀ ਹੀ ਪੋਥੀ ਉੱਤੇ ਪਤੀਜਾਂ, ਭਲਾ ਵੱਡੇ ਮਨੁੱਖ ਜਦ ਮਰਦੇ ਹਨ, ਤਾਂ ਉੱਥੇ ਨਹੀਂ ਜਾਂਦੇ?

ਹਾਂ, ਜਾ ਸਕਦੇ ਹਨ, ਪਰ ਜੇ ਓਹ ਸਚਿਆਈ ਦੇ ਰਾਹ ਨੂੰ ਫੜਨ। ਜੇ ਤੁਸੀਂ ਕਿਸੇ ਘਰ ਵਿੱਚ ਜਾਣਾ ਚਾਹੋ, ਤਾਂ ਜੇ ਤੁਸੀਂ ਠੀਕ ਰਾਹ ਸਿਰ ਨਾ ਤੁਰੋ, ਤੁਸੀਂ ਕਦੀ ਨਾ ਪਹੁੰਚੋਗੇ, ਜੇ ਕਦੀ ਤੁਸੀਂ ਠੀਕ ਰਾਹ ਨੂੰ ਭੁੱਲਕੇ ਔਝੜ ਪੈ ਜਾਓ, ਤਾਂ ਤੁਸੀਂ ਉਸ ਘਰ ਥੋਂ ਦੂਰ ਫਿਰਦੇ ਰਹੋਗੇ, ਅਤੇ ਕਦੀ ਉਸ ਵਿੱਚ ਨਾ ਅਪੜੋਗੇ ॥

ਪਰ ਤੁਸੀਂ ਆਖਦੇ ਹੋ, ਜੋ ਨਿੱਕੇ ਮੁੰਡੇ ਹੀ ਉੱਥੇ ਜਾਂਦੇ ਹਨ॥

ਹਾਂ, ਉਨ੍ਹਾਂ ਨੂੰ ਕੁਛ ਸਮਝ ਨਹੀਂ ਹੁੰਦੀ, ਪਰਮੇਸੁਰ ਆਪ ਉਨ੍ਹਾਂ ਦਾ ਆਗੂ ਹੁੰਦਾ ਹੈ, ਅਤੇ ਇਸ ਕਾਰਨ ਉਹ ਸੱਚੇ ਰਾਹ ਨੂੰ ਨਹੀਂ ਭੁੱਲਦੇ ॥

ਮੈਂ ਚਾਹੁੰਦੀ ਹਾਂ, ਜੋ ਤੁਸੀਂ ਮੈ ਨੂੰ ਉਹ ਰਾਹ ਦੱਸੋ, ਅਤੇ ਮੈਂ ਚਾਹੁੰਦੀ ਹਾਂ ਜੋ ਉੱਥੇ ਜਾਵਾਂ, ਅਰ ਛੋਟੇ ਹਰੇਸ ਨੂੰ ਇੱਕ ਵਾਰ ਫੇਰ ਵੇਖਾਂ, ਅਰ ਮਿਲਾਂ ॥

ਇੱਥੇ ਖੋਟੇ ਕਰਮਾਂ ਨੂੰ ਉਨ੍ਹਾਂ ਦੀ ਗੱਲ ਬਾਤ ਵਿੱਚ ਵਿਘਨ ਪੈ ਗਿਆ। ਜੋ ਉਹ ਗਾਉਣਵਾਲੀ ਜਿੰਨਾਕੁ ਜਾਣਦੀ ਸੀ, ਸਭ ਗਾਉਂ ਚੁੱਕੀ, ਅਤੇ ਜਾਣ ਨੂੰ ਤਿਆਰ ਹੋਈ, ਕੁਛ ਪੈਸੇ ਮੰਗਣ ਨੂੰ ਉਸ ਬੀਬੀ ਦੇ ਮੁੱਢ ਆਈ। ਉਸ ਨੈ ਉਹ ਨੂੰ ਪੈਸੇ ਦਿੱਤੇ, ਅਤੇ ਉਸ ਵੇਲੇ ਬਸੰਤ ਨੂੰ ਕੁਛ ਨਾ ਆਖਣਾ ਹੀ ਚੰਗਾ ਸਮਝਿਆ। ਉਹ ਫੇਰ ਬਾਹਰ ਸੁਫੇ ਵਿੱਚ ਗਈ, ਅਤੇ ਪੜ੍ਹਨਾ, ਅਰ ਕੰਮ ਧੰਦਾ ਫੇਰ ਹੋਣ ਲੱਗਾ। ਉਹ ਦੇ ਜਾਣ ਥੋਂ ਪਹਿਲੇ ਤੀਮਤਾਂ ਚਿਚਲਾਉਣ ਲੱਗੀਆਂ,

Digitized by Panjab Digital Library | www.panjabdigilib.org

ਹੇ ਮੇਮ ਸਾਹਿਬ ਜੀ ਕੁਛ ਗਾਓ, ਹੇ ਮੇਮ ਸਾਹਿਬ ਜੀ ਕੁਛ ਗਾਓ, ਸੋ ਉਸ ਨੈ ਗਾਵੀਂਆਂ ॥

ਐਥੇ ਦੁੱਖ ਅਰ ਚਿੰਤਾ ਅਸੀਂ ਭੋਗਦੇ ਹਾਂ ॥

ਅਤੇ ਇੱਕ ਇੱਕ ਤੁਕ ਦਾ ਅਰਥ ਸਮਝਾਇਆ, ਬਸੰਤ ਅੱਖਰਾਂ ਨੂੰ ਪੀ ਗਈ, ਅਤੇ ਬੇਨਤੀ ਕਰਨ ਲੱਗੀ, ਜੋ ਏਹ ਤੁਕ ( ਛੋਟੇ ਬਾਲਕ ਉੱਥੇ ਹੋਣਗੇ ) ਮੈਂ ਚੰਗੀ ਤਰਾਂ ਕੰਠ ਕਰ ਲਵਾਂ ॥

ਉਸ ਰਾਤ ਬੜੀ ਗਰਮੀ ਹੋਈ, ਇਸ ਕਾਰਨ ਤੀਮਤਾਂ ਸਭੇ ਬੜੇ ਉੱਤੇ ਹੋ ਪੈ ਰਹੀਆਂ, ਅਤੇ ਤਾਰਿਆਂ ਦੀ ਚਾਨਣੀ ਵਿੱਚ ਸੌਂ ਰਹੀਆਂ। ਬਸੰਤ ਕਈ ਘੜੀਆਂ ਘੜਿਆਲ ਦੀਆਂ ਜਾਗਦੀ ਰਹੀ, ਅਤੇ ਸੁਰਗ ਦੀ ਵੱਲ ਤੱਕਦੀ ਰਹੀ, ਅਤੇ ਉਸ ਧਰਤੀ ਦੀ ਗੱਲ ਜੋ ਤਾਰਿਆਂ ਤੇ ਬੀ ਪਰੇ ਹੈ, ਵਿਚਾਰਦੀ ਸੀ, ਕੇਹੀ ਅਲੇਖੀ ਗੱਲ ਹੈ, ਜੋ ਉੱਥੇ ਸੂਰਜ ਦੀ ਗਰਮੀ ਨਹੀਂ ਪਹੁੰਚਦੀ, ਉਹ ਬਹੁਤ ਚੰਗੀ ਥਾਂ ਹੋਵੇਗੀ, ਅਰ ਮੈਂ ਜਾਣਦੀ ਹਾਂ, ਜੋ ਉਸ ਬੀਬੀ ਨੈ ਪਾਣੀ ਦੇ ਸੁੰਬ, ਅਰ ਧਾਰਾਂ ਦੀ ਗੱਲ ਬੀ ਆਖੀ ਸੀ। ਮੈਂ ਚਾਹੁੰਦੀ ਹਾਂ, ਜੋ ਅਜਿਹੇ ਲੁਭਾਉਣੇ ਸੁੰਬ ਅਰ ਧਾਰਾਂ ਇੱਥੇ ਬੀ ਹੁੰਦੀਆਂ। ਸਾਡੇ ਤਲਾਉ ਬਹੁਤ ਦਿਨਾਂ ਦੀ ਕਠੋਰਤਾ ਨਾਲ਼ ਸੁੱਕ ਰਹੇ ਹਨ। ਮੈਂ ਚਾਹੁੰਦੀ ਹਾਂ, ਜੋ ਖ੍ਰਿਸਟਾਨੀਆਂ ਦੇ ਧਰਮ ਪੁਸਤਕ ਨੂੰ ਪੜ੍ਹਾਂ, ਅਰ ਇਹ ਸਮਝਦੀ ਹਾਂ, ਜੋ ਉਨਾਂ ਦੇ ਚਿੱਤ ਵਿੱਚ ਬੜਾ ਸੁਖ ਹੁੰਦਾ ਹੋਊ। ਮੇਰਾ ਛੋਟਾ ਹਰੇਸ। ਮੈਂ ਅੱਗੇ ਇਹ ਨਹੀਂ ਜਾਣਦੀ ਸਾਂ, ਜੋ ਉਹ ਅਜਿਹੇ ਸੁੰਦਰ ਥਾਂ ਵਿੱਚ ਹੈ, ਅਤੇ ਨਾ ਕਦੀ ਉਹ ਦੇ ਦੇਖਣ ਦੀ ਆਸ ਸੀ। ਧੁਲ ਜੇ ਇਹ ਸਭ ਸੱਚ ਹੈ, ਤਾਂ ਮੈਂ ਉਹ ਨੂੰ ਫੇਰ ਵੇਖ ਸਕਦੀ ਹਾਂ। ਕੀ ਜਾਣੀਏ ਉਹ ਮੈਂ ਨੂੰ ਫੇਰ ਗਲਵੱਕੜੀ ਪਾਕੇ ਮਿਲੇਗਾ, ਅਰ ਮੈ ਨੂੰ ਚੁੰਮੇਂਗਾ, ਜਿਹਾ ਉਹ ਪਹਿਲੇ ਕਰਦਾ ਹੁੰਦਾ ਸੀ। ਹੇ ਹਰੇਸ, ਮੇਰੇ ਪਿਆਰੇ ਪੰਛੀ। ਜਦ ਤੂੰ ਮੇਰੇ ਨਾਲ਼ ਐਨਾਂ ਮੋਹ ਕਰਦਾ ਸਾ, ਤਾਂ

Digitized by Panjab Digital Library | www.panjabdigilib.org

ਮੈ ਨੂੰ ਕਿੰਉ ਛੱਡ ਗਿਆ। ਪਰ ਉਹ ਬੀਬੀ ਆਖਦੀ ਸੀ, ਜੋ ਸੁਰਗ ਨੂੰ ਇੱਕ ਰਾਹ ਹੈ, ਅਤੇ ਜੇ ਮੈ ਨੂੰ ਉਹ ਰਾਹ ਨਾ ਲੱਭੇ, ਤਾਂ ਕਦੀ ਨਾ ਅੱਪੜਾਂਗੀ, ਮੈਂ ਚਾਹੁੰਦੀ ਹਾਂ, ਜੋ ਉਹ ਗਾਉਲਵਾਲ਼ੀ ਵਿੱਚ ਨਾ ਆਉਂਦੀ, ਅਤੇ ਸਾਡੀ ਗੱਲ ਨੂੰ ਨਾ ਅਟਕਾਉਂਦੀ, ਤਾਂ ਮੈਂ ਉਸ ਰਾਹ ਦੀ ਬਾਬਤ ਕੁਛ ਪੁੱਛਦੀ। ਹੁਣ ਮੈ ਨੂੰ ਪੁੱਛਣ ਦਾ ਵੇਲਾ ਨਹੀਂ ਮਿਲਨਾ, ਕਿੰਉ ਜੋ ਉਹ ਬੀਬੀ ਛੇਤੀ ਤੁਰ ਜਾਣ ਦੀ ਬਾਬਤ ਕੁਛ ਆਖਦੀ ਸੀ॥

ਅਜਿਹੀਆਂ ਗਿਣਤੀਆਂ ਗਿਣਦੀ ਬਸੰਤ ਆਪਣੇ ਆਪ ਵਿੱਚ ਨਾ ਰਹੀ, ਅਰ ਸੌਂ ਗਈ। ਸੁਪਨੇ ਵਿੱਚ ਕੀ ਵੇਖਦੀ ਹੈ, ਜੋ ਸੁਰਗ ਦੇ ਦੂਤ ਉਹ ਨੂੰ ਬੱਦਲਾਂ ਤੇ ਬੀ ਪਰੇ, ਇੰਦ੍ਰਧਨੁਖ (ਅਰਥਾਤ ਪੀਂਘ) ਦੇ ਰਾਹ ਚੁੱਕ ਲੈ ਗਏ, ਸੂਰਜ ਅਤੇ ਤਾਰਿਆਂ ਤੇ ਬੀ ਪਰੇ, ਅਤੇ ਇੱਕ ਵੱਡੇ ਸਾਰੇ ਸੋਨੇ ਦੇ ਬੂਹਿਓਂ ਲੰਘਕੇ ਉਹ ਉਸ ਧਰਤੀ ਵਿੱਚ ਜਾ ਵੜੀ। ਉਸ ਨੈ ਬਥੇਰੇ ਬਾਲਕਾਂ ਨੂੰ ਜੀਉਣ ਦੇ ਸੂੰਬ ਦੇ ਕੋਲ਼ ਖੇਡਦਿਆਂ ਡਿੱਠਾ। ਉਹ ਧਰਤੀ ਫੁੱਲਾਂ ਦੇ ਨਾਲ਼ ਲੱਦੀ ਹੋਈ ਸੀ, ਅਰ ਉੱਥੇ ਕਲੀਆਂ ਵਿੱਚ ਕੋਈ ਸੱਪ ਨਹੀਂ ਲੁੱਕਾ ਹੋਇਆ ਸੀ, ਅਤੇ ਇੱਕ ਇੱਕ ਮੁੰਡੇ ਦੇ ਮਗਰ ਇੱਕ ਇੱਕ ਸੁੰਦਰ ਦੂਤ ਰਾਖੀ ਦੇ ਲਈ ਖੜਾ ਸੀ। ਜਦ ਉਹ ਇਨ੍ਹਾਂ ਬਾਲਕਿਆਂ ਦੀ ਵੱਲ ਧਿ-ਆਨ ਮਾਰ ਰਹੀ ਸੀ, ਭਈ ਵੇਖਾਂ ਮੇਰਾ ਹਰੇਸ਼ ਬੀ ਇਨ੍ਹਾਂ ਵਿੱਚ ਹੈ, ਤਾਂ ਉਸ ਨੈ ਡਿੱਠਾ ਇੱਕ ਛੋਟਾ ਮੁੰਡਾ ਉਸੇ ਦੇ ਪਿਆਰੇ ਪੁਤ੍ਰ ਦੇ ਹਾਣ ਦਾ ਉਹ ਦੀ ਵੱਲ ਤੁਰਿਆ ਆਉਂਦਾ ਹੈ, ਜਦ ਉਹ ਹੋਰ ਨੇੜੇ ਆਇਆ, ਤਾਂ ਬਸੰਤ ਨੈ ਸਿਞਾਣਿਆ, ਜੋ ਮੇਰਾ ਹੀ ਗੁਵਾਚਾ ਹੋਇਆ ਮੁੰਡਾ ਹੈ। ਬਸੰਤ ਨੈ ਉਹ ਨੂੰ ਕੁਛੜ ਲੈ ਲਿਆ। ਉਹ ਦੀਆਂ ਨੈਂਗਲ਼ੀਆਂ ਬਾਹਾਂ ਆਪਣੇ ਗਲ਼ ਵਿੱਚ ਪੱਈਆਂ ਡਿੱਠੀਆਂ, ਅਰ ਆਪਣੇ ਹੋਠਾਂ ਨਾਲ਼ ਉਹ ਨੂੰ ਚੁੰਮਿਆਂ। ਜਦ ਉਸ ਦਾ



Digitized by Panjab Digital Library | www.panjabdigilib.org

ਅਨੰਦ ਨਾ ਸਮਾਇਆ, ਬਸੰਤ ਜਾਗ ਪਈ, ਅਰ ਡਿੱਠਾ, ਜੋ ਇਹ ਸੁਪਨਾ ਸੀ। ਪਰ ਤਾਰੇ ਚੁਲ ਤੇੜ੍ਹੀ ਚਮਕਦੇ ਸੇ, ਅਰ ਉਨਾਂ ਦੀ ਜੋਤ ਨਾਲ ਬਸੰਤ ਨੂੰ ਉਸ ਪਰੇ ਦੀ ਧਰਤੀ ਦਾ ਚੇਤਾ ਆਇਆ, ਅਤੇ ਇਸ ਤਰਾਂ ਉਸ ਰਾਤ ਸੁਰਗ ਵਿੱਚ ਇੱਕ ਸੰਗਲ ਬੱਝ ਗਿਆ, ਇੱਕ ਸਿਰਾ ਉਸ ਦਾ ਉਸ ਛੋਟੇ ਮੁੰਡੇ ਨੈ ਜੋ ਸਰਬ ਰਖਵਾਲੇ ਦੀ ਝੋਲ੍ਹੀ ਵਿੱਚ ਹੈ, ਅਰ ਦੂਆ ਸਿਰਾ ਉਸ ਇਕੱਲੀ ਮਾਂ ਨੈ ਫੜ ਰੱਖਿਆ। ਬਸੰਤ ਨੈ ਆਪਣੀ ਪਕੜ ਨਾ ਛੱਡੀ। ਉਹ ਸਰਬ ਰਖਵਾਲਾ ਉਸ ਸੰਗਲ ਨੂੰ ਨੇੜੇ ਖਿੱਚਦਾ ਜਾਂਦਾ ਸੀ, ਅੰਤ ਨੂੰ ਇੱਕ ਦਿਹਾੜੇ ਧਰਤੀ ਸੁਰਗ ਦੇ ਅਜਿਹੀ ਨੇੜੇਂ ਪਹੁੰਚੀ, ਜੋ ਬਸੰਤ ਪਾਰ ਹੋ ਗਈ, ਅਤੇ ਆਪਣੇ ਮੁੰਡੇ ਦੇ ਕੋਲ ਪਰਮੇਸੁਰ ਦੇ ਅੱਗੇ ਜਾ ਪ੍ਰਾਪਤ ਹੋਈ॥

# ੮ ਕਾਂਡ॥

## ਕਲਕੱਤੇ ਜਾਣ ਦੀ ਕਥਾ॥

ਇਸ ਥੋਂ ਕੁਛ ਚਿਰ ਪਿੱਛੋਂ ਪੰਡਿਤ ਨੈ ਆਪਣੀ ਤੀਮੀਂ ਨੂੰ ਆਖਿਆ, ਜੋ ਤਿੰਨਾਂ ਮਹੀਨਿਆਂ ਲਈ ਤੁਹਾ ਨੂੰ ਸਭਨਾਂ ਨੂੰ ਕਲਕੱਤੇ ਲੈ ਜਾਣਾ ਚਾਹੁੰਦਾ ਹਾਂ, ਅਤੇ ਅਗਲੇ ਸੋਮਵਾਰ ਉੱਥੇ ਜਾਣ ਲਈ ਬੰਦੋਬਸਤ ਬੀ ਕਰ ਲਿਆ ਹੈ। ਤੀਮਤਾਂ ਦੇ ਲਈ ਇਹ ਕੇਹੀ ਪਰਸਿੰਨਤਾ ਦੀ ਗੱਲ ਸੀ, ਸ੍ਹਹਿਰ ਵੇਖਣ ਦੀ ਤਾਂ ਉਨਾਂ ਨੂੰ ਆਸ ਹੀ ਨਹੀਂ ਸੀ, ਪਰ ਇਹ ਥਾਂ ਵਟਾਉਣਾ ਅਜਿਹਾ ਮਲੂਮ ਹੋਇਆ, ਕਿ ਜਿਹ ਦੀ ਕੁਛ ਆਸ ਕੀਤੀ ਜਾਵੇ। ਉਨਾਂ ਨੂੰ ਭਰੋਸਾ ਸੀ, ਜੋ ਕਿਤੇ ਜਾਣ ਪਛਾਣ ਹੋ ਜਾਵੇ, ਤਾਂ ਨਗਰ ਦਾ ਇੱਕ ਝਲਕਾਰਾ ਬੀ ਦਿੱਸ ਪਵੇ। ਉਹ ਸਾੱਤਾ ਬੜਾ ਚਿਰਕਾ ਬੀਤਦਾ ਮਲੂਮ ਹੋਇਆ, ਅਤੇ ਜਦ ਉਹ ਦਿਨ ਆਣ ਪੁੱਜਾ, ਤਾਂ ਓਹ

Digitized by Panjab Digital Library | www.panjabdigilib.org

ਬੜੀਆਂ ਹੀ ਪਰਸਿੰਨ ਹੋਈਆਂ। ਓਹ ਤੀਮਤਾਂ ਚਾਹੁੰਦ ਭਈ ਰੇਲ ਗੱਡੀ ਉੱਤੇ ਜਾਇਏ, ਪਰ ਇਹ ਪੁਰਸਾਂ ਨੇ ਨਾ ਮੰਨਿਆਂ। ਉਨਾਂ ਨੇ ਆਖਿਆ, ਭਈ ਰੇਲ ਵਿੱਚ ਕੁਛ ਪੜਦਾ ਨਹੀਂ ਰਹਿਣਾ, ਇਸ ਕਾਰਨ ਦੋ ਗੱਡੀਆਂ ਭਾੜੇ ਕੀਤੀਆਂ, ਅਤੇ ਦੁਪਹਿਰੋਂ ਪਿੱਛੇ ਚਾਰ ਬਜੇ ਦੇ ਵੇਲੇ ਓਹ ਤੁਰੇ। ਪੰਡਿਤ, ਅਰ ਉਹ ਦਾ ਭਰਾਉ, ਅਰ ਦੋ ਮੁੰਡੇ, ਇੱਕ ਗੱਡੀ ਵਿੱਚ, ਕੁਮਾਰੀ ਪ੍ਰਸੰਨੂ ਬਸੰਤ ਤਾਰਾਮਣੀ ਅਰ ਛੋਟੀ ਕਾਮਿਨੀ ਦੂਜੀ ਵਿੱਚ, ਅਤੇ ਹਿਰਨੀ ਨੂੰ ਘਰ ਦੀ ਰਖ-ਵਾਲ਼ੀ ਛੱਡ ਗਏ। ਇਹ ਗੱਡੀ ਉੱਤੇ ਚੜ੍ਹਕੇ ਜਾਣਾ, ਸਭ ਦੇ ਮਨ ਨੂੰ ਚੰਗਾ ਲੱਗਾ ਉਸ ਵੱਡੇ ਨਗਰ ਵਿੱਚ ਜਾਣਾ, ਅਤੇ ਉਹ ਦੀ ਧੂਮ ਧਾਮ ਦੀ ਝਲਕ ਦੂਰੋਂ ਦੇਖਣ ਨਾਲ਼ ਬੀ ਉਹ ਫੁਲੀਆਂ ਨਾ ਮੇਉਣ। ਤੀਮਤਾਂ ਕੌਤਕ ਵਿੱਚ ਸਨ, ਅਤੇ ਬੰਦ ਕੀਤੀ ਹੋਈ ਗੱਡੀ ਦੇ ਤਾਕਾਂ ਦੀਆਂ ਵਿੱਥਾਂ ਵਿੱਚੋਂ ਝਾਕਣ ਲੱਗੀਆਂ। ਉਨਾਂ ਨੇ ਵੱਡੇ ਗਿਰਜੇ ਨੂੰ ਡਿੱਠਾ, ਅਤੇ ਅਚਰਜ ਹੋਣ, ਭਈ ਖ੍ਰਿਸ੍ਟਾਨੀ ਕਿੱਕੁਰ ਪੂਜਾ ਕਰਦੇ ਹੋਣਗੇ? ਅਤੇ ਕਿਸ ਤਰਾਂ ਐਡਾ ਵੱਡਾ ਘਰ ਬਣਾਉਂਦੇ ਹਨ। ਹਿੰਦੂਆਂ ਵਿੱਚ ਅਜਿਹੇ ਵੱਡੇ ਅਰ ਮੋਕਲੇ ਮੰਦਰ ਅਵੱਸੋਂ ਨਹੀਂ ਹੁੰਦੇ, ਪੂਜਾ ਕਰਨਵਾਲ਼ੇ ਹਿੰਦੂ ਪਰਮੇਸੁਰ ਦੀ ਪ੍ਰਾਰਥਨਾ ਅਰ ਉਸ-ਤੁਤਿ ਇਕੱਠੇ ਹੋਕੇ ਕਦੀ ਨਹੀਂ ਕਰਦੇ, ਸਭ ਕੋਈ ਆਪੋ ਆਪਣਾ ਚੜ੍ਹਾਵਾ ਲੈਕੇ ਇਕੱਲਾ ਜਾਂਦਾ ਹੈ। ਮਹੱਲ ਵਰਗੇ ਚੌਕੇਲੇ ਘਰ ਨਾਲ਼ ਉਹ ਮੋਹੀਆਂ ਗੱਈਆਂ, ਸਭ ਗੱਡੀਆਂ ਜਦ ਕੋਲ਼ ਆ-ਉਣ, ਓਹ ਤੀਮੀਆਂ ਬਰੋਬਰ ਹੋਕੇ ਦੇਖਦੀਆਂ ਸਨ, ਜੋ ਉਨਾਂ ਦੇ ਵਿੱਚ ਬੈਠਿਆਂ ਹੋਇਆਂ ਨੂੰ ਵੇਖਣ ਜਿਂਵੇਂ ੨ ਉਹ ਅੱਗੇ ਵਧਦੇ ਗਏ, ਤਿਂਵੇਂ ੨ ਵੱਡੇ ੨ ਮਹਿਲ ਪਿੱਛੇ ਰਹਿੰਦੇ ਗਏ, ਅਤੇ ਉਨਾਂ ਨੇ ਦੇਸੀਆਂ ਨਾਲ਼ ਵੱਸੇ ਹੋਏ ਕਟੜੇ ਵਿੱਚ ਪ੍ਰਵੇਸ ਕੀਤਾ। ਉਨਾਂ ਦੇ ਰਹਿਣ ਦਾ ਘਰ ਪ੍ਰੈਸੀਡਨਸੀ ਕਾਲਿਜ ਦੇ ਕੋਲ਼ ਰੱਤੀ ਭੀੜੇ ਥਾਂ

Digitized by Panjab Digital Library | www.panjabdigilib.org

ਉੱਤੇ ਸੀ। ਗੱਡੀਆਂ ਫਾਟਕ ਉੱਤੇ ਖਲੋਤੀਆਂ, ਨੌਕਰ ਵੱਡੇ ਲਾਲ ਪੜਦੇ ਹੱਥ ਵਿੱਚ ਲੈਕੇ ਅੱਗੇ ਆਏ, ਅਤੇ ਇਨ੍ਹਾਂ ਪੜਦਿਆਂ ਨਾਲ ਉਨ੍ਹਾਂ ਨੈ ਦੋਹੀਂ ਵੱਲੀਂ ਕਨਾਤ ਬਣਾਈ, ਉਸ ਰਾਹ ਥਾਣੀਂ ਤੀਮਤਾਂ ਅੰਦਰ ਗੱਈਆਂ॥

ਇਹ ਘਰ ਗੋਪਾਲਪੁਰ ਵਰਗਾ ਹੀ ਸੀ, ਅਰ ਕਿਤੇਂ ਕਿਤੇਂ ਉਸ ਥੋਂ ਬੀ ਨਵਾਂ, ਅਤੇ ਚੰਗੀ ਮਰਜਾਦਾ ਨਾਲ ਬਣਾਇਆ ਹੋਇਆ ਸੀ। ਬੈਠਕ ਦੀ ਕੋਠੜੀ ਦਾ ਸਜਾਉ ਕੁਛ ਵਧੀਕ ਸੀ, ਪਰ ਤੀਮਤਾਂ ਦੀਆਂ ਕੋਠੜੀਆਂ ਉਹੋ ਜੇਹੀਆਂ ਹੀ ਸਨ, ਅਰ ਕੋਠੇ ਉੱਤੇ ਚੜ੍ਹਨ ਲਈ ਇੱਕ ਪੌੜੀ ਸੀ, ਜੋ ਉਨ੍ਹਾਂ ਨੈ ਬੜਾ ਲਾਭ ਸਮਝਿਆ॥

ਤ੍ਰਿਕਾਲ੍ਹਾਂ ਵੇਲੇ ਓਹ ਆਨ ਪਹੁੰਚੇ ਸੇ, ਅਰ ਸਭ ਵਸਤੀਆਂ ਓਪਰੀਆਂ ਓਪਰੀਆਂ ਲੱਗੀਆਂ। ਉਹ ਛੋਟੀ ਕੁੜੀ ਪਈ ਛਿੱਥਿ-ਆਂ ਕਰੇ, ਨਾਲੇ ਘਰ ਵਿੱਚ ਕੰਮ ਬੀ ਬਹੁਤ ਕਰਨਾ ਸੀ। ਅੰਤ ਨੂੰ ਰਾਤ ਪਈ ਰਸੋਈ ਕੀਤੀ, ਪਹਿਲੇ ਪੁਰਸਾਂ ਨੈ ਭੋਜਨ ਖਾਧਾ, ਅਤੇ ਥੱਕੀਆਂ ਟੁੱਟੀਆਂ ਤੀਮਤਾਂ ਨੂੰ ਜਦ ਤੋੜੀ ਉਨ੍ਹਾਂ ਦੇ ਭਰਤੇ ਨਾ ਖਾ ਲੈਣ, ਠਹਿਰਨਾ ਪਿਆ, ਇਹ ਬੀ ਇੱਕ ਕੇਹੀ ਖੋਟੀ ਚਾਲ ਹਿੰਦੂ-ਆਂ ਵਿੱਚ ਤੁਰੀ ਹੋਈ ਹੈ॥

ਅਗਲੇ ਭਲਕ ਜਦ ਪੰਡਿਤ ਅਰ ਉਸ ਦਾ ਭਰਾਉ, ਆਪੋ ਆਪਣੇ ਕੰਮ ਨੂੰ ਚਲੇ ਗਏ, ਤਾਂ ਕਈ ਤੀਮਤਾਂ ਕਈਇੱਕ ਵਿਕਰੀ ਦੀਆਂ ਵਸਤਾਂ ਵੇਚਣ ਲਈ ਲਿਆਈਆਂ। ਪਹਿਲੇਂ ਇੱਕ ਵੰਙਾਂ ਵੇਚਣਵਾਲ੍ਹੀ ਆਈ, ਕੱਚ ਦੀਆਂ, ਅਤੇ ਲਾਲ ਰੰਗ ਦੀਆਂ ਬਿਲੌਰੀ ਵੰਙਾਂ ਲਿਆਈ। ਛੋਟੀ ਕਾਮਿਨੀ ਵਡੀ ਪਰਸਿੰਨ ਹੋਈ, ਬਾਰਾਂ ਬਾਰਾਂ ਵੰਙਾਂ ਉਹ ਦੇ ਦੋਹਾਂ ਛੋਟੇ ਮੋਟੇ ਹੱਥਾਂ ਵਿੱਚ ਚੜ੍ਹਾਈ-ਆਂ। ਥੋਹੜੇ ਚਿਰ ਵਿੱਚ ਹੀ ਉਹ ਟੁੱਟ ਭੱਜ ਗਈਆਂ, ਪਰ ਭਜਦਿਆਂ ਤੋੜੀ ਉਹ ਸੁੰਦਰ ਅਰ ਚਮਕੀਲੀਆਂ ਲਿਸ਼ਕ ਲਿਸ਼ਕ

Digitized by Panjab Digital Library | www.panjabdigilib.org

ਕਰਦੀਆਂ ਦਿਸਦੀਆਂ ਸਨ। ਫੇਰ ਇੱਕ ਤੀਮੀਂ ਮਠਿਆਈ ਦੀ ਟੋਕਰੀ ਲੈਕੇ ਆਈ, ਅਜਿਹੀ ਮਠਿਆਈ ਗੋਪਾਲਪੁਰ ਵਾ-ਲਿਆਂ ਨੂੰ ਦੁਰਲੱਭ ਸੀ। ਫੇਰ ਇੱਕ ਨਾਇਣ ਆਈ, ਅਰ ਸਭਨਾਂ ਤੀਮਤਾਂ ਨੇ ਆਪੋ ਆਪਣੇ ਪੈਰੀਂ ਮਹਿੰਦੀ ਲਵਾਈ। ਫੇਰ ਇੱਕ ਤੀਮੀਂ ਪੋਥੀਆਂ ਲੈ ਆਈ ਕਿਉਂ ਜੋ ਉਹ ਨੇ ਸੁਣਿਆ ਹੋਇਆ ਸੀ ਜੋ ਇਸ ਘਰ ਦੀਆਂ ਤੀਮਤਾਂ ਪੜ੍ਹੀਆਂ ਹੋਈਆਂ ਹਨ, ਇਸੇ ਤਰਾਂ ਦਿਨ ਜਾਂਦਾ ਮਲੂਮ ਨਾ ਹੋਇਆ, ਅਰ ਜੋ ਜੋ ਕੋਈ ਆਵੇ ਨਵੀਂ ਨਵੀਂ ਗੱਪ ਸੁਣਾ ਜਾਵੇ। ਦਿਹਾੜੀ ਬੜੀ ਛੇਤੀ ਬੀਤ ਗਈ, ਸੰਧਿਆਂ ਨੂੰ ਅਨੇਰਾ ਹੋਣ ਲੱਗਾ, ਤਦ ਤੀਮਤਾਂ ਛੱਤ ਉੱਤੇ ਜਾ ਚੜ੍ਹੀਆਂ, ਉੱਥੋਂ ਬੜੇ ਬੜੇ ਜਹਾਜ ਨਦੀ ਵਿੱਚ ਦਿੱਸਦੇ ਸਨ। ਉਨ੍ਹਾਂ ਦਾ ਮਨ ਬਹੁਤ ਹੀ ਲੋਚਦਾ ਸੀ, ਕਿ ਜਹਾਜ ਵਿੱਚ ਚੜ੍ਹੀਏ, ਅਰ ਉੱਥੋਂ ਦੀ ਗੱਲ ਚਾਲ ਦੇਖਿਯੇ, ਪਰ ਇਹ ਇੱਛਿਆ ਉਨ੍ਹਾਂ ਦੀ ਅਣਹੋਈ ਸੀ॥

ਛੋਟੀ ਕਾਮਿਨੀ ਜਿੱਥੇ ਚਾਹੇ, ਆਂਢ ਗੁਆਂਢ ਵਿੱਚ ਚਲੀ ਜਾਵੇ, ਇੱਕ ਦਿਨ ਉਹ ਦੌੜੀ ਦੌੜੀ ਅੰਦਰ ਆਈ, ਅਰ ਆਖਣ ਲੱਗੀ, ਜੋ ਮੈਂ ਆਪਣੇ ਵਰਗੀਆਂ ਨਿੱਕੀਆਂ ਨਿੱਕੀਆਂ ਕੁੜੀਆਂ ਦੀ ਪਾਠਸਾਲਾ ਵੇਖ ਆਈ ਹਾਂ। ਉੱਥੇ ਸਭ ਕੁੜੀਆਂ ਲਿਖਦੀਆਂ ਪੜ੍ਹਦੀਆਂ, ਅਰ ਸੋਹਣੇ ਸੋਹਣੇ ਭਜਨ ਗਾਉਂਦੀਆਂ ਹਨ। ਭਲਾ ਮੈਂ ਬੀ ਜਾਵਾਂ? ਉਹ ਦੀ ਮਾਂ ਨੇ ਆਖਿਆ ਅੱਛਾ, ਅਤੇ ਉਹ ਨੂੰ ਛੋਟੀ ਜੇਹੀ ਚੁੰਨੀ ਕਰਾਕੇ ਜਾਣ ਲਈ ਆਖਿਆ। ਘਰ ਵਿੱਚ ਰਹਿਕੇ ਉਹ ਨਿੱਕੀ ਨਿੱਕੀ ਗੱਲ ਬਦਲੇ ਰੁੱਸਦੀ ਝਗੜਾ ਕਰਦੀ ਸੀ, ਇਸ ਲਈ ਉਹ ਦੇ ਬਾਹਰ ਚਲੇ ਜਾਣ ਵਿੱਚ ਸਾਂਤ ਵਰਤੀ ਰਹਿੰਦੀ ਸੀ। ਕੁੜੀ ਸਾਰੀ ਦਿਹਾੜੀ ਜੋ ਕੁਛ ਪੜ੍ਹਦੀ ਅਤੇ ਜੋ ਕੁਛ ਉਹ ਨੂੰ ਸਿਖਾਉਣਵਾਲੀ ਸਿਖਾਉਂਦੀ, ਉਹ ਨੂੰ ਬਹੁਤ ਕੁਛ ਹੋ ਜਾਵੇ।

Digitized by Panjab Digital Library | www.panjabdigilib.org

ਬਸੰਤ ਦਾ ਚਾਉ ਵਧਿਆ, ਅਰ ਉਸ ਨੈ ਕਾਮਿਨੀ ਨੂੰ ਆਖਿਆ, ਆਪਣੀ ਪੜ੍ਹਾਉਣਵਾਲੀ ਨੂੰ ਆਖੋਂ, ਜੋ ਕਿਸੇ ਵੇਲੇ ਇੱਥੇ ਬੀ ਆਵੇ। ਉਹ ਆਈ, ਅਤੇ ਉਹ ਇੱਕ ਸੁੰਦਰ ਦੇਸੀ ਤੀਮਤ ਸੀ, ਅਤੇ ਸਾਰੀਆਂ ਨੈ ਉਹ ਦੇ ਟੱਬਰ ਅਤੇ ਜੀਵਿਕਾ ਦੀਆਂ ਗੱਲਾਂ ਪੁੱਛੀਆਂ। ਉਸ ਨੈ ਭਲੇ ਸੁਭਾਉ ਦੇ ਨਾਲ਼ ਸਭ ਦਾ ਉੱਤਰ ਦਿੱਤਾ, ਅਤੇ ਆਪ ਬੀ ਕੁਛ ਪੁੱਛਿਆ। ਤਦ ਬਸੰਤ ਦੀ ਚਿੰਤਾ, ਅਰ ਸੋਗ ਦੇ ਵਿਖੇ ਉਸ ਨੂੰ ਆਖਿਆ। ਉਹ ਕਹਿਣ ਲੱਗੀ॥—

ਸਾਡੇ ਮੁੰਡੇ ਕੁੜੀਆਂ ਦਾ ਮਰ ਜਾਣਾ ਵਡੇ ਦੁੱਖ ਦੀ ਗੱਲ ਹੈ॥

ਭਲਾ ਤੁਹਾਡੇ ਬੀ ਕੋਈ ਬਾਲ ਮੋਏ ਹਨ?

ਤਿੰਨ, ਦੋ ਤਾਂ ਜਦ ਛੋਟੇ ਹੀ ਸੇ। ਅਰ ਇੱਕ ਕੁੜੀ ਡਾੱਢੀ ਸੋਹਣੀ, ਜਦ ਸੱਤਾਂ ਵਰਿਹਾਂ ਦੀ ਹੋਈ ਸੀ, ਪਰ ਨਿਕੀ ਕੁੜੀ ਤਾਂ ਮਰਨਾ ਹੀ ਚਾਹੁੰਦੀ ਸੀ॥

ਕਿੰਉ?

ਉਹ ਆਖਦੀ ਸੀ, ਭਈ ਮੈਂ ਪ੍ਰਭੁ ਜਿਸੂ ਮਸੀਹ ਦੇ ਕੋਲ਼ ਸੁਰਗ ਵਿੱਚ ਜਾਣਾ ਚਾਹੁੰਦੀ ਹਾਂ। ਉਸ ਨੂੰ ਬਹੁਤ ਦਿਨਾਂ ਥੋਂ ਹੌਲਦਿਲੀ ਦਾ ਰੋਗ ਸੀ, ਅਤੇ ਇਹੋ ਆਖਦੀ ਸੀ, ਭਈ ਮੈਂ ਪ੍ਰਭੁ ਜਿਸੂ ਮਸੀਹ ਦੇ ਕੋਲ਼ ਸੁਰਗ ਵਿੱਚ ਜਾਣਾ ਚਾਹੁੰਦੀ ਹਾਂ। ਸੁਰਗ ਅਜਿਹਾ ਸੁੰਦਰ ਸਥਾਨ, ਅਤੇ ਮੇਰਾ ਪ੍ਰਭੁ ਜੋ ਮੇਰੇ ਲਈ ਮੋਇਆ, ਸੋ ਉੱਥੇ ਹੀ ਹੈ, ਮੈਂ ਜਾਣ ਨੂੰ ਲੋਚਦੀ ਹਾਂ॥

ਕੇਹੀ ਅਚਰਜ ਦੀ ਗੱਲ ਹੈ, ਜੋ ਨਿੱਕੇ ਨਿੱਕੇ ਬਾਲ ਇਹ ਗੱਲ ਆਖਣ॥

ਹਾਂ, ਮੈਂ ਉਸ ਨੂੰ ਬੇਨਤੀ ਕਰਦਿਆਂ ਸੁਣਿਆ, ਜਿਸ ਵੇਲੇ ਉਹ ਵੇਖੇ ਭਈ ਕੋਲ਼ ਕੋਈ ਨਹੀਂ ਹੈ, ਤਾਂ ਉਹ ਆਪਣੇ ਨਿੱਕੇ ਨਿੱਕੇ ਹੱਥ ਜੋੜਕੇ ਆਖੇ, ਹੇ ਪ੍ਰਭੂ ਆਪਣੇ ਅਮੋਲਕ ਲਹੂ ਵਿੱਚ ਮੇਰਾ

Digitized by Panjab Digital Library | www.panjabdigilib.org

ਚਿੱਤ ਧੋ, ਮੇਰੇ ਪਾਪ ਛਿਮਾ ਕਰ, ਅਤੇ ਮੈ ਨੂੰ ਸੁਰਗ ਵਿੱਚ ਆਉਣ ਦਿਹ, ਅਰ ਉਹ ਮੈ ਨੂੰ ਇਹ ਆਖਦੀ ਰਹੇ, ਹੇ ਮਾਤਾ ਜੀ ਨਾ ਰੋਵੇ, ਮੈਂ ਉਸ ਪ੍ਰਭੁ ਦੇ ਕੋਲ਼ ਜਾਂਦੀ ਹਾਂ, ਜੇਹੜਾ ਸਾਡੇ ਲਈ ਮੋਇਆ ॥

ਤੁਸੀਂ ਖ੍ਰਿਸਟਾਨੀ ਲੋਕ ਅਲੋਖੇ ਹੀ ਹੋ, ਸਾਡੇ ਵਿੱਚ ਤਾਂ ਬਾਲਾਂ ਨੂੰ ਅਜਿਹਾ ਕਹਿੰਦਿਆਂ ਕਦੀ ਕਿਸੇ ਨੈ ਨਾ ਸੁਣਿਆ ਹੋਊ, ਭਲਾ ਜਦ ਉਹ ਮੋਈ ਸੀ ਤੁਸੀਂ ਨਾ ਰੋਏ?

ਹਾਂ, ਮੈਂ ਰੋਈ ਤਾਂ ਸਹੀ, ਪਰ ਸਾਂਤ ਕਰ ਗਈ, ਇਹ ਜਾਣਕੇ ਜੋ ਉਹ ਸੁਰਗ ਨੂੰ ਗਈ ਹੈ ॥

ਇਸ ਉੱਤੇ ਬਸੰਤ ਬੋਲੀ ਭਲਾ ਤੈ ਨੂੰ ਪਰਤੀਤ ਹੈ, ਜੋ ਤੂੰ ਉਹ ਨੂੰ ਫੇਰ ਵੇਖੇਂਗੀ?

ਹਾਂ, ਮੈ ਨੂੰ ਪਰਤੀਤ ਹੈ, ਕਿ ਜਦ ਮੈਂ ਮਰਾਂਗੀ, ਅਤੇ ਸੁਰਗ ਵਿੱਚ ਜਾਵਾਂਗੀ, ਤਾਂ ਉਹ ਨੂੰ ਫੇਰ ਵੇਖਾਂਗੀ ॥

ਭਲਾ ਤੂੰ ਸੁਰਗ ਵਿੱਚ ਜਾਣਾ ਬਹੁਤ ਚਾਹੁੰਦੀ ਹੈ?

ਹਾਂ, ਕਿਸੇ ਵੇਲੇ ਤਾਂ ਬਹੁਤ ਚਾਹੁੰਦੀ ਹਾਂ, ਪਰ ਜਦ ਤੋੜੀ ਮੇਰਾ ਪ੍ਰਭੁ ਨਹੀਂ ਸੱਦਦਾ ਉਤਨਾ ਚਿਰ ਠਹਿਰਨਾ ਪਏਗਾ, ਅਜਿਹੀਆਂ ਗੱਲਾਂ ਕਰਕੇ ਉਹ ਉੱਠੀ ਅਰ ਘਰਵਾਲਿਆਂ ਥੋਂ ਵਿਦਿਆ ਹੋਈ ॥

ਕਈ ਚਿਰ ਤੋੜੀ ਬਸੰਤ ਇਨ੍ਹਾਂ ਗੱਲਾਂ ਨੂੰ ਵਿਚਾਰਦੀ ਰਹੀ, ਉਸ ਦਾ ਜੀ ਕਰਦਾ ਸੀ, ਭਈ ਮੈਂ ਖ੍ਰਿਸਟਾਨੀਆਂ ਦੀ ਪਵਿਤ੍ਰ ਪੋਥੀ ਪੜ੍ਹਾਂ, ਪਰ ਇਹ ਨਹੀਂ ਜਾਣਦੀ ਸੀ, ਜੋ ਉਹ ਨੂੰ ਕਿੱਥੋਂ ਖਰੀਦਾਂ, ਜਿਸ ਕਰਕੇ ਕਿਸੇ ਨੂੰ ਭਰਮ ਨਾ ਪਵੇ, ਅੰਤ ਨੂੰ ਉਹ ਨੈ ਵਿਚਾਰਿਆ, ਕਿ ਇਹ ਗੱਲ ਪ੍ਰੇਮਚੰਦ ਨੂੰ ਪੁੱਛ ਲਵਾਂ, ਪ੍ਰੇਮਚੰਦ ਕੋਈ ਉਪਾਉ ਦੱਸੇਗਾ ॥

ਇੱਕ ਸੰਧਿਆਂ ਨੂੰ ਉਹ ਪ੍ਰੇਮਚੰਦ ਦੇ ਕੋਲ਼, ਕਿ ਜਦ ਉਹ ਆਪਣੀ ਸੰਥਾ ਪਿਆ ਘੋਖਦਾ ਸੀ, ਬੈਠ ਗਈ, ਅਰ ਉਹ ਨੂੰ ਆਖਿਆ,

Digitized by Panjab Digital Library | www.panjabdigilib.org

ਭਈ ਆਪਣੀ ਪੋਥੀ ਮੈ ਨੂੰ ਵੇਖਣ ਦਿਹ। ਕਈ ਪੋਥੀਆਂ ਅੰਗ੍ਰੇਜ਼ੀ ਵਿੱਚ ਸਨ, ਪਰ ਉਸ ਨੈ ਦਇਆ ਕਰਕੇ ਦੱਸ ਦਿੱਤਾ, ਜੋ ਏਹ ਕੇਹੜੀ ਕੇਹੜੀ ਪੋਥੀ ਹੈ। ਉਸ ਨੈ ਆਖਿਆ ਇਹ ਜਿਯੋਗ੍ਰਫੀ ਅਰਥਾਤ ਭੂਗੋਲ ਵਿਦਿਆ ਹੈ॥

ਭੂਗੋਲ ਕੀ ਹੁੰਦਾ ਹੈ?

ਧਰਾਤਲ ਦਾ ਬਰਣਨ, ਇਹ ਦੇ ਪੜ੍ਹਨ ਨਾਲ ਤੁਹਾ ਨੂੰ ਸਭ ਮਲੂਮ ਹੋ ਜਾਏਗਾ, ਜੋ ਸੰਸਾਰ ਵਿੱਚ ਕਿੰਨੀਆਂ ਨਦੀਆਂ, ਕਿੰਨੇ ਨਗਰ, ਅਰ ਕਿੰਨੇ ਪਹਾੜ, ਅਰ ਕਿੰਨੇ ਦੇਸ ਹਨ॥

ਅਰ ਇਹ ਕੇਹੜੀ ਪੋਥੀ ਹੈ ਪ੍ਰੇਮਚੰਦ?

ਇਹ ਗਣਿਤ ਦੀ ਹੈ, ਤੀਮੀਆਂ ਇਹ ਨੂੰ ਕੁਛ ਨਹੀਂ ਸਮਝਦੀਆਂ॥

ਇਹ ਛੋਟੀ ੨ ਅਰ ਮੋਟੀ ਪੋਥੀ ਮਹੀਨ ਛਾਪੇ ਦੀ ਕੇਹੀ ਹੈ?

ਇਸ ਨੂੰ ਅੰਗ੍ਰੇਜ਼ ਬੈਬੁਲ ਸੱਦਦੇ ਹਨ। ਇਹ ਉਨਾਂ ਦਾ ਧਰਮ ਪੁਸਤਕ ਅਥਵਾ ਉਨਾਂ ਦਾ ਸ਼ਾਸਤ੍ਰ ਹੈ॥

ਪ੍ਰੇਮਚੰਦ ਤੂੰ ਇਹ ਪੜ੍ਹਿਆ ਹੈਂ?

ਹਾਂ, ਇਹ ਦੇ ਵਿੱਚੋਂ ਆਪਣਾ ਪਾਠ ਕੰਠ ਕਰਨ ਲਈ ਮੈ ਨੂੰ ਇਹ ਪੜ੍ਹਨਾ ਪੈਂਦਾ ਹੈ॥

ਇਹ ਕੇਹੀਕੁ ਪੋਥੀ ਹੈ?

ਇਹ ਚੰਗੀ ਤਰਾਂ ਦੀ ਪੋਥੀ ਹੈ, ਪਰ ਤੂੰ ਜਾਣ ਲੈ, ਜੋ ਮੈਂ ਇਹ ਦੇ ਉੱਤੇ ਪਰਤੀਤ ਨਹੀਂ ਕਰਦਾ, ਅਰ ਜੇ ਸੱਚ ਪੁੱਛੇਂ, ਤਾਂ ਮੈਂ ਆਪਣੇ ਸ਼ਾਸਤ੍ਰਾਂ ਉੱਤੇ ਬੀ ਪਰਤੀਤ ਨਹੀਂ ਕਰਦਾ॥

ਹਾ ਹਾ ਪ੍ਰੇਮਚੰਦ ਇਹ ਗੱਲ ਫੇਰ ਨਾ ਆਖੀਂ॥

ਕਿਉ ਨਹੀਂ, ਮੈਂ ਪਾਠਸ਼ਾਲਾ ਵਿੱਚ ਕਈ ਅਜਿਹੀਆਂ ਗੱਲਾਂ ਸਿੱਖੀਆਂ ਹਨ, ਜਿਨਾਂ ਥੋਂ ਪਰਗਟ ਹੁੰਦਾ ਹੈ, ਜੋ ਸ਼ਾਸਤ੍ਰ ਸੱਚੇ ਨਹੀਂ॥

ਕੇਹੜੀਆਂ ਗੱਲਾਂ?

Digitized by Panjab Digital Library | www.panjabdigilib.org

ਕਿਉਂ ਜਦ ਗ੍ਰਹਿਲ ਹੁੰਦਾ ਹੈ, ਤਾਂ ਸਾਸਤ੍ਰ ਵਿੱਚ ਲਿਖਿਆ ਹੈ, ਜੋ ਇੱਕ ਦੈਂਤ ਸੂਰਜ ਅਰ ਚੰਦ੍ਰਮਾਂ ਨੂੰ ਨਿਗਲਦਾ ਹੈ, ਇਹ ਗੱਲ ਕੇਹੀ ਬਿਸਮਤ੍ਰੀ ਦੀ ਹੈ। ਜਦ ਚੰਦ ਗ੍ਰਹਿਲ ਹੁੰਦਾ ਹੈ, ਤਾਂ ਧਰਤੀ ਦਾ ਪਰਛਾਵਾਂ ਉਸ ਵਿੱਚ ਪੈਲ ਨਾਲ ਹੁੰਦਾ ਹੈ, ਅਤੇ ਜਦ ਸੂਰਜ ਗ੍ਰਹਿਲ ਹੁੰਦਾ ਹੈ, ਤਦ ਚੰਦ੍ਰਮਾ, ਸੂਰਜ ਅਰ ਧਰਤੀ ਦੇ ਵਿਚਕਾਰ ਆ ਜਾਂਦਾ ਹੈ, ਅਰ ਇਸ ਕਰਕੇ ਗ੍ਰਹਿਲ ਲਗਦਾ ਹੈ। ਫੇਰ ਧਰਤੀ ਨਾਰੰਗੀ ਦੇ ਸਮਾਨ ਗੋਲ ਹੈ, ਪਰ ਸਾਸਤ੍ਰ ਆਖਦਾ ਹੈ ਜੋ ਉਹ ਚਪਟੀ ਹੈ, ਹੋਰ ਕਈ ਅਜਿਹੀਆਂ ਗੱਲਾਂ ਸਾਸਤ੍ਰ ਦੇ ਵਿੱਚ ਹਨ, ਜੋ ਬੁੱਧ ਦੇ ਵਿਰੁੱਧ ਹਨ॥

ਭਲਾ ਖ੍ਰਿਸਟਾਨੀਆਂ ਦੇ ਸਾਸਤ੍ਰ ਵਿੱਚ ਬੀ ਕੋਈ ਅਜਿਹੀ ਗੱਲ ਹੈ, ਜੋ ਬੁੱਧ ਦੇ ਵਿਰੁੱਧ ਹੋਵੇ॥

ਮੈਂ ਤਾਂ ਅਜੇ ਤੋੜੀ ਅਜਿਹੀ ਕੋਈ ਨਹੀਂ ਡਿੱਠੀ, ਮੈਂ ਉਹ ਦੀਆਂ ਕਥਾਂ ਉੱਤੇ ਪਰਤੀਤ ਨਹੀਂ ਰਖਦਾ, ਤਾਂ ਬੀ ਮੈ ਨੂੰ ਇਹ ਆਖਲਾ ਪੈਂਦਾ ਹੈ, ਕਿ ਉਹ ਦੇ ਵਿੱਚ ਕੋਈ ਅਜਿਹੀ ਗੱਲ ਨਹੀਂ, ਜੋ ਬੁੱਧ ਦੇ ਵਿਰੁੱਧ ਹੋਵੇ, ਅਰ ਅਲਹੋਈ ਮਲੂਮ ਪੈਂਦੀ ਹੋਵੇ॥

ਪ੍ਰੇਮਚੰਦ ਮੈਂ ਇਸ ਪੋਥੀ ਨੂੰ ਵੇਖਲਾ ਚਾਹੁੰਦੀ ਹਾਂ, ਤੂੰ ਮੈ ਨੂੰ ਆਪਲੀ ਪੋਥੀ ਮੰਗਵੀਂ ਦੇਵੇਂਗਾ?

ਮੇਰੀ ਪੋਥੀ ਤਾਂ ਅੰਗ੍ਰੇਜੀ ਵਿੱਚ ਹੈ, ਤੂੰ ਉਹ ਨੂੰ ਪੜ੍ਹ ਨਹੀਂ ਸਕੇਂਗੀ॥

ਭਲਾ ਇਹ ਦਾ ਉਲਥਾ ਬੰਗਾਲੀ ਵਿੱਚ ਨਹੀਂ?

ਹਾਂ, ਹੈ, ਪਰ ਜੇ ਤੂੰ ਮੈ ਨੂੰ ਪੈਸੇ ਦੇਵੇਂ ਤਾਂ ਮੈਂ ਤੈਂ ਨੂੰ ਸੁਖਾਲਾ ਹੀ ਲਿਆ ਦੇਵਾਂ॥

ਇਸ ਦਾ ਮੁੱਲ ਕੀ ਹੈ?

ਸਾਰੀ ਬੈਬੁਲ ਦਾ ਮੁੱਲ ਤਾਂ ਬਹੁਤ ਹੋਵੇਗਾ, ਪਰ ਮੈਂ ਤੈ ਨੂੰ ਨਵਾਂ ਮੰਗਲਸਮਾਚਾਰ ਕੁਛ ਆਨਿਆਂ ਥੋਂ ਲਿਆ ਦੇਵਾਂਗਾ॥



Digitized by Panjab Digital Library | www.panjabdigilib.org

ਬਹੁਤ ਚੰਗਾ, ਪ੍ਰੇਮਚੰਦ ਇਹ ਅਠਾਨੀ ਲਓ, ਮੈਂ ਇਹ ਕੱਈਆਂ ਦਿਨਾਂ ਦੀ ਰੱਖੀ ਹੋਈ ਸੀ, ਜੋ ਕੋਈ ਪੋਥੀ ਮੁਲਵਾਵਾਂਗੀ, ਪਰ ਮੈ ਨੂੰ ਇਸ ਖ੍ਰਿਸਟਾਨੀਆਂ ਦੇ ਧਰਮਪੁਸਤਕ ਦੇ ਵੇਖਣ ਦਾ ਬੜਾ ਪ੍ਰੇਮ ਹੈ, ਤੂੰ ਮੈ ਨੂੰ ਲਿਆ ਹੀ ਦੇਈਂ॥

ਬਹੁਤ ਅੱਛਾ, ਜੋ ਕੁਛ ਹੋ ਸਕੇਗਾ, ਮੈਂ ਤੇਰੇ ਲਈ ਕਰਾਂਗਾ, ਪਰ ਭੁੱਲੀ ਨਾਂ ਜਦ ਮੈਂ ਤੇਰੇ ਵਾਸਤੇ ਉਹ ਪੋਥੀ ਲਿਆਵਾਂਗਾ, ਤਾਂ ਤੂੰ ਮੇਰੇ ਲਈ ਕੋਈ ਚੰਗੀ ਜੇਹੀ ਵਸਤ ਰੱਖ ਛੱਡੀਂ॥

ਅੱਛਾ, ਮੈਂ ਨਹੀਂ ਭੁੱਲਾਂਗੀ॥

ਪ੍ਰੇਮਚੰਦ ਨੈ ਆਪਣੀ ਗੱਲ ਪੂਰੀ ਕੀਤੀ। ਉਸ ਨੈ ਆਪਣੇ ਨਾਲ ਪੜ੍ਹਨਵਾਲਿਆਂ ਨੂੰ ਪੁੱਛਿਆ, ਅਤੇ ਮਲੂਮ ਕੀਤਾ, ਜੋ ਇੱਕ ਦੇ ਕੋਲ ਨਵਾਂ ਮੰਗਲਸਮਾਚਾਰ, ਅਰ ਚਹੁੰ ਆਨੀਂ ਵੇਚਦਾ ਹੈ। ਸੋ ਉਸ ਨੈ ਮੁੱਲ ਲੈ ਲਿਆ, ਅਤੇ ਘਰ ਆਕੇ ਬਸੰਤ ਨੂੰ ਆਖ ਦਿੱਤਾ, ਜੋ ਅੱਠੀਂ ਆਨੀਂ ਲਿਆ ਹੈ, ਅਰ ਐਉਂ ਉਸ ਨੈ ਚਾਰ ਆਨੇ ਆਪ ਰੱਖ ਲਏ, ਅਰ ਨਾਲੇ ਜੇਹੜੀ ਮਠਿਆਈ ਬਸੰਤ ਨੈ ਉਸ ਦੇ ਲਈ ਰੱਖੀ ਹੋਈ ਸੀ, ਉਹ ਤਿਸ ਨੂੰ ਮਿਲੀ॥

ਉਹ ਪੋਥੀ ਨੂੰ ਲੈਕੇ ਬੜੀ ਅਨੰਦ ਹੋਈ, ਇਹ ਅਨੰਦ ਅਜਿਹਾ ਨਹੀਂ ਸੀ, ਕਿ ਜੇਹੜਾ ਜੀਉਣ ਦੇ ਰਾਹ ਦਾ ਅਗੂਆ ਪਾਕੇ ਕਿਸੇ ਨੂੰ ਹੁੰਦਾ ਹੈ, ਪਰ ਉਸ ਤਰਾਂ ਦਾ, ਕਿ ਜਿਹਾ ਕਿਸੇ ਕੌਤਕੀ ਨੂੰ ਹੁੰਦਾ ਹੈ, ਜਾਣੀਦਾ ਉਹ ਨੂੰ ਕੁਛ ਮਿਲ ਗਿਆ ਹੈ, ਕਿ ਜਿਸ ਨਾਲ ਉਹ ਆਪਣਾ ਮਨੋਰਥ ਪੂਰਾ ਕਰ ਲਵੇ। ਕੀ ਜਾਣੀਏ ਇੱਕ ਇਹ ਗੱਲ ਸੀ, ਕਿ ਜਿਸ ਕਰਕੇ ਉਹ ਪਰਸਿੰਨ ਹੋਈ ਹੋਵੇ, ਭਈ ਇਹ ਪੋਥੀ ਸੁਰਗ ਦੀ ਬਾਬਤ ਹੈ, ਕਿ ਜਿੱਥੇ ਉਸ ਦਾ ਪੁਤ੍ਰ ਗਿਆ ਹੋਇਆ ਸੀ। ਉੱਸੇ ਰਾਤ ਜਦ ਧਰ੍ਹੇ ਉੱਤੇ ਬੈਠਕੇ ਚਾਂਦਨੀ ਦੀ ਸੋਭਾ ਵੇਖ ਰਹੀ ਸੀ, ਬਸੰਤ ਨੈ ਦੀਵਾ ਜਗਾਇਆ, ਅਤੇ ਆਪਣੀ

Digitized by Panjab Digital Library | www.panjabdigilib.org

ਕੋਠੜੀ ਵਿੱਚ ਜਾਕੇ ਪੜ੍ਹਨ ਬੈਠ ਗਈ। ਮੱਤੀ ਦੇ ਪਹਿਲੇ ਕਾਂਡ ਥੋਂ ਤਾਂ ਉਹ ਦਾ ਜੀ ਟੁਟ ਗਿਆ। ਉਹ ਬਹੁਤਿਆਂ ਨਾਵਾਂ ਦੀ ਬਾਬਤ ਕੁਛ ਨਾ ਕਹਿ ਸਕੀ, ਤਾਂ ਬੀ ਉਹ ਧੀਰਜ ਧਾਰਕੇ ਪੜ੍ਹਦੀ ਗਈ, ਜਦ ਉਹ ਉਨਾਂ ਤੁਕਾਂ ਉੱਤੇ ਪਹੁੰਚੀ, ਜਿੱਥੇ ਇਮਾਨੂਏਲ, ਅਰਥਾਤ ਪਰਮੇਸੁਰ ਸਾਡੇ ਨਾਲ, ਉਸ ਦੇ ਜਨਮ ਦੀ ਬਾਬਤ ਲਿਖਿਆ ਸੀ, ਉਸ ਨੈ ਵਿਚਾਰਿਆ, ਇਹ ਤਾਂ ਅਚਰਜ ਗੱਲ ਹੈ, ਮੈਂ ਜਾਣਨੀ ਹਾਂ, ਇਹੋ ਖ੍ਰਿਸਟਾਨੀਆਂ ਦਾ ਈਸੁਰ ਖ੍ਰਿਸਟ ਹੈ। ਉਸ ਨੈ ਤਾਰੇ ਦੇ ਅਤੇ ਪੰਡਿਤਾਂ ਦੇ ਵਿਖੇ ਪੜ੍ਹਿਆ। ਅਤੇ ਨਿੱਕੇ ਨਿੱਕੇ ਬਾਲਕਾਂ ਦੀ ਹੱਤਿਆ ਦੇ ਵਿਖੇ, ਅਤੇ ਉਨਾਂ ਦੀਆਂ ਮਾਵਾਂ ਦੇ ਸੋਗ ਦੀ ਬਾਬਤ, ਇਹ ਸਮਝਣ ਲੱਗੀ, ਵਿਚਾਰੀਆਂ ਤੀਮਤਾਂ, ਹਾਂ, ਉਨਾਂ ਦੇ ਰੋਣ ਦਾ ਕਾਰਨ ਸੀ ਅਤੇ ਢਾਢਸ ਨਾ ਫੜਨ ਦਾ ਬੀ। ਉਨਾਂ ਦੇ ਇਆਣੇ ਨੀਂਗਰਾਂ ਦਾ ਉਨਾਂ ਦੇ ਸਾਮ੍ਹਣੇ ਹੀ ਮਾਰਿ- ਆ ਜਾਣਾ, ਇਸ ਗੱਲ ਨੂੰ ਵਿਚਾਰੇ। ਇਸ ਗੱਲ ਥੋਂ ਉਹ ਛੋਟੇ ਹਰੇਸ ਦੀ ਬਾਬਤ ਵਿਚਾਰਨ ਲੱਗੀ। ਉਸ ਨੈ ਪੋਥੀ ਸੰਭੋਖ ਲਈ ਦੀਵਾ ਬੁਝਾ ਦਿੱਤਾ, ਅਤੇ ਰਾਤ ਦੀ ਮਨੋਹਰਤਾ ਵਿੱਚ ਫਿਰਨ ਨੂੰ ਉਹ ਬਾਹਰ ਆਈ। ਚੰਦ ਅਰ ਤਾਰਿਆਂ ਨੂੰ ਦੇਖਕੇ ਉਸ ਦੇ ਜੀ ਵਿਚ ਉਸ ਦੇਸ ਦਾ ਚੇਤਾ ਆਇਆ, ਜੋ ਬਹੁਤ ਹੀ ਦੂਰ ਹੈ॥

ਅਜਿਹੇ ਦਿਨ ਬੀਤਦਿਆਂ ਢਿੱਲ ਨਾ ਲੱਗੀ, ਗੁਆਂਢਣਾਂ ਆ- ਉਂਦੀਆਂ ਅਤੇ ਗੱਲਾਂ ਬਾਤਾਂ ਕਰਦੀਆਂ ਸਨ, ਅਤੇ ਛੋਟੀ ਕਾਮਿਨੀ ਜਦ ਪਾਠਸ਼ਾਲਾ ਵਿੱਚੋਂ ਆਵੇ, ਤਾਂ ਕੁਛ ਨਾ ਕੁਛ ਜੋ ਉਹ ਪੜ੍ਹਦੀ ਸੀ, ਸੁਣਾਵੇ। ਉਸ ਦੀ ਮਾਂ ਨੈ ਆਖਿਆ, ਇਹ ਕੇਹੀ ਬੁੱਢੀ ਤੀਮੀਂ ਹੈ, ਅਤੇ ਸਾਥੋਂ ਬੀ ਵਧੀਕ ਜਾਣਨ ਦਾ ਹੰਕਾਰ ਕਰਦਾ ਹੈ, ਥੋਹੜਾਕੁ ਉਹ ਦਾ ਪੜ੍ਹਿਆ ਤਾਂ ਸੁਣੇ, ਅਤੇ ਫੇਰ ਕਾਮਿਨੀ ਥੋਂ ਹੱਸਕੇ ਪੁੱਛਿਆ, ਕਾਮਿਨੀ ਪਹਿਲਾ ਮਨੁੱਖ ਕੌਣ ਸੀ? ਉੱਤਰ

Digitized by Panjab Digital Library | www.panjabdigilib.org

ਦਿੱਤਾ ਆਦਮ, ਅਰ ਉਹ ਦੀ ਤੀਮੀਂ ਦਾ ਨਾਉਂ ਹੱਵਾ, ਤੂੰ ਕੁਛ ਹੋਰ ਬੀ ਜਾਣਦੀ ਹੈਂ, ਕਿਹਾ ਹਾਂ, ਪਰਮੇਸੁਰ ਨੈ ਉਸ ਨੂੰ ਇੱਕ ਬਾਗ ਵਿੱਚ ਰੱਖਿਆ, ਅਰ ਉਨ੍ਹਾਂ ਨੂੰ ਆਖਿਆ, ਭਈ ਤੁਸਾਂ ਇੱਕ ਬ੍ਰਿਛ ਨੂੰ ਛੱਡਕੇ ਹੋਰ ਸਭ ਬ੍ਰਿਛਾਂ ਦਾ ਫਲ਼ ਖਾਣਾ, ਅਤੇ ਜੇ ਤੁਸੀਂ ਉਸ ਇੱਕ ਬ੍ਰਿਛ ਦਾ ਫਲ਼ ਖਾਓਗੇ, ਤਾਂ ਮਰ ਜਾਓਗੇ। ਤਦ ਸੱਪ ਦਾ ਰੂਪ ਧਾਰਕੇ ਸੈਤਾਨ ਆਇਆ, ਅਰ ਉਨ੍ਹਾਂ ਨੂੰ ਆਖਿਆ, ਤੁਸੀਂ ਉਸ ਫਲ਼ ਨੂੰ ਖਾਓ, ਅਰ ਮਰੋਗੇ ਕਦੀ ਨਹੀਂ। ਸੋ ਉਨ੍ਹਾਂ ਨੈ ਖਾੱਧਾ, ਅਰ ਇਸ ਤਰਾਂ ਪਾਪ ਸੰਸਾਰ ਵਿੱਚ ਆਇਆ, ਹਾਇ, ਉਨ੍ਹਾਂ ਨੈ ਕਿੰਉ ਉਸ ਫਲ਼ ਨੂੰ ਖਾੱਧਾ ਅਰ ਇਸ ਤਰਾਂ ਪਾਪ ਸੰਸਾਰ ਵਿੱਚ ਆਇਆ, ਹਾਇ, ਉਨ੍ਹਾਂ ਨੈ ਕਿੰਉ ਉਸ ਫਲ਼ ਨੂੰ ਖਾੱਧਾ। ਦੂਏ ਦਿਨ ਕਾਮਿਨੀ ਨੈ ਆਖਿਆ, ਹੇ ਮਾਂ ਤੁਸੀਂ ਜਾਣਦੇ ਹੋ, ਜੋ ਇੰਦ੍ਰਧਨੁਖ, ਜਿਸ ਨੂੰ ਪੀਂਘ ਸੱਦਦੇ ਹਨ, ਸੋ ਕੀ ਹੈ? ਨਹੀਂ ਬੁੱਢੀ ਮਾਈ ਜੀ, ਭਲਾ ਤੂੰ ਦੱਸ ਸਕਦੀ ਹੈਂ? ਹਾਂ, ਮੈਂ ਅੱਜ ਇਸ ਦੀ ਗੱਲ ਪੜ੍ਹੀ ਹੈ। ਇੱਕ ਸਮੇ ਜਦ ਸੰਸਾਰ ਦੇ ਸਭ ਲੋਕ ਦੁਸਟ, ਅਰ ਪਾਪੀ ਹੋ ਗਏ, ਤਦ ਪਰਮੇਸੁਰ ਨੈ ਆਖਿਆ, ਮੈਂ ਸਭਨਾਂ ਦਾ ਨਾਸ ਕਰਾਂਗਾ। ਪਰ ਉਨ੍ਹਾਂ ਵਿੱਚੋਂ ਇੱਕ ਭਲਾਮਾਣਸ ਸੀ। ਉਸ ਦੇ ਇੱਕ ਤੀਮੀਂ ਅਰ ਤਿੰਨ ਪੁਤ੍ਰ ਅਰ ਤਿੰਨ ਨੂੰਹਾਂ ਸੀਆਂ, ਉਸ ਨੂੰ ਪਰਮੇਸੁਰ ਨੈ ਆਖਿਆ ਮੈਂ ਤੁਹਾਡਾ ਨਾਸ ਨਹੀਂ ਕਰਾਂਗਾ, ਪਰਮੇਸੁਰ ਨੈ ਐਉਂ ਆਖਿਆ, ਭਈ ਇੱਕ ਵੱਡੀ ਬੇੜ੍ਹੀ ਬਣਾਓ, ਅਰ ਉਹ ਦੇ ਵਿੱਚ ਸਭ ਪਰਕਾਰ ਦੇ ਪਸੂ ਅਰ ਪੰਛੀਆਂ ਦਾ ਇੱਕ ੨ ਜੋੜ੍ਹਾ ਰੱਖ ਲਓ, ਅਤੇ ਆਪ ਆਪਣੇ ਪਰਵਾਰ ਸਣੇ ਉਸ ਵਿੱਚ ਚੜ੍ਹ ਜਾਓ। ਉਸ ਮਨੁੱਖ ਨੈ ਬੇੜ੍ਹੀ ਬਣਾਈ, ਅਤੇ ਸਭ ਜੀਵਧਾਰੀਆਂ ਨੂੰ ਉਸ ਵਿੱਚ ਭਰਿਆ, ਤਦ ਉਹ ਆਪ ਅਤੇ ਉਸ ਦਾ ਪਰਵਾਰ ਉਸ ਵਿੱਚ ਵੜ੍ਹ ਗਏ, ਤਦ ਪਰਮੇਸੁਰ ਨੈ ਆਪ

Digitized by Panjab Digital Library | www.panjabdigilib.org

ਉਸ ਦੇ ਬੂਹੇ ਬੰਦ ਕਰ ਦਿੱਤੇ, ਅਰ ਮੀਂਹ ਵਰਸਨ ਲੱਗਾ, ਚਾਲੀ ਦਿਨ ਚਾਲੀ ਰਾਤਾਂ ਇਕਲਾਗ ਵਰਸਿਆ। ਤੁਸਾਂ ਕਦੀ ਅਜਿਹੀ ਵਰਖਾ ਸੁਣੀ ਹੈ? ਪਾਣੀ ਪਹਾੜ ਦੇ ਉੱਤੇ ਪੰਦ੍ਰਾਂ ਹੱਥ ਤੇੜੀ ਚੜ੍ਹ ਗਿਆ, ਅਤੇ ਸਭ ਮਨੁੱਖ ਅਰ ਪਸੂ, ਨਿਰਾ ਉਨਾਂ ਖੂਲੇ, ਜੋ ਬੇੜੀ ਦੇ ਵਿੱਚ ਸੇ, ਮਰ ਗਏ। ਜਦ ਪਾਣੀ ਘਟ ਗਿਆ, ਤਾਂ ਉਹ ਭਲਾਮਾਣਸ, ਅਰ ਉਸ ਦਾ ਪਰਵਾਰ, ਪਸੂ, ਅਰ ਪੰਛੀ, ਬੇੜੀ ਵਿੱਚੋਂ ਬਾਹਰ ਨਿੱਕਲ ਆਏ, ਅਤੇ ਉਸ ਦਿਨ ਪਰਮੇਸੁਰ ਨੈ ਪੀਂਘ ਨੂੰ ਬੱਦਲਾਂ ਵਿੱਚ ਰੱਖਿਆ, ਅਤੇ ਨੂਹ ਨੂੰ ਆਖਿਆ (ਕਿੰਉ ਜੋ, ਇਹੋ ਉਸ ਭਲੇਮਾਣਸ ਦਾ ਨਾਉਂ ਸਾ) ਜੋ ਇਹ ਇੱਕ ਪਤਾ ਹੋਵੇਗਾ, ਕਿ ਧਰਤੀ ਫੇਰ ਕਦੀ ਪਾਣੀ ਨਾਲ ਨਾਸ ਨਾ ਹੋਵੇਗੀ। ਭਲਾ ਇਹ ਤਾਂ ਚੰਗੀ ਗੱਲ ਹੈ, ਪਰ ਹਾਇ, ਹੇ ਮਾਤਾ ਜੀ, ਉਹ ਪੜ੍ਹਾਉਣਵਾਲੀ ਆਖਦੀ ਹੈ, ਜੋ ਇੱਕ ਦਿਨ ਇਹ ਧਰਤੀ ਅੱਗ ਨਾਲ ਨਾਸ ਹੋਵੇਗੀ, ਪਰਮੇਸੁਰ ਕਰੇ, ਜੋ ਇਹ ਸਾਡੇ ਵੇਲੇ ਤਾਂ ਨਾ ਹੋਵੇ॥

ਅਜਿਹੀਆਂ ਕਈ ਕਹਾਣੀਆਂ, ਜਦ ਉਹ ਕੁੜੀ ਪੜ੍ਹਕੇ ਆਵੇ, ਤਾਂ ਉਨਾਂ ਨੂੰ ਸੁਣਾਵੇ, ਪਰ ਉਹ ਦੇ ਸੁਣਾਉਣ ਤੇ ਕੋਈ ਰਾਜੀ ਨਾ ਹੋਵੇ। ਬਸੰਤ ਕਦੀ ਕਦੀ ਅਚਰਜ ਹੋਵੇ, ਜੋ ਕੀ ਜਾਣੀਏ, ਇਹ ਗੱਲਾਂ ਖ੍ਰਿਸ੍ਟਾਨੀਆਂ ਦੇ ਧਰਮਪੁਸਤਕ ਵਿੱਚੋਂ ਕੱਢੀਆਂ ਹੋਈਆਂ ਹਨ, ਪਰ ਇਹ ਦੀ ਬਾਬਤ ਕੁਛ ਨਾ ਪੁੱਛਣਾ, ਇਹੋ ਸਭ ਥੋਂ ਚੰਗਾ ਸਮਝਿਆ। ਤਾਂ ਬੀ ਨਿੱਤ ਰਾਤ ਨੂੰ ਉਹ ਮੰਗਲਸਮਾਚਾਰ ਪੜ੍ਹਦੀ ਰਹੀ, ਉਹ ਨੂੰ ਮਸੀਹ ਦੇ ਬਪਤਿਸਮਾ ਅਰ ਪਰਤਾਵੇ ਦੀ ਕਥਾ ਦੇ ਕਾਂਡਾਂ ਦੀ ਕੁਛ ਸਮਝ ਨਾ ਪਈ, ਪਰ ਹੋਰਨਾਂ ਕਾਂਡਾਂ ਵਿੱਚ ਉਹ ਦਾ ਬੜਾ ਮਨ ਲੱਗਾ। ਅਚੰਭੇ ਦੇ ਕੰਮਾਂ ਵਿੱਚ ਉਹ ਦਾ ਮਨ ਸਭਿਆਰ ਅਚਰਜ ਹੋਵੇ, ਕਦੀ ਕਦੀ ਉਹ ਉਨਾਂ ਨੂੰ ਫੇਰ ਫੇਰ ਪੜ੍ਹੇ। ਆਹਾ, ਜੇ ਕਦੀ ਇਹ ਖ੍ਰਿਸ੍ਟ ਸਾਡੇ ਹਿੰਦੁਸਤਾਨ, ਵਿੱਚ

Digitized by Panjab Digital Library | www.panjabdigilib.org

ਹੁੰਦਾ, ਜਦ ਮੇਰਾ ਛੋਟਾ ਹਰੇਸ ਰੋਗੀ ਹੋਇਆ ਅਰ ਮੋਇਆਂ ਸੀ, ਤਾਂ ਉਹ ਉਸ ਨੂੰ ਚੰਗਾ ਕਰਦਾ, ਅਥਵਾ ਮੋਏ ਨੂੰ ਜਿਵਾਲ ਦਿੰਦਾ, ਅਰ ਮੇਰਾ ਮੁੰਡਾ ਹੁਣ ਮੇਰੇ ਕੋਲ ਹੁੰਦਾ, ਉਹ ਨੂੰ ਇਹੋ ਧਿਆਨ ਰਹੇ, ਅਤੇ ਜਦ ਉਹ ਜੈਰਸ ਦੀ ਧੀ ਦੇ ਵਿਖੇ ਪੜ੍ਹਦੀ ਸੀ, ਤਾਂ ਕਦੀ ਕਦੀ ਇਹ ਵਿਚਾਰਾਂ ਕਰੇ, ਭਈ ਮੈਂ ਉਸ ਨੂੰ ਜਾਣਨਾ ਚਾਹੁੰਦੀ ਹਾਂ, ਉਸ ਠਾਕੁਰ ਨੂੰ ਕਿੱਥੋਂ ਲੱਭਾਂ। ਹੁਣ ਮੈਂ ਪ੍ਰੇਮਚੰਦ ਨੂੰ ਪੁੱਛਾਂਗੀ॥

ਇਸ ਲਈ ਇੱਕ ਦਿਨ ਉਸ ਨੈ ਪ੍ਰੇਮਚੰਦ ਨੂੰ ਸੱਦਕੇ ਆਖਿਆ॥

ਪ੍ਰੇਮਚੰਦ ਮੈਂ ਤੈਥੋਂ ਕੁਛ ਪੁੱਛਣਾ ਚਾਹੁੰਦੀ ਹਾਂ, ਭਈ ਜੇਹੜੀ ਪੋਥੀ ਤੁਸੀਂ ਮੇਰੇ ਲਈ ਲਿਆਏ ਹੋ, ਮੈਂ ਉਹ ਨੂੰ ਨਿੱਤ ਪੜ੍ਹਦੀ ਹੁੰਦੀ ਹਾਂ, ਸਗਮਾਂ ਮੈਂ ਉਹ ਨੂੰ ਪੜ੍ਹ ਹੀ ਲਿਆ ਹੈ, ਹੁਣ ਮੈਂ ਇਹ ਜਾਣਨਾ ਚਾਹੁੰਦੀ ਹਾਂ, ਜੋ ਖ੍ਰਿਸਟ ਅਰਥਾਤ ਮਸੀਹ ਕੌਣ ਹੈ? ਭਲਾ ਉਹ ਇੰਗਲਿਸਤਾਨ ਵਿੱਚ ਰਹਿੰਦਾ ਹੈ, ਮੈਂ ਜਾਣਦੀ ਹਾਂ, ਉਹ ਉੱਥੇ ਹੀ ਰਹਿੰਦਾ ਹੋਊ, ਅਤੇ ਅੰਗ੍ਰੇਜਾਂ ਨੂੰ ਅਜਿਹਾ ਚਮਤਕਾਰਾ ਉਹੋ ਹੀ ਦਿੰਦਾ ਹੋਊ॥

ਪ੍ਰੇਮਚੰਦ ਖਿੜ੍ਹਖਿੜ੍ਹਾਕੇ ਹੱਸਣ ਲੱਗਾ, ਸੱਚ ਆਖਦੇ ਹਨ, ਜੋ ਤੀਮੀਆਂ ਮੂਰਖ ਹੁੰਦੀਆਂ ਹਨ, ਇਹ ਖ੍ਰਿਸਟ ਖ੍ਰਿਸਟਾਨੀਆਂ ਦਾ ਦੇਵਤਾ ਹੈ, ਓਹ ਆਖਦੇ ਹਨ, ਜੋ ਇਹ ਸੁਰਗ ਵਿੱਚ ਰਹਿੰਦਾ ਹੈ, ਪਰ ਤਾਂ ਬੀ ਸਰਬ ਬਿਆਪੀ ਹੈ, ਭਲਾ ਤੂੰ ਉਹ ਦੀ ਮੌਤ ਦੇ ਵਿਖੇ ਪੜ੍ਹਿਆ ਹੈ?

ਨਹੀਂ, ਭਲਾ ਉਹ ਮਰ ਗਿਆ ਹੈ, ਪ੍ਰੇਮਚੰਦ?

ਹਾਂ, ਉਹ ਅਪਰਾਧੀਆਂ ਵਾਕੂੰ ਸੂਲੀ ਨਾਲ ਲਟਕਾਕੇ ਮਾਰਿਆ ਗਿਆ, ਹੁਣ ਤਾਂ ਲੋਕ ਫਾਹੇ ਮਿਲਦੇ ਹਨ, ਪਰ ਉਨ੍ਹੀਂ ਦਿਨੀਂ ਅਪ-ਰਾਧੀ ਲੋਕਾਂ ਨੂੰ ਸੂਲੀ ਉੱਤੇ ਚੜ੍ਹਾਕੇ, ਅਤੇ ਕਿੱਲ ਠੋਕਕੇ ਮਾਰਦੇ ਸੇ॥

ਭਲਾ ਉਹ ਨੈ ਕੋਈ ਬੁਰਿਆਈ ਕੀਤੀ ਸੀ?

Digitized by Panjab Digital Library | www.panjabdigilib.org

ਮੈਂ ਤਾਂ ਕੁਛ ਨਹੀਂ ਵੇਖਦਾ, ਜੋ ਉਸ ਨੈ ਕੀਤਾ ਹੋਵੇ, ਸਗੋਂ ਉਸ ਨਿਆਈਂ ਨੈ ਬੀ ਉਹ ਦੇ ਵਿੱਚੋਂ ਕੋਈ ਅਪਰਾਧ ਨਾ ਲੱਭਾ ॥

ਤਾਂ ਉਹ ਨੂੰ ਦੋਸੀ ਕਿੰਉ ਠਹਿਰਾਇਆ?

ਇਹ ਗੱਲ ਮੈਂ ਨਹੀਂ ਆਖ ਸਕਦਾ, ਜਹੂਦੀ ਉਸ ਨੂੰ ਗਿਲਾਨ ਕਰਦੇ ਸੇ, ਅਤੇ ਸਰਦਾਰ ਉਨ੍ਹਾਂ ਤੇ ਡਰਦਾ ਸਾ, ਇਸ ਕਾਰਨ ਉਸ ਨੈ ਮਾਰਨ ਦੀ ਆਗਿਆ ਦਿੱਤੀ ॥

ਪਰ ਉਹ ਅਜਿਹਾ ਦਿਆਲੂ ਸੀ, ਤਾਂ ਮੈਂ ਨਹੀਂ ਜਾਣਦੀ ਉਹ ਕਿੰਉ ਉਸ ਥੋਂ ਗਿਲਾਨ ਕਰਦੇ ਸੇ?

ਮੈਂ ਬੀ ਨਹੀਂ ਸਮਝਦਾ, ਪਰ ਉਸ ਨੈ ਆਪ ਆਖਿਆ, ਜੋ ਮੈਂ ਸੰਸਾਰ ਵਿੱਚ ਸਭ ਲੋਕਾਂ ਦੇ ਪਾਪਾਂ ਦੇ ਕਾਰਨ ਪ੍ਰਾਣ ਦੇਣ ਲਈ ਆਇਆ ਹਾਂ, ਅਰ ਉਸ ਨੈ ਇਹ ਬੀ ਆਖਿਆ, ਜੋ ਮੈਂ ਆਪ-ਣੀ ਇੱਛਿਆ ਅਨੁਸਾਰ ਮਰਦਾ ਹਾਂ ॥

ਭਲਾ ਤੈਂ ਆਖਿਆ ਸੀ, ਉਹ ਸੁਰਗ ਵਿੱਚ ਹੈ ॥

ਹਾਂ, ਮਰਨ ਤੇ ਤਿੰਨ ਦਿਨ ਪਿਛੋਂ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ, ਅਤੇ ਆਪਣੇ ਸਿੱਖਾਂ ਦੇ ਨਾਲ ਚਾਲੀ ਦਿਨਾਂ ਤੋੜੀ ਰਹਿਕੇ ਸੁਰਗ ਨੂੰ ਗਿਆ ॥

ਤੈਂ ਆਖਿਆ ਸੀ ਉਹ ਖ੍ਰਿਸਟਾਨੀਆਂ ਦਾ ਈਸੁਰ ਹੈ, ਤਾਂ ਭਲਾ ਉਹ ਉਸ ਅੱਗੇ ਬੇਨਤੀ ਬੀ ਕਰਦੇ ਹਨ?

ਹਾਂ, ਉਹ ਆਖਦੇ ਹਨ, ਭਈ ਜੇਹੜਾ ਕੋਈ ਉਸ ਉੱਤੇ ਪਤੀਜਦਾ ਹੈ, ਅਰ ਉਸ ਦੀ ਬੇਨਤੀ ਕਰਦਾ ਹੈ, ਉਹੋ ਸੁਰਗ ਵਿੱਚ ਜਾਵੇਗਾ, ਹੋਰ ਕੋਈ ਰਾਹ ਮੁਕਤ ਪਾਉਣ ਦਾ ਨਹੀਂ ਹੈ ॥

ਇਹ ਤਾਂ ਬੜੀ ਰਸੀਲੀ ਅਰ ਚਮਤਕਾਰੇ ਦੀ ਕਥਾ ਹੈ, ਪ੍ਰੇਮਚੰਦ ਹੋਰ ਕਰ ॥

Digitized by Panjab Digital Library | www.panjabdigilib.org

ਮੈ ਤਾਂ ਨਹੀਂ ਕਰਦਾ, ਮੈ ਨੂੰ ਨੀਂਦ ਆਈ ਹੈ, ਅਤੇ ਇਹ ਸਾਰਾ ਪਰਸੰਗ ਪੋਥੀ ਵਿੱਚ ਹੈ, ਤੂੰ ਆਪ ਪੜ੍ਹ ਲੈ॥

ਪ੍ਰੇਮਚੰਦ ਸੌਂਣ ਲੱਗਾ, ਅਰ ਬਸੰਤ ਪੋਥੀ ਲੈਕੇ ਆਪਣੇ ਦੀਵੇ ਦੇ ਕੋਲ੍ਹ ਗਈ, ਉਸ ਰਾਤ ਉਹ ਨੇ ਮੱਤੀ ਮੰਗਲਸਮਾਚਾਰ ਦਾ ਚਵੀਹ-ਵਾਂ ਅਰ ਪੰਝੀਹਵਾਂ ਦੋ ਕਾਂਡ ਪੜ੍ਹੇ। ਜਦ ਉਹ ਪੜ੍ਹਦੀ ਪਈ ਸੀ, ਤਾਂ ਕੁਛ ਡਰ ਜਿਹਾ ਉਹ ਦੇ ਜੀ ਵਿੱਚ ਆ ਗਿਆ। ਇਹ ਮਨੁੱਖ ਦਾ ਪੁਤ੍ਰ ਜਿਸੂ ਹੈ, ਉਹ ਇਕ ਦਿਹਾੜੇ ਬੱਦਲਾਂ ਦੇ ਰਥ ਵਿੱਚ ਆਵੇਗਾ, ਮੈਂ ਜਾਣਦੀ ਹਾਂ, ਕਿ ਮੈਂ ਜਦ ਕਦੀ ਬੱਦਲਾਂ ਨੂੰ ਵੇਖਾਂਗੀ ਡਰਦੀ ਰਹਾਂਗੀ, ਉਹ ਦੇ ਅੱਗੇ ਸਭ ਜਾਤਾਂ ਇਕੱਠੀਆਂ ਹੋਣਗੀ-ਆਂ, ਮੈਂ ਕਿੱਕੁਰ ਜਾਣਾ, ਕੀ ਜਾਣੀਏ ਮੈਂ ਬੀ ਉੱਥੇ ਹੋਵਾਂਗੀ, ਅਤੇ ਕੀ ਜਾਣੀਏ ਉਹ ਮੈ ਨੂੰ ਨਰਕ ਜਾਣ ਲਈ ਆਖੇ, ਜਾਂ ਆਪਣੇ ਨਾਲ੍ਹ ਸੁਰਗ ਨੂੰ। ਪਰ ਮੈਂ ਅਜਿਹੀਆਂ ਵਿਚਾਰਾਂ ਕਿੰਉ ਕਰਾਂ, ਮੈਂ ਤਾਂ ਖ੍ਰਿਸ੍ਟ ਉੱਤੇ ਪਰਤੀਤ ਨਹੀਂ ਰਖਦੀ, ਮੇਰੇ ਦੇਵਤੇ ਮੇਰੇ ਲਈ ਬਹੁਤ ਹਨ॥

ਇਸ ਤਰਾਂ ਉਸ ਨੇ ਭੁੱਲਣ ਦਾ ਮਨ ਕੀਤਾ, ਪਰ ਰਾਤੀਂ ਉਹ ਮਨੁੱਖ ਦੇ ਪੁਤ੍ਰ ਨੂੰ ਅਕਾਸ ਦੇ ਬੱਦਲਾਂ ਵਿੰਚ ਆਉਂਦਿਆਂ ਵੇਖਦੀ ਰਹੀ॥

ਉਨਾਂ ਦੇ ਕਲਕੱਤੇ ਵਿੱਚ ਰਹਿਣ ਦਾ ਸਮਾ ਪੂਰਾ ਹੋ ਚੁੱਕਾ ਸੀ। ਇੱਕ ਦੋ ਦਿਨਾਂ ਵਿੱਚ ਛੋਟੀ ਜਗਤਾਰਨੀ ਨੂੰ ਨਾਲ੍ਹ ਲੈਕੇ ਗੋਪਾਲਪੁਰ ਵਿੱਚ ਜਾਣਵਾਲੇ ਸੇ। ਇਨਾਂ ਦਿਨਾਂ ਵਿੱਚ ਸਭ ਕਾਰੇ ਲੱਗੇ ਹੋਏ ਸੇ, ਅਰ ਬਸੰਤ ਨੂੰ ਪੜ੍ਹਨ ਦਾ ਸਮਾ ਨਾ ਮਿਲੇ। ਕਾਮਿਨੀ ਪਾਠ-ਸ਼ਾਲਾ ਛੱਡਣ ਕਰਕੇ ਵਡੀ ਓਦਰ ਗਈ, ਪਰ ਬਸੰਤ ਅਰ ਪ੍ਰਸੰਨੂ ਨੇ ਉਹ ਨੂੰ ਸਿਖਾਉਣ ਲਈ ਕਿਹਾ। ਇੱਸੇ ਲਈ ਥੋਹੜੀਆਂ ਕੁ ਸੁਖਾਲ੍ਹੀਆਂ ਸੁਖਾਂਲ੍ਹੀਆਂ ਪੋਥੀਆਂ ਆਪਣੇ ਨਾਲ੍ਹ ਲੈ ਲਈਆਂ,

Digitized by Panjab Digital Library | www.panjabdigilib.org

ਗੱਲ ਕਾਹਦੀ ਜੋ ਇਹ ਸਭ ਕੁਛ ਹੋ ਚੁੱਕਾ, ਅਰ ਓਹ ਆਪਲੇ ਘਰ ਦੀ ਵੱਲ ਤੁਰੇ॥

# ੯ ਕਾਂਡ॥

## ਸੰਸਿਆਂ ਦੀ ਕਥਾ।

ਹੁਲ ਅੱਸੂ ਦਾ ਮਹੀਨਾ ਸੀ, ਜਦ ਦੁਰਗਾ ਦੇਵੀ ਦਾ ਉਤਸਾਹ ਬੜੇ ਚਾਉ ਦੇ ਨਾਲ ਹੁੰਦਾ ਹੈ। ਪੰਡਿਤ ਅਰ ਉਸ ਦਾ ਭਰਾਉ ਦਸਾਂ ਦਿਨਾਂ ਤੋੜੀ ਘਰ ਵਿੱਚ ਹੀ ਰਹੇ, ਅਤੇ ਇਸ ਦੂਏ ਭਾਗਵਾਨ ਵਿਆਹ ਹੋਲ ਕਰਕੇ ਉਤਸਾਹ ਨੂੰ ਉਨਾਂ ਅਜਿਹੇ ਚਾਉ ਨਾਲ ਕਰਨਾ ਵਿਚਾਰਿਆ, ਜਿਹਾ ਪਹਿਲਾਂ ਕਦੀ ਨਾ ਕੀਤਾ ਹੋਵੇ। ਇੱਕ ਮਹੀਨਾ ਪਹਿਲੇ ਹੀ ਦੁਰਗਾ ਦੇਵੀ ਦੀ ਮੂਰਤ ਬਲਾਉਣੀ ਦਿੱਤੀ ਗਈ ਸੀ, ਅਰ ਜਦ ਮੂਰਤ ਘਰ ਆਈ, ਤਾਂ ਬਾਲਕ ਅਨੰਦ ਦੇ ਮਾਰੇ ਆਪਲੇ ਆਪ ਵਿੱਚ ਫੁਲੇ ਨਾ ਸੇਉਲ। ਦੇਵੀ ਦਾ ਉਹ ਡਰਾਉਣਾ ਰੂਪ ਦਸ ਭੁਜਾਵਾਲਾ ਸਾ, ਅਤੇ ਹਰੇਕ ਹੱਥ ਵਿੱਚ ਇੱਕ ਇੱਕ ਹਥਿਆਰ ਫੜਿਆ ਹੋਇਆ ਸਾ, ਇੱਕ ਪੈਰ ਸੇਰ ਉੱਤੇ ਅਰ ਦੂਆ ਪੈਰ ਮਹਿਖਾਸੁਰ ਪੁਰ ਰੱਖਿਆ ਹੋਇਆ, ਕਿ ਜਿਹ ਨੂੰ ਉਸ ਨੈ ਜਿੱਤਿਆ ਹੋਇਆ ਸੀ, ਬਲਿਆ ਹੋਇਆ ਸਾ, ਅਤੇ ਜਿਹ ਦੇ ਕਲੇਜੇ ਵਿੱਚ, ਦੇਵੀ ਦੇ ਹੱਥ ਵਿਖੇ ਫੜਿਆ ਹੋਇਆ ਬੜਾ ਬਿਸੀਅਰ ਨਾਗ, ਆਪਲੇ ਫਲ ਚਲਾ ਰਿਹਾ ਸਾ। ਉਸ ਦੇਵੀ ਦੇ ਕੋਲ ਹੀ ਸੁਰਸ੍ਵਤੀ ਅਤੇ ਲੱਛਮੀ ਉਸ ਦੀਆਂ ਦੋ ਧੀ-ਆਂ ਸਨ। ਉਸ ਦੇ ਪਰੇ ਇੱਕ ਪਾਸੇ ਗਲੇਸ਼ ਹਾਥੀ ਦੇ ਸਿਰਵਾਲਾ ਅਰ ਦੂਏ ਪਾਸੇ ਸ੍ਵਾਮਿਕਾਰਤਿਕ ਮੋਰ ਉੱਤੇ ਚੜ੍ਹਿਆ ਹੋਇਆ, ਬਲੇ ਹੋ-ਏ ਸੇ। ਉਨਾਂ ਸਭਨਾਂ ਦੇ ਉੱਤੇ ਇੱਕ ਵਡਾ ਮਰਗੋਲ ਸੀ, ਅਤੇ ਉਹ ਮੂਰਤ ਸਾਰੀ ਚਮਕੀਲੀ ਸੀ, ਅਤੇ ਸੋਨੇ ਚਾਂਦੀ ਨਾਲ ਚੰਗੀ ਤਰਾਂ



Digitized by Panjab Digital Library | www.panjabdigilib.org

ਸਜੀ ਹੋਈ, ਅਤੇ ਬੱਦਲਾਂ ਦੀ ਪੀਂਘ ਦੇ ਸਭ ਰੰਗਾਂ ਵਿੱਚ ਝਲਕਾਰੇ ਮਾਰਦੀ ਸੀ। ਉਹ ਮੂਰਤ ਬੈਠਕ ਵਿੱਚ ਰੱਖੀ ਗਈ, ਅਤੇ ਸਭ ਆਂਢੀ ਗੁਆਂਢੀ ਉੱਥੇ ਆਲਕੇ ਉਸ ਨੂੰ ਸਲਾਹੁੰਦੇ, ਪਰ ਉਸ ਹਾਲ ਵਿੱਚ ਉਹ ਦੀ ਪੂਜਾ ਨਹੀਂ ਹੁੰਦੀ ਸੀ, ਉਸ ਵਿੱਚ ਪਹਿਲੇਂ ਦੁਰਗਾ ਦੇ ਪ੍ਰਾਣਾਂ ਦਾ ਅਵਾਹਨ ਹੋਣਾ ਸਾ॥

ਗੱਲ ਕਾਹਦੀ ਉਹ ਦਿਨ ਆਇਆ, ਅਤੇ ਬਥੇਰੀਆਂ ਰੀਤਾਂ ਭੰਤਾਂ ਕੀਤੀਆਂ ਗੱਈਆਂ, ਅਤੇ ਤਦ ਪੰਡਿਤ ਨੈ ਆਖਿਆ, ਜੋ ਉਸ ਮਿੱਟੀ ਦੀ ਮੂਰਤ ਵਿਚ ਦੁਰਗਾ ਦੇਵੀ ਦੇ ਪ੍ਰਾਣ ਦਾ ਅਵਾਹਨ ਹੋ ਗਿਆ ਹੈ, ਅਰ ਹੁਣ ਥੋਂ ਉਹ ਪੂਜਾ ਦੇ ਜੋਗ ਹੋ ਗਈ ਹੈ। ਅਵਾਹਨ ਹੋਣ ਥੋਂ ਅਗਲੇ ਤੜਕ ਬੜੇ ਪੂਜਾ ਪਾਠ ਅਤੇ ਕੰਮ ਧੰਧੇ ਦਾ ਦਿਹਾੜਾ ਸੀ। ਉਸ ਦਿਨ ਮੂਰਤ ਨੂੰ ਨੁਲਾਇਆ, ਅਤੇ ਬਲਿਦਾਨ ਚੜ੍ਹਾਇਆ। ਇਸ ਦਿਨ ਸਭ ਵਿਧਵਾ ਤੀਮਤਾਂ ਵਰਤ ਰਖਦੀ-ਆਂ ਹਨ, ਕਿੰਉਕਿ ਅਜਿਹੇ ਕਰਨ ਨਾਲ ਉਹ ਸਮਝਦੀਆਂ ਹਨ, ਜੋ ਅਸੀਂ ਬੜੀਆਂ ਧੰਨ ਹੋ ਜਾਵਾਂਗੀਆਂ, ਅਤੇ ਬੜਾ ਪੁੰਨ ਹੋਵੇਗਾ। ਬਸੰਤ ਨੈ ਬੀ ਵਰਤ ਰੱਖਿਆ, ਪਰ ਬੜੇ ਉਦਾਸ ਮਨ ਨਾਲ। ਉਹ ਨੈ ਚੇਤਾ ਕੀਤਾ, ਜੋ ਹਰੇਸ ਦੇ ਜੀਉਂਦਿਆਂ ਦੇ ਵਾਰੀ ਮੈਂ ਬੜੇ ਉਤਸਾਹ ਨਾਲ ਵਰਤ ਰੱਖਿਆ ਸੀ, ਤਦੋਂ ਸਾਰੇ ਆਖਦੇ ਸੇ, ਜੋ ਤੂੰ ਇਸ ਕਰਕੇ ਆਪਣੇ ਮੁੰਡੇ, ਅਤੇ ਆਪਣੇ ਲਈ ਬੀ ਅਸੀਸ, ਅਰ ਵਰ ਪਾਵੇਂਗੀ। ਪਰ ਉਹ ਅਸੀਸ ਕਿੱਥੇ ਗਈ, ਭਲਾ ਉਹ ਮੈ ਥੋਂ ਵਿੱਛੜ ਨਾ ਗਿਆ? ਅਤੇ ਅੰਧਧੁੰਧ ਅਰ ਨਾਸ ਦੇ ਹਾਲ ਨੂੰ ਨਾ ਪਹੁੰਚਿਆ? ਪੂਜਾ ਤਿੰਨਾਂ ਦਿਨਾਂ ਤੋੜੀ ਰਹੀ, ਅਤੇ ਨਿੱਤੇ ਰਾਤ ਨੂੰ ਖਾਣ ਪੀਣ ਦਾ ਬੜਾ ਮੇਲ ਹੋਇਆ। ਚੌਥੇ ਦਿਨ ਬਹੁਤ ਵਾਰ ਪੂਜਾ ਕਰਨ ਤੇ ਉਪਰੰਦ ਪੰਡਿਤ ਨੈ ਦੁਰਗਾ ਦੇਵੀ ਦਾ ਵਿਸਰਜਨ ਕੀਤਾ, ਅਤੇ ਇਹ ਬੇਨਤੀ ਕੀਤੀ ਜੋ ਹੇ ਦੇਵੀ ਮਾਤਾ,

Digitized by Panjab Digital Library | www.panjabdigilib.org

ਆਉਂਦੇ ਵਰਹੇ ਆਪਣੀ ਪੂਜਾ ਦੇ ਸਮੇ ਫੇਰ ਆਉਣਾ, ਅਤੇ ਉਹ ਮੂਰਤ ਚੁੱਕੀ ਗਈ। ਤੀਮਤਾਂ ਉਹ ਦੇ ਚੁੱਕੇ ਜਾਣ ਦੇ ਕਾਰਨ ਚਿੰਤਾ ਨਾਲ ਬਿਆਕੁਲ ਹੋ ਗਈਆਂ। ਅਤੇ ਉਸ ਮੂਰਤ ਨੂੰ ਛਿਆਂ ਕੋਹਾਂ ਤੇ ਨਦੀ ਵਿੱਚ ਪ੍ਰਵਾਹ ਦਿੱਤਾ। ਪੰਡਿਤ ਗਿਆ, ਅਰ ਮੁੜ ਆਇਆ, ਅਰ ਆਉਂਦੀ ਵੇਰ ਉੱਥੋਂ ਆਪਣੇ ਨਾਲ ਗੰਗਾਜਲ ਲੈ ਆਇਆ, ਅਤੇ ਘਰ ਦੀਆਂ ਤੀਮਤਾਂ, ਅਰ ਜੇਹੜੇ ਕੋਈ ਲੋਕ ਉਸ ਵੇਲੇ ਵੇਹੜੇ ਵਿੱਚ ਖੜੋਤੇ ਸਨ, ਉਨਾਂ ਸਭਨਾਂ ਉੱਤੇ ਛਿੜਕ ਦਿੱਤਾ॥

ਦੁਰਗਾ ਪੂਜਾ ਥੋਂ ਇੱਕ ਦੋ ਦਿਨ ਪਿੱਛੇ ਲੱਛਮੀ ਦੀ ਪੂਜਾ ਸੀ। ਇੱਕ ਟੋਕਰੀ ਚਾਉਲਾਂ ਦੀ ਭਰਕੇ ਅਰ ਫੁੱਲਾਂ ਦੀ ਮਾਲਾ ਪਾਕੇ ਉਹ ਨੂੰ ਟੰਗ ਦਿੱਤਾ, ਅਤੇ ਤਦ ਉਸ ਦੀ ਪੂਜਾ ਕੀਤੀ। ਪੂਜਾ ਦੇ ਦਿਨ ਦੀ ਰਾਤ ਨੂੰ ਇੱਕ ਬਸੰਤ ਖੁਣੋ ਹੋਰ ਸਭ ਟੱਬਰ ਦੇ ਲੋਕ ਬੈਠੇ ਰਹਿਣ ਦੇ ਉੱਦਮ ਵਿੱਚ ਰਹੇ, ਇਸ ਆਸ ਉੱਤੇ, ਕਿ ਜਿਸ ਵੇਲੇ ਲੱਛਮੀ ਘਰ ਵਿੱਚ ਆਵੇ, ਤਾਂ ਜੇਹੜੇ ਜਾਗਦੇ ਹੋਣ ਉਨਾਂ ਨੂੰ ਵਰ ਦੇ ਜਾਵੇ। ਬਸੰਤ ਦਾ ਜੀ ਅੱਤ ਦੁਖੀ ਸੀ, ਉਸ ਨੈ ਆਖਿਆ, ਭਈ ਮੈਂ ਕੇਹੜੀ ਭਾਗਵਾਨੀ ਦੀ ਆਸ ਕਰਾਂ, ਨਾਲੇ ਅਣਗਿਣਤ ਪੂਜਾ, ਮੈਂ ਅੱਗੇ ਕੀਤੀਆਂ ਹਨ, ਪਰ ਮੈ ਨੂੰ ਤਾਂ ਉਨਾਂ ਥੋਂ ਕੋਈ ਲਾਭ ਨਾ ਹੋਇਆ, ਅਰ ਉਨਾਂ ਦੀ ਕਿਰਪਾ ਨਾਲ ਇਸ ਹਾਲ ਨੂੰ ਤਾਂ ਮੈਂ ਪੁੱਜ ਪਈ ਹਾਂ, ਹੋਰ ਮੇਰਾ ਦੇਵੀਆਂ ਦੇਵਤਿਆਂ ਨੈ ਕੀ ਬੁਰਾ ਕਰਨਾ ਹੈ। ਰਾਤ ਨੂੰ ਖਾਣ ਪੀਣ ਦੇ ਪਿੱਛੋਂ ਪ੍ਰੇਮਚੰਦ ਬਸੰਤ ਦੇ ਕੋਲ ਆਇਆ, ਅਰ ਆਖਣ ਲੱਗਾ, ਜੋ ਉਸ ਮੰਗਲਸਮਾਚਾਰ ਵਿੱਚੋਂ, ਜੇਹੜਾ ਮੈਂ ਤੇਰੇ ਲਈ ਲਿਆਂਦਾ ਸੀ, ਥੋਹੜਾਕੁ ਚਿਰ ਕੁਛ ਪੜ੍ਹੇ ਤਾਂ ਚੰਗਾ ਹੈ। ਉਹ ਇਸ ਗੱਲ ਉੱਤੇ ਅਚਰਜ ਹੋਈ, ਅਤੇ ਇਹ ਜਾਣਕੇ, ਜੋ ਇਹ ਬਹਾਨਾ ਉਸ ਦੇ ਰਾਤ ਜਾਗਣ ਦਾ

Digitized by Panjab Digital Library | www.panjabdigilib.org

ਹੈ, ਕਿੰਉ ਜੋ, ਨਾ ਜਾਗਣਾ, ਉਸ ਨੈ ਚੰਗੀ ਤਰਾਂ ਠਾਲ ਲਿਆ ਸੀ, ਇਸ ਲਈ ਕਾਹਲੀ ਨਾਲ ਆਖ ਦਿੱਤਾ, ਭਈ ਮੈਂ ਲੱਛਮੀ ਦੇ ਵਾਸਤੇ ਨਹੀਂ ਜਾਗਾਂਗੀ॥

ਪਰ ਬਸੰਤ ਸਾਰੇ ਜਾਗਾ ਕਰਨ ਨੂੰ ਬੈਠੇ ਹਨ॥

ਪ੍ਰੇਮਚੰਦ, ਭਲਾ ਤੈ ਨੂੰ ਪਰਤੀਤ ਆਉਂਦੀ ਹੈ ਜੋ ਲੱਛਮੀ ਆਵੇਗੀ?

ਮੈਂ ਤਾਂ ਪਰਤੀਤ ਨਹੀਂ ਕਰਦਾ, ਭਲਾ ਤੂੰ ਮੈ ਨੂੰ ਅਜਿਹਾ ਮੂਰਖ ਸਮਝਦੀ ਹੈਂ, ਜੋ ਮੈਂ ਚਾਉਲਾਂ ਦੀ ਟੋਕਰੀ ਦੀ ਪੂਜਾ ਉੱਤੇ ਪਰ-ਤੀਤ ਕਰਾਂ?

ਤਾਂ ਭਲਾ ਫੇਰ ਤੂੰ ਕਿੰਉ ਜਾਗਦਾ ਹੈਂ?

ਮੈਂ ਨਹੀਂ ਚਾਹੁੰਦਾ, ਜੋ ਆਪਣੀ ਮਾਂ ਨੂੰ ਉਦਾਸ ਕਰਾਂ, ਉਹ ਸਮਝਦੀ ਹੈ, ਜੋ ਇਸ ਨਾਲ ਮੇਰਾ ਕੁਛ ਭਲਾ ਹੋਵੇਗਾ, ਅਤੇ ਮੈਂ ਸਮਝਦਾ ਹਾਂ, ਜੋ ਉਂਣੀਦੇ ਨਾਲ ਮੈਂ ਥੱਕ ਬੀ ਬਹੁਤ ਜਾਵਾਂਗਾ। ਇਸ ਲਈ ਹੇ ਬਸੰਤ ਕੁਛ ਪੜ੍ਹੋ ਤਾਂ ਸਮਾਂ ਬਿਤਾਇਜੇ॥

ਚੰਗੀ ਗੱਲ ਹੈ, ਥੋਹੜਾਕੁ ਚਿਰ ਪੜ੍ਹਨ ਵਿੱਚ ਤਾਂ ਮੇਰੀ ਵੱਲੋਂ ਕੋਈ ਅਟਕਾ ਨਹੀਂ, ਪਰ ਮੈਂ ਜਾਗਣਾ ਨਹੀਂ ਚਾਹੁੰਦੀ॥

ਇਸ ਤਰਾਂ ਉਹ ਮੰਗਲਸਮਾਚਾਰ ਲਿਆਈ, ਅਤੇ ਪ੍ਰੇਮਚੰਦ ਨੈ ਆਪਣੇ ਕੋਲ ਵਿਸਨੂਸਰਮਾਂ ਦਾ ਹਿਤੋਪਦੇਸ ਰੱਖ ਲਿਆ, ਜੋ ਕੋਈ ਕੁਛ ਭਰਮ ਨਾ ਕਰੇ। ਮੱਤੀ ਦੀ ਇੰਜੀਲ ਦਾ ਛਬੀਹਵਾਂ ਕਾਂਡ ਪੜ੍ਹਨ ਲੱਗੀ, ਉਸ ਨੈ ਸੁਗੰਧੀਵਾਲੇ ਅਤਰ ਦੇ ਸੰਗਮਰਮਰ ਦੇ ਡੱਬੇ ਭੱਜ ਜਾਣ ਦੀ ਕਥਾ ਪੜ੍ਹੀ, ਅਤੇ ਉਸ ਉੱਤੇ ਉਹ ਨੈ ਆਖਿਆ, ਭਈ ਜਿਸੁ ਅਨਾਥਾਂ ਤੀਮਤਾਂ ਉੱਤੇ ਕੇਹਾ ਦਿਆਲੂ ਸੀ॥

ਤਦ ਉਸ ਨੈ ਛੇਕੜਲੇ ਭੋਜਨ ਦੀ ਕਥਾ ਪੜ੍ਹੀ। ਪ੍ਰੇਮਚੰਦ ਨੈ ਆਖਿਆ ਮੈਂ ਖ੍ਰਿਸਟਾਨੀਆਂ ਨੂੰ ਵੇਲੇ ਵੇਲੇ ਜਿਸੁ ਨੂੰ ਚੇਤੇ ਕਰਨ ਦੇ ਲਈ ਰੋਟੀ ਖਾਂਦੇ ਅਤੇ ਸ਼ਰਾਬ ਪੀਂਦੇ ਸੁਣਦਾ ਹਾਂ॥

Digitized by Panjab Digital Library | www.panjabdigilib.org

ਹੇ ਪ੍ਰੇਮਚੰਦ ਭਲਾ ਤੈਂ ਕਦੀ ਅਜਿਹਾ ਕਰਦਿਆਂ ਡਿੱਠਾ ਬੀ ਹੈ?

ਨਹੀਂ, ਮੈਂ ਕਿੱਕੁਰ ਵੇਖ ਸਕਦਾ ਹਾਂ? ਮੈਂ ਉਨਾਂ ਦੀ ਪੂਜਾ ਦੇ ਮੰਦਰਾਂ ਵਿੱਚ ਕਦੀ ਨਹੀਂ ਗਿਆ, ਪਰ ਮੇਰਾ ਮਨ ਕਰਦਾ ਹੈ, ਜੋ ਇੱਕ ਦਿਨ ਜਾਵਾਂ॥

ਤਦ ਗੜਸਮਨੀ ਅਰ ਉੱਥੋਂ ਦੇ ਉਦਰਾਉਣਵਾਲੇ ਵਿਛੋੜੇ ਦੀ ਕਥਾ ਆਈ। ਅਰ ਬਸੰਤ ਨੈ ਆਖਿਆ, ਮੈਂ ਜਾਣਦੀ ਹਾਂ, ਜੋ ਯਿਸੂ ਮਰਨ ਥੋਂ ਡਰ ਗਿਆ ਹੋਊ?

ਕਦੀ ਬੀ ਨਹੀਂ ਡਰਿਆ, ਉਹ ਚਾਹੁੰਦਾ ਤਾਂ ਨਾ ਮਰਦਾ, ਜਿਸ ਨੈ ਹੋਰਨਾਂ ਨੂੰ ਮਰਨ ਤੇ ਜਿਵਾਇਆ, ਭਲਾ ਉਹ ਆਪ ਨੂੰ ਨਹੀਂ ਬਚਾ ਸਕਦਾ ਸੀ?

ਪ੍ਰੇਮਚੰਦ ਉਹ ਕਿਉ ਮਰਨ ਉੱਤੇ ਰਾਜੀ ਸੀ?

ਉਹ ਹੋਰਨਾਂ ਨੂੰ ਬਚਾਉਣ ਦੇ ਲਈ ਮੋਇਆ, ਅਤੇ ਉਸ ਵੇਲੇ ਉਹ ਨੈ ਸਾਰੇ ਸੰਸਾਰ ਦੇ ਪਾਪਾਂ ਦੇ ਦੰਡ ਨੂੰ ਚੁੱਕਿਆ ਹੋਇਆ ਸੀ॥

ਪ੍ਰੇਮਚੰਦ ਤੂੰ ਬਥੇਰਾ ਕੁਛ ਜਾਣਦਾ ਹੈਂ॥

ਨਿਸੰਗ, ਮੈਂ ਪਾਠਸ਼ਾਲਾ ਵਿੱਚ ਪੜ੍ਹਿਆ ਹਾਂ॥

ਉਹ ਯਹੂਦਾ ਦੇ ਆਉਣ ਦੇ, ਅਰ ਯਿਸੂ ਦੇ ਫੜੇ ਜਾਣ ਦੇ, ਅਤੇ ਠੱਠੇ ਦੇ ਨਿਆਉਂ ਦੇ, ਅਤੇ ਪਤਰਸ ਦੇ ਮੁੱਕਰਨ ਦੇ ਵਿਖੇ ਪੜ੍ਹਦੀ ਰਹੀ॥

ਜਦ ਉਸ ਨੈ ਕਾਂਡ ਪੂਰਾ ਕੀਤਾ, ਤਾਂ ਪ੍ਰੇਮਚੰਦ ਨੈ ਆਖਿਆ ਹੁਣ ਮੈਂ ਪੜ੍ਹਦਾ ਹਾਂ। ਸੋ ਉਸ ਨੈ ਪੋਥੀ ਲਈ, ਅਤੇ ਯਿਸੂ ਦੀ ਮੌਤ ਦੇ ਵਿਖੇ ਪੜ੍ਹਿਆ, ਅਤੇ ਵਿੱਚ ਵਿੱਚ ਆਪਣਾ ਵਖਯਾਨ ਬੀ ਕਰਦਾ ਗਿਆ, ਜਦ ਉਹ ਪੂਰਾ ਕਰ ਚੁੱਕਾ, ਤਾਂ ਬਸੰਤ ਨੈ ਆਖਿਆ॥

ਤੁਸੀਂ ਤਾਂ ਆਖਦੇ ਹੋ ਉਹ ਸਾਡੇ ਲਈ ਮੋਇਆ॥

ਬੈਬੁਲ ਅਜਿਹਾ ਕਹਿੰਦੀ ਹੈ, ਅਤੇ ਖ੍ਰਿਸਟਾਨ ਆਖਦੇ ਹਨ॥

Digitized by Panjab Digital Library | www.panjabdigilib.org

ਉਹ ਦੇ ਮਰਨ ਨਾਲ਼ ਸਾਡਾ ਭਲਾ ਕਿੱਕੁਰ ਹੋਇਆ ?

ਕਿੰਉ, ਤੂੰ ਨਹੀਂ ਜਾਣਦੀ ਜੋ ਸਭ ਮਨੁੱਖ ਪਾਪੀ ਹਨ, ਅਰ ਪਰਮੇਸੁਰ ਨੈ ਆਖਿਆ, ਜੋ ਮਨੁੱਖ ਪਾਪੀ ਹਨ, ਤਾਂ ਉਨ੍ਹਾਂ ਨੂੰ ਡੰਡ ਦਿੱਤਾ ਜਾਵੇਗਾ, ਅਤੇ ਨਰਕ ਵਿੱਚ ਸਿੱਟੇ ਜਾਣਗੇ। ਜਿਸੂ ਮਨੁੱਖਾਂ ਨਾਲ਼ ਪਿਆਰ ਕਰਦਾ ਸੀ, ਅਰ ਉਨ੍ਹਾਂ ਉੱਤੇ ਦਇਆ ਰਖਦਾ ਸੀ, ਉਸ ਨੈ ਆਖਿਆ ਮੈਂ ਜਗਤ ਵਿੱਚ ਜਾਵਾਂਗਾ, ਅਤੇ ਉਨ੍ਹਾਂ ਦੇ ਪਾਪਾਂ ਦੇ ਡੰਡ ਨੂੰ ਸਹਾਰਾਂਗਾ, ਅਤੇ ਤਦ ਜੇ ਕਦੀ ਓਹ ਮੇਰੇ ਉੱਤੇ ਪਤੀਜਣ, ਤਾਂ ਬਚ ਜਾਣਗੇ॥

ਪਰ ਮੈਂ ਨਹੀਂ ਸਮਝਦੀ ਜੋ ਇੱਕ ਦੇ ਮਰਨ ਨਾਲ਼ ਸਭਨਾਂ ਦੇ ਪਾਪਾਂ ਦਾ ਪ੍ਰਾਹਚਿੱਤ ਕਿੱਕੁਰ ਹੋ ਗਿਆ ?

ਇਸ ਲਈ, ਜੋ ਇੱਕ ਬਹੁਤਿਆਂ ਨਾਲੋਂ ਵਧੀਕ ਸੀ, ਓਹ ਆਖਦੇ ਹਨ, ਜੋ ਜਿਸੂ ਪਰਮੇਸੁਰ ਬੀ ਸੀ, ਅਰ ਮਨੁੱਖ ਬੀ॥

ਤਾਂ ਭਲਾ ਇਹੋ ਕਾਰਨ ਹੈ, ਜੋ ਇਸ ਪੋਥੀ ਦੇ ਪਹਿਲੇ ਕਾਂਡ ਵਿੱਚ ਉਸ ਨੂੰ ਇਮਾਨੂਏਲ, ਅਰਥਾਤ ਪਰਮੇਸੁਰ ਸਾਡੇ ਨਾਲ਼ ਆਖਿਆ ਹੈ ?

ਹਾਂ, ਮੈਂ ਬੀ ਅਜਿਹਾ ਹੀ ਕਹਿੰਦਾ ਹਾਂ। ਪਰ ਬਸੰਤ ਭਲਾ ਇਹ ਤੇਰੀ ਸਮਝ ਵਿੱਚ ਆਉਂਦਾ ਹੈ ?

ਇਹ ਬੜਾ ਚਮਤਕਾਰਾ ਮਲੂਮ ਹੁੰਦਾ ਹੈ, ਪਰ ਮੈਂ ਇਸ ਨੂੰ ਅਣਹੋਇਆ ਨਹੀਂ ਸਮਝਦੀ, ਕਿੰਉ ਜੋ ਸਾਡੇ ਸਾਸਤ੍ਰ ਵਿੱਚ ਬੀ ਕਥਾ ਆਉਂਦੀ ਹੈ, ਜਿਨ੍ਹਾਂ ਵਿੱਚ ਦੇਵਤਿਆਂ ਦਾ ਮਨੁੱਖ ਰੂਪ ਧਾਰਨਾ ਲਿਖਿਆ ਹੈ, ਪਰ ਜਿਸੂ ਅਜਿਹਾ ਭਲਾ ਮਨੁੱਖ ਸੀ, ਅਰ ਦਇਆਵਾਨ ਸੀ, ਜੋ ਸਾਡਾ ਕੋਈ ਦੇਵਤਾ ਉਸ ਦੇ ਤੁੱਲ ਨਹੀਂ, ਮੈਂ ਜਾਣਿਆ ਚਾਹੁੰਦੀ ਹਾਂ, ਜੋ ਉਸ ਦੇ ਮਰਨ ਤੇ ਉਪਰੰਦ ਕੀ ਹੋਇਆ, ਤੂੰ ਥੱਕਾ ਨਹੀਂ, ਤਾਂ ਭਲਾ ਹੋਰ ਪੜ੍ਹੇਂਗਾ ?

Digitized by Panjab Digital Library | www.panjabdigilib.org

ਸੋ ਉਸ ਨੈ ਫੇਰ ਬੀ ਜੀ ਉੱਠਣ ਦੀ ਅਚਰਜ ਕਥਾ ਪੜ੍ਹੀ। ਕਿਸ ਤਰਾਂ ਜਿਸੂ ਨੈ ਪ੍ਰੇਰਤਾਂ ਅਤੇ ਤੋਮਤਾਂ ਨੂੰ ਦਰਸਨ ਦਿੱਤਾ, ਅਰ ਉਹ ਦੀ ਛੇਕੜਲੀ ਆਗਿਆ ਕੀ ਸੀ? ਤਦ ਪ੍ਰੇਮਚੰਦ ਨੈ ਆਖਿਆ, ਪਾਦਰੀ ਕਹਿੰਦੇ ਹਨ, ਅਸੀਂ ਇੱਸੇ ਬਚਨ ਦੀ ਆਗਿਆ ਨਾਲ਼ ਇੰਗਲਿਸਤਾਨ ਥੋਂ ਜਿਸੂ ਦੀ ਬਾਬਤ ਸੁਣਾਉਣ ਲਈ ਆਏ ਹਾਂ॥

ਬਪਤਿਸਮਾ ਕਿਸ ਨੂੰ ਆਖਦੇ ਹਨ?

ਇਹ ਬੀ ਕੁਛ ਹੈ, ਪਰ ਮੈਂ ਠੀਕ ਨਹੀਂ ਜਾਣਦਾ, ਜੋ ਕੀ ਹੈ। ਜਦ ਕੋਈ ਖ੍ਰਿਸਟਾਨੀ ਬਣਦਾ ਹੈ, ਤਾਂ ਇਹ ਕੀਤਾ ਜਾਂਦਾ ਹੈ, ਅਰ ਉਸ ਨੈ ਆਖਿਆ ਭਈ ਹੁਣ ਮੈਂ ਜਾਂਦਾ ਹਾਂ॥

ਬਸੰਤ ਨੈ ਆਖਿਆ ਭਲੀ ਗੱਲ॥

ਅਤੇ ਦੀਵਾ ਬੁਝਾਕੇ ਸੌਂ ਗਈ। ਤਦ ਪ੍ਰੇਮਚੰਦ ਹੋਰਨਾਂ ਦੇ ਨਾਲ਼ ਜਾ ਬੈਠਾ, ਅਰ ਓਹ ਪੁੱਛਣ ਲੱਗੇ ਹੁਣ ਤੋੜੀ ਕੀ ਕਰਦੇ ਸਾਓ, ਉਸ ਨੈ ਉੱਤਰ ਦਿੱਤਾ ਬਸੰਤ ਦੇ ਨਾਲ਼ ਹਿਤੋਪਦੇਸ ਪੜ੍ਹਦਾ ਰਿਹਾ ਸਾਂ, ਅਰ ਉਹ ਪੋਥੀ ਬੀ ਵਿਖਾਈ, ਅਰ ਉਸ ਦੀ ਮਾਂ ਬੜੇ ਹੰਕਾਰ ਦੇ ਨਾਲ਼ ਬੋਲੀ, ਇਹ ਮੁੰਡਾ ਪੋਥੀਆਂ ਨੂੰ ਕੇਹਾ ਮੰਨਦਾ ਹੈ, ਅਰ ਪੰਡਿਤ ਨੈ ਉਹ ਨੂੰ ਅਸੀਸ ਦਿੱਤੀ॥

ਬਸੰਤ ਲੇਟ ਤਾਂ ਰਹੀ, ਪਰ ਉਸ ਨੂੰ ਨੀਂਦ ਨਾ ਆਈ, ਉਸ ਨੈ ਵਿਚਾਰਿਆ ਭਈ ਖ੍ਰਿਸਟਾਨ ਧਰਮ ਅਤੇ ਸਾਡੇ ਧਰਮ ਵਿੱਚ ਕਿੰਨਾ ਭਿੰਨ ਭੇਦ ਹੈ, ਅਸੀਂ ਅੱਜ ਕੱਲ ਦੁਰਗਾ ਦੇਵੀ ਦੀ ਪੂਜਾ ਕਰਦੇ ਪਏ ਹਾਂ, ਮੈਂ ਨਹੀਂ ਜਾਣਦੀ ਜੋ ਦੁਰਗਾ ਦੇਵੀ ਨੈ ਕਦੀ ਸਾਡੇ ਲਈ ਕੁਛ ਕੀਤਾ ਹੈ, ਕਿ ਨਹੀਂ। ਉਸ ਨੈ ਮਹਿਖਾਸੁਰ ਨੂੰ ਮਾਰਿਆ, ਇਹ ਸੱਚ ਹੈ, ਪਰ ਸਾ ਨੂੰ ਉਸ ਨਾਲ਼ ਕੀ? ਇਸ ਨਾਲ਼ ਮੇਰਾ ਭਲਾ ਕੁਛ ਬੀ ਨਹੀਂ ਹੋਇਆ। ਹੁਣ ਥੋਹੜੇ ਦਿਨਾਂ ਨੂੰ ਕਾਲੀ

Digitized by Panjab Digital Library | www.panjabdigilib.org

ਦੀ ਪੂਜਾ ਹੋਵੇਗੀ, ਪਰ ਵਿਚਾਰੀਏ ਤਾਂ ਕਾਲੀ ਨੈ ਸਾਡੇ ਵਾਸਤੇ ਕੀ ਭਲਾ ਕੀਤਾ। ਪ੍ਰੇਮਚੰਦ ਵਾਙੂੰ ਮੈਂ ਬੀ ਇਸੇ ਗੱਲ ਨੂੰ ਵਿਚਾਰਦੀ ਹਾਂ, ਜੋ ਸਾਡਾ ਧਰਮ ਨਿਰਾ ਝੂਠੀਆਂ ਗੱਲਾਂ ਨਾਲ਼ ਭਰਿਆ ਹੋਇਆ ਹੈ, ਪਰ ਜਿਸੂ ਦਾ ਸੁਭਾਉ ਕੇਹਾ ਚੰਗਾ ਹੈ, ਉਹ ਕੇਹਾ ਸੁਸੀਲ ਅਤੇ ਹਿਤਕਾਰੀ ਸੀ, ਉਸ ਨੂੰ ਕਦੀ ਗੁੱਸਾ ਨਹੀਂ ਆਉਂਦਾ ਸੀ। ਵਿਚਾਰੋ ਤਾਂ ਜਦ ਉਹ ਜੀ ਉੱਠਿਆ ਸੀ, ਉਸ ਨੈ ਕਿਸ ਤਰਾਂ ਤੀਮੀਆਂ ਨੂੰ ਦਰਸਨ ਦਿੱਤਾ, ਅਰ ਉਸ ਨੈ ਕੇਹੀ ਦਇਆ ਦੇ ਨਾਲ਼ ਉਨ੍ਹਾਂ ਨਾਲ਼ ਗੱਲਾਂ ਬਾਤਾਂ ਕੀਤੀਆਂ। ਅਤੇ ਉਸ ਦੇ ਪ੍ਰਾਣ ਦੇਣ ਦੀ ਬਾਬਤ ਵਿਚਾਰੋ, ਤਾਂ ਉਸ ਨੈ ਪ੍ਰਾਣ ਬੀ ਦਿੱਤੇ, ਇੱਕ ਦੋਸੀ ਦੀ ਤਰਾਂ, ਅਰ ਉਹ ਬੀ ਨਿਰਾ ਸਾਡੇ ਹੀ ਬਚਾਉਣ ਦੇ ਲਈ। ਮੈਂ ਚਾਹੁੰਦੀ ਹਾਂ, ਜੋ ਉਹ ਅੰਗ੍ਰੇਜ਼ੀ ਬੀਬੀ ਨਾ ਜਾਂਦੀ, ਤਾਂ ਮੈਂ ਉਸ ਕੋਲੋਂ ਕਈ ਗੱਲਾਂ ਪੁੱਛਦੀ ॥

ਇਹੋ ਜੇਹੀਆਂ ਗਿਣਤੀਆਂ ਗਿਣਦੀ ਉਹ ਸੌਂ ਗਈ। ਪ੍ਰੇਮਚੰਦ ਬੀ ਆਪਣੇ ਜਾਗੇ ਕਰਨ ਦੇ ਵੇਲੇ ਵਿਚਾਰਾਂ ਨਾਲ਼ ਹੀ ਭਰਿਆ ਹੋਇਆ ਸੀ। ਉਹ ਦੇ ਜੀ ਵਿੱਚ ਹਿੰਦੂਆਂ ਦੀਆਂ ਰੀਤਾਂ ਦੇ ਵਿਰੁੱਧ ਬੜੀ ਗਿਲਾਨ ਅਰ ਥਕੇਵਾਂ ਉਤਪਤ ਹੋਇਆ, ਅਤੇ ਉਹ ਚਾਹੁੰਦਾ ਸੀ, ਜੋ ਕਿਸੇ ਤਰਾਂ ਇਸ ਥੋਂ ਆਪਣਾ ਆਪ ਛੁਡਾਵਾਂ ॥

ਹੋਰ ਹੋਰ ਤਿਉਹਾਰ ਬੀ ਆਏ, ਕਾਲੀ ਪੂਜਾ ਸਭ ਥੋਂ ਪਹਿਲੇ ਆਈ। ਉਹ ਕਾਲੀ ਚਹੁੰ ਹੱਥਾਂਵਾਲੀ ਦੇਵੀ ਅਜਿਹੀ ਡਰਾਉਣੀ ਸੀ, ਜੋ ਆਖਣ ਦੀ ਗੱਲ ਨਹੀਂ। ਉਹ ਦੇ ਗਲ਼ ਵਿੱਚ ਮੁਰਦਿਆਂ ਦੇ ਸਿਰਾਂ ਦੀ ਮਾਲਾ ਸੀ, ਅਰ ਉਸ ਦੇ ਲੱਕ ਵਿੱਚ ਮੁਰਦਿਆਂ ਦੇ ਹੱਥਾਂ ਦੀ ਤੜਾਗੀ। ਦੋ ਲੋਥਾਂ ਝੁਮਕਿਆਂ ਦੇ ਥਾਂ ਉਸ ਦੇ ਕੰਨਾਂ ਵਿੱਚ ਲਟਕਦੀਆਂ ਸਨ। ਉਸ ਦੀ ਲਾਲ ਜੀਭ ਲੱਪ ਲੱਪ ਪਈ

Digitized by Panjab Digital Library | www.panjabdigilib.org

ਕਰਦੀ ਸੀ, ਅਤੇ ਆਪਣੇ ਸੁਆਮੀ ਦੇ ਮੂੰਹ ਉੱਤੇ ਪੈਰ ਰੱਖੇ ਹੋਏ ਸੀ। ਜੇਹੀ ਬਿਕਰਾਲ ਡਰਾਉਣੀ ਅਤੇ ਲਹੂ ਲੁਹਾਣ ਦੇਵੀ ਸੀ, ਤੇਹੀ ਹੀ ਉਸ ਦੀ ਪੂਜਾ ਬੀ ਹੁੰਦੀ ਸੀ। ਇਸ ਥੋਂ ਉਪਰੰਦ ਲੜਾਈ ਦੇ ਦੇਵਤੇ ਸ੍ਵਾਮ-ਕਾਰਤਿਕ ਦੀ ਪੂਜਾ ਆਈ। ਫੇਰ ਰਥਜਾਤ੍ਰਾ, ਇਹ ਮੇਲਾ ਕ੍ਰਿਸਨ ਦੇ ਮਲੀਨ ਪ੍ਰੇਮ ਦੇ ਚਿਤਾਉਣ ਵਿਖੇ ਸੀ। ਬਸੰਤ ਸਾਰਾ ਦਿਨ ਇਨ੍ਹਾਂ ਹੀ ਗੱਲਾਂ ਦੇ ਵਿੱਚ ਰਹਿੰਦੀ, ਅਰ ਰਾਤ ਨੂੰ ਇਕਾਂਤ ਬੈਠਦੀ, ਅਰ ਜਿਸੂ ਦੀਆਂ ਕਥਾਂ ਪੜ੍ਹਦੀ। ਕਈ ਭਰਮ ਉਸ ਦੇ ਮਨ ਵਿੱਚ ਉੱਠਣ ਕਦੀ ਕਦੀ ਉਹ ਅਜਿਹੇ ਸੰਸਿਆਂ ਨੂੰ ਮਨ ਵਿੱਚ ਲਿਆਉਣ ਦਾ ਧੀਰਜ ਨਾ ਕਰੇ। ਮੈਂ ਜੋ ਤੀਮੀਂ ਹਾਂ, ਮੈ ਨੂੰ ਅਜਿਹੀਆਂ ਵਿਚਾਰਾਂ ਨਾਲ਼ ਕੀ ਕੰਮ। ਮੈ ਨੂੰ ਉਹੋ ਕਰਨਾ ਚਾਹੀਏ, ਜੋ ਮੇਰੇ ਵੱਡਵਡੇਰਿਆਂ ਨੈ ਕੀਤਾ। ਫੇਰ ਉਹ ਜਿਸੂ ਦੇ ਕਿਸੇ ਹੋਰ ਪਿਆਰੇ ਕੰਮ ਦੀ ਬਾਬਤ ਪੜ੍ਹੇ, ਅਰ ਉਸ ਨੂੰ ਕ੍ਰਿਸਨ ਦੇ ਨਾਲ਼ ਮਿਲਾਵੇ। ਕੇਹਾ ਪਵਿਤ੍ਰ, ਕੇਹਾ ਨਿਰਮਲ, ਕੇਹਾ ਸਨੇਹੀ, ਜਿਸੂ ਮਸੀਹ ਸੀ, ਮੈਂ ਉਸ ਦਾ ਕ੍ਰਿਸਨ ਦੇ ਨਾਲ ਨਾਉਂ ਲੈਣ ਤੇ ਡਰਦੀ ਜੇਹੀ ਹਾਂ। ਕ੍ਰਿਸਨ ਤਾਂ ਨਿਸਚੇ ਪਵਿਤ੍ਰ ਨਹੀਂ ਸੀ॥

ਇੱਕ ਵਾਰ ਉਸ ਨੈ ਆਪਣੇ ਆਪ ਨੂੰ ਕਿਹਾ ਬੜਾ ਚੰਗਾ ਹੁੰਦਾ, ਜੇ ਮੈਂ ਖ੍ਰਿਸ੍ਟਾਨ ਹੀ ਜੰਮਦੀ, ਤਾਂ ਮੈ ਨੂੰ ਹੋਵੇ ਨਾ ਹੋਵੇ ਇਹੋ ਵਿਚਾਰ ਆਉਂਦੀ ਹੈ, ਜੋ ਮੈਂ ਹੁਣ ਕੋਲੋਂ ਵਧੀਕ ਰਾਜੀ ਹੁੰਦੀ। ਹੁਣ ਨਹੀਂ ਜਾਣਦੀ, ਜੋ ਕਿਸ ਗੱਲ ਉੱਤੇ ਪਰਤੀਤ ਕਰਾਂ। ਇਹ ਪੰਡਿਤ ਅਜਿਹਾ ਗਿਆਨੀ ਅਰ ਭਲਾ ਹੈ, ਤਾਂ ਬੀ ਇਹ ਉਨ੍ਹਾਂ ਦੇਵਤਿਆਂ ਉੱਤੇ ਪਰਤੀਤ ਰੱਖਦਾ ਹੈ। ਮੈਂ ਬੀ ਉਨ੍ਹਾਂ ਉੱਤੇ ਪਤੀਜੀ, ਪਰ ਮੈਂ ਖੁੱਲ੍ਹਕੇ ਆਖਦੀ ਹਾਂ, ਜੋ ਮੇਰਾ ਉਨ੍ਹਾਂ ਥੋਂ ਕੁਛ ਭਲਾ ਨਾ ਹੋਇਆ। ਹੁਣ ਮੇਰਾ ਮਨ ਦੁਚਿੱਤਾ ਹੈ, ਅਤੇ ਪੂਜਾ ਪਾਠਾਂ ਨੂੰ ਮੈਂ



Digitized by Panjab Digital Library | www.panjabdigilib.org

ਆਪੇ ਮਨ ਨਾਲ ਕਰਦੀ ਹਾਂ, ਅਤੇ ਮੈਂ ਸਦਾ ਇਹ ਜਾਣਦੀ ਹਾਂ, ਜੋ ਦੁਰਗਾ ਲੱਛਮੀ ਮਹਾਂਦੇਵ, ਅਰ ਹੋਰ ਬੀ ਸਭ ਉਨਾਂ ਦੇ ਨਾਲ ਦੇ ਮੇਰੀ ਨਹੀਂ ਸੁਣ ਸਕਦੇ। ਅਤੇ ਹੁਣ ਮੇਰਾ ਇਹ ਵਿਚਾਰ ਹੈ, ਜੋ ਥੋਹੜਿਆਂ ਦਿਨਾਂ ਤੀਕੁਰ ਖ੍ਰਿਸਟਾਨੀਆਂ ਦੀ ਪੋਥੀ ਪੜਨੀ ਬੀ ਛੋਡ ਦਿਆਂ। ਅਰ ਇੱਸੇ ਤਰਾਂ ਕੁਛ ਚਿਰ ਤੀਕੁਰ ਉਸ ਨੈ ਧਰਮ ਪੁਸਤਕ ਨੂੰ ਵੱਖਰਾ ਰੱਖ ਛੱਡਿਆ। ਪਰ ਇੱਕ ਐਤਵਾਰ ਦੀ ਰਾਤ ਨੂੰ ਪ੍ਰੇਮਚੰਦ ਉਹ ਦੇ ਕੋਲ ਆਇਆ, ਅਰ ਉਹ ਨੂੰ ਪੁੱਛਿਆ, ਕਿ ਤੂੰ ਪੜ੍ਹੈਂਗੀ?

ਉਸ ਨੈ ਉਦਾਸ ਹੋਕੇ ਆਖਿਆ ਨਹੀਂ॥

ਕਿੰਉ ਨਹੀਂ?

ਮੇਰਾ ਮਨ ਦੁਚਿੱਤਾ ਅਰ ਉਦਾਸ ਹੋ ਗਿਆ ਹੈ, ਅਤੇ ਮੈਂ ਨਹੀਂ ਜਾਣਦੀ, ਜੋ ਕਿਸ ਉੱਤੇ ਪਰਤੀਤ ਕਰਾਂ?

ਤੈਂ ਉਹ ਪੋਥੀ ਪੂਰੀ ਕਰ ਲਈ ਹੈ?

ਨਹੀਂ, ਅਜੇ ਨਹੀਂ॥

ਭਲਾ ਉਹ ਲਿਆ ਖਾਂ, ਅੱਜ ਰਾਤ ਠੰਢੀ ਹੈ, ਅਰ ਮੈਂ ਬਾਹਰ ਨਹੀਂ ਜਾਂਦਾ, ਘਰ ਦੇ ਸਭ ਕੰਮ ਵਿਚ ਲੱਗੇ ਹੋਏ ਹਨ॥

ਉਸ ਨੈ ਮੰਨ ਲਿਆ, ਅਰ ਆਪਣਾ ਮੰਗਲਸਮਾਚਾਰ ਲੈ ਆ-ਈ, ਅਤੇ ਤਦ ਓਹ ਦੋਵੇਂ ਦੀਵੇ ਦੇ ਕੋਲ ਬੈਠ ਗਏ। ਬਸੰਤ ਹੁਣ ਤੋੜੀ ਮਰਕੁਸ ਲੂਕਾ, ਅਤੇ ਥੋਹੜਾਕੁ ਯੂਹੰਨਾ ਦਾ ਮੰਗਲਸਮਾਚਾਰ ਬੀ ਪੜ੍ਹ ਚੁੱਕੀ ਸੀ। ਉਹ ਦੀ ਨਿਸ਼ਾਨੀ ਯੂਹੰਨਾ ਦੇ ੧੪ ਵੇਂ ਕਾਂਡ ਉੱਤੇ ਸੀ। ਪ੍ਰੇਮਚੰਦ ਨੈ ਉੱਥੋਂ ਹੀ ਖੋਲ੍ਹਿਆ, ਅਰ ਪੜ੍ਹਨ ਲੱਗਾ॥

(੧ ਤੁਕ) ਆਪਣੇ ਮਨ ਵਿੱਚ ਚਿੰਤਾਵਾਨ ਨਾ ਹੋਵੋ। ਪਰਮੇਸੁਰ ਪੁਰ ਪਤੀਜੋ ਅਰ ਮੇਰੇ ਪੁਰ ਬੀ ਪਤੀਜੋ॥

ਬਸੰਤ ਬੋਲ ਉੱਠੀ, ਆਹਾ, ਪ੍ਰੇਮਚੰਦ ਇਹ ਮੈ ਨੂੰ ਹੀ ਆਖਦਾ ਹੈ?

Digitized by Panjab Digital Library | www.panjabdigilib.org

ਨਾ ਅਟਕਾਓ, ਪ੍ਰੇਮਚੰਦ ਨੈ ਰੁੱਖਿਆਂ ਹੋਕੇ ਆਖਿਆ। ਭਾਵੇਂ ਇਹੋ ਗੱਲ ਉਸ ਦੇ ਜੀ ਨੈ ਬੀ ਪੁੱਛੀ ਸੀ॥

(੨ ਤੁਕ) ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਮਹਿਲ ਹਨ, ਜੇ ਅਜਿਹਾ ਨਾ ਹੁੰਦਾ, ਤਾਂ ਮੈਂ ਤੁਸਾ ਨੂੰ ਕਹਿੰਦਾ, ਮੈਂ ਤੁਹਾਡੇ ਵਾਸਤੇ ਜਾਗਾਂ ਤਿਆਰ ਕਰਨ ਜਾਂਦਾ ਹਾਂ॥

ਹੇ ਪ੍ਰੇਮਚੰਦ ਆਪਣੇ ਪਿਤਾ ਦੇ ਘਰ, ਇਸ ਆਖਣ ਥੋਂ ਉਸ ਦਾ ਕੀ ਪ੍ਰਯੋਜਨ ਹੈ?

ਮੈਂ ਸਮਝਦਾ ਹਾਂ ਸੁਰਗ॥

ਅਤੇ ਉਹ ਆਖਦਾ ਹੈ, ਜੋ ਮੈਂ ਤੁਹਾਡੇ ਲਈ ਜਾਗਾਂ ਤਿਆਰ ਕਰਨ ਨੂੰ ਜਾਂਦਾ ਹਾਂ?

ਹਾਂ, ਪਰ ਮੈ ਨੂੰ ਪੜ੍ਹਨ ਦਿਹ॥

(੩ ਤੁਕ) ਅਰ ਜੇ ਮੈਂ ਜਾਕੇ ਤੁਹਾਡੇ ਵਾਸਤੇ ਜਾਗਾਂ ਤਿਆਰ ਕਰਾਂ, ਤਾਂ ਮੈਂ ਫੇਰ ਆਕੇ ਤੁਸਾ ਨੂੰ ਆਪਣੇ ਪਾਸ ਲੈ ਲਵਾਂਗਾ, ਤਾਂ ਜਿੱਥੇ ਮੈਂ ਹਾਂ, ਤੁਸੀਂ ਬੀ ਹੋਵੋ॥

ਪ੍ਰੇਮਚੰਦ ਰਤੀ ਠਹਿਰੇ ਨਾਂ, ਉਹ ਕਿੱਕੁਰ ਆਵੇਗਾ, ਭਲਾ ਬੱਦਲਾਂ ਦੇ ਰਥ ਵਿੱਚ?

ਮੈਂ ਸੁਣਿਆ ਹੈ, ਇਸ ਆਉਣ ਦਾ ਪ੍ਰਯੋਜਨ ਮੌਤ ਦੀ ਘੜੀ ਨਾਲ ਹੈ, ਅਤੇ ਮੈਂ ਇਹ ਬੀ ਸੁਣਿਆ ਹੈ, ਜੋ ਖ੍ਰਿਸਟਾਨ ਮਰਨ ਤੇ ਨਹੀਂ ਡਰਦੇ॥

ਮਰਨ ਥੋਂ ਨਹੀਂ ਡਰਦੇ? ਇਹ ਗੱਲ ਬੜੇ ਅਚੰਭੇ ਦੀ ਹੈ, ਅਤੇ ਤਦ ਬੀ ਮੈਂ ਆਖਦੀ ਹਾਂ, ਕਿ ਜੇਕਰ ਉਨਾਂ ਦੀ ਇਹ ਪਰਤੀਤ ਹੈ, ਭਈ ਮਰਕੇ ਮਸੀਹ ਕੋਲ ਜਾਵਾਂਗੇ, ਅਰ ਸਦਾ ਦੇ ਲਈ ਉਸ ਕੋਲ ਰਹਾਂਗੇ, ਤਾਂ ਇਸ ਵਿੱਚ ਕੋਈ ਅਚੰਭਾ ਨਹੀਂ, ਪਰ ਅੱਗੇ ਪੜ੍ਹਦੇ ਚੱਲੋ॥

Digitized by Panjab Digital Library | www.panjabdigilib.org

(੪ ਤੁਕ) ਅਰ ਜਿੱਥੇ ਮੈਂ ਜਾਂਦਾ ਹਾਂ, ਤੁਸੀਂ ਜਾਣਦੇ ਹੋ, ਅਰ ਉੱਥੇ ਦਾ ਰਸਤਾ ਬੀ ਜਾਣਦੇ ਹੋ। ਥੂਮਾ ਨੈ ਉਸ ਨੂੰ ਆਖਿਆ, ਹੇ ਪ੍ਰਭੁ ਅਸੀਂ ਨਹੀਂ ਜਾਣਦੇ, ਜੋ ਤੂੰ ਕਿੱਥੇ ਜਾਂਦਾ ਹੈਂ, ਫੇਰ ਅਸੀਂ ਰਸਤਾ ਕਿੱਕੁਰ ਜਾਣੀਏ? ਜਿਸੂ ਨੈ ਤਿਸ ਨੂੰ ਕਿਹਾ, ਰਸਤਾ ਅਰ ਸਚਿਆਈ ਅਰ ਜੀਉਣ ਮੈਂ ਹਾਂ, ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਪਾਸ ਜਾ ਨਹੀਂ ਸਕਦਾ॥

ਮੈਂ ਬੀ ਇਹੋ ਗੱਲ ਪੁੱਛਣ ਨੂੰ ਸਾਂ, ਜੋ ਥੂਮਾ ਨੈ ਪੁੱਛੀ, ਤਾਂ ਜਿਸੂ ਹੀ ਸੁਰਗ ਦਾ ਰਾਹ ਹੋਇਆ, ਮੈਂ ਨਹੀਂ ਜਾਣਦੀ ਇਸ ਦਾ ਕੀ ਅਰਥ ਹੈ?

ਤੂੰ ਕੇਹੀ ਮੂਰਖ ਹੈਂ, ਇਸ ਦਾ ਇਹ ਅਰਥ ਹੈ, ਜੋ ਅਸੀਂ ਨਿਰਾ ਉੱਸੇ ਉੱਤੇ ਪਤੀਜਣ ਨਾਲ਼ ਹੀ ਸੁਰਗ ਵਿੱਚ ਜਾ ਸਕਦੇ ਹਾਂ॥

ਇੱਸੇ ਤਰਾਂ ਉਹ ਪੜ੍ਹਦੇ ਗਏ। ਜਦ ਉਹ ਉਨ੍ਹਾਂ ਧੰਨ ਸਬਦਾਂ ਨੂੰ ਪੜ੍ਹਨ ਲੱਗਾ (ਪੌੜੀ ੧੮ਵੀਂ) ਮੈਂ ਤੁਸਾ ਨੂੰ ਅਨਾਥ ਨਾ ਛੱਡਾਂਗਾ, ਮੈਂ ਤੁਸਾਡੇ ਪਾਸ ਆਉਂਦਾ ਹਾਂ॥

ਬਸੰਤ ਬੋਲ ਉੱਠੀ ਮੈਂ ਅਨਾਥ ਹਾਂ, ਜੇ ਮੈਂ ਖ੍ਰਿਸਟਾਨਣ ਹੁੰਦੀ ਤਾਂ ਅਜਿਹਾ ਨਾ ਹੁੰਦਾ॥

ਫੇਰ ਪਵਿਤ੍ਰ ਆਤਮਾ ਦੀ ਬਾਣੀ ਵਿਖੇ ਬਹੁਤ ਪੁੱਛਿਆ ਗਿਆ। ਭਲਾ ਉਹ ਆਉਂਦਾ ਹੈ? ਅਤੇ ਖ੍ਰਿਸਟਾਨੀਆਂ ਦੇ ਨਾਲ਼ ਰਹਿੰਦਾ ਹੈ? ਭਲਾ ਉਹ ਉਨ੍ਹਾਂ ਨੂੰ ਸਿਖਾਉਂਦਾ ਹੈ? ਅਰ ਉਹ ਉਨ੍ਹਾਂ ਨੂੰ ਕਿੱਕੁਰ ਸਿਖਾਉਂਦਾ ਹੈ? ਭਲਾ ਉਹ ਉਸ ਦੀ ਅਵਾਜ ਸੁਣਦੇ ਹਨ? ਭਲਾ ਉਹ ਉਸ ਦਾ ਕੋਈ ਦਰਸਣ ਕਰਨ ਦੇ ਜੋਗ ਰੂਪ ਦੇਖਦੇ ਹਨ? ਇਨ੍ਹਾਂ ਸਭਨਾਂ ਗੱਲਾਂ ਉੱਤੇ ਪ੍ਰੇਮਚੰਦ ਨੈ ਇਹੋ ਉੱਤਰ ਦਿੱਤਾ, ਭਈ ਮੈਂ ਨਹੀਂ ਜਾਣਦਾ, ਕੀ ਜਾਣੀਏ ਖ੍ਰਿਸਟਾਨੀ ਆਪ ਇਸ ਗੱਲ ਨੂੰ ਆਖ ਸੱਕਣ॥

Digitized by Panjab Digital Library | www.panjabdigilib.org

ਇਸ ਕਾਂਡ ਖੁਲ੍ਹੇ ਹੋਰ ਪੜ੍ਹਨ ਦਾ ਉਨਾਂ ਨੂੰ ਵੇਲਾ ਬੀ ਨਹੀਂ ਸੀ, ਕਿਉ ਜੋ ਪੰਡਿਤ ਨੈ ਆਪਣੇ ਮੁੰਡੇ ਨੂੰ ਸੱਦ ਲਿਆ ਸੀ। ਕਈ ਮਿਤ੍ਰ ਗੱਲ ਬਾਤ ਕਰਨ ਨੂੰ ਆਏ ਸੇ, ਅਰ ਬਸੰਤ ਨੈ ਬੀ ਜਾਤਾ, ਜੋ ਕੱਈਆਂ ਗੱਲਾਂ ਦਾ ਵਿਚਾਰ ਕਰਨਾ ਹੈ॥

ਕਲਕੱਤਿਓਂ ਮੁੜਕੇ ਆਇਆਂ ਥੋਂ ਉਨਾਂ ਨੂੰ ਚਾਰ ਮਹੀਨੇ ਹੋਰ ਬੀਤ ਗਏ ਸੇ। ਕਈ ਸੰਸਿਆਂ ਅਤੇ ਭਰਮਾਂ ਦੀ ਬਸੰਤ ਦੇ ਮਨ ਵਿੱਚ ਜੜ੍ਹ ਲੱਗ ਗਈ ਸੀ। ਪ੍ਰੇਮਚੰਦ ਨੂੰ ਬੀ ਕਈ ਸੰਸੇ ਹੈਗੇ ਸਨ, ਜਿੰਨੇਕੁ ਉਹ ਬਸੰਤ ਨੂੰ ਜਣਾਉਂਦਾ ਸੀ, ਉਸ ਨਾਲੋਂ ਬੀ ਵਧੀਕ ਸਨ, ਅਤੇ ਬਾਹਰੋਂ ਸਭ ਪਹਿਲੇ ਢਾਊਂ ਤੁਰਿਆ ਜਾਂਦਾ ਸੀ, ਜਿਹਾਕੁ ਪਹਾੜ ਸਭ ਥੋਂ ਵਧੀਕ ਹਰਿਆ ਦਿੱਸਦਾ ਹੈ, ਪਰ ਜੇ ਉਹ ਵਿੱਚੋਂ ਅੱਗ ਨਾਲ ਭਰਿਆ ਹੋਇਆ ਹੋਵੇ, ਤਾਂ ਕੋਲ ਜਾਲਦਾ ਹੈ॥

# ੧੦ ਕਾਂਡ॥

## ਗਿਆਨ ਦੇ ਵਧਣ ਦੀ ਕਥਾ॥

ਮਹੀਨੇ ਦੇ ਪਿੱਛੋਂ ਮਹੀਨਾ ਇੱਕ ਨੂੰ ਕਾਹਲੀ ਨਾਲ ਇੱਕ ਨੂੰ ਔਖਿਆਈ ਨਾਲ ਬੀਤ ਗਿਆ। ਬਸੰਤ ਰੁੱਤ ਆਕੇ ਲੰਘ ਗਈ, ਕੋਇਲ ਦੀ ਅਵਾਜ ਇਸ ਵਿੱਚ ਸੁਣਾਈ ਦਿੰਦੀ ਸੀ, ਸਭ ਬ੍ਰਿਛਾਂ ਵਿਚ ਨਵੀਆਂ ਕਲੀਆਂ ਆਈਆਂ, ਅਤੇ ਆਪੋ ਆਪਣੀ ਚਮਤਕਾਰੀ ਸੋਭਾ ਨੂੰ ਨਵੀਂ ਨਵੀਂ ਤਰਾਂ ਪ੍ਰਗਟ ਕਰਦੇ ਸੇ। ਫੇਰ ਗਰਮੀ ਦੀ ਰੁੱਤ ਆਈ, ਦਿਨ ਨੂੰ ਤਾਂ ਸਭਿਆਰ ਗਰਮੀ ਹੋਵੇ, ਪਰ ਰਾਤ ਨੂੰ ਸੁਖਾਉਂਦਾ ਹੀ ਲਗਦਾ ਹੁੰਦਾ ਸੀ। ਇਨਾਂ ਗਰਮੀ ਦੇ ਮਹੀਨਿਆਂ ਵਿੱਚ ਕੁਛ ਬੀ ਪੜ੍ਹਿਆ ਨਾ ਜਾਵੇ। ਤਿੱਖੀ ਦੱਖਣੀ ਹਵਾ ਨਾਲ ਦੀਵਾ ਠਹਿਰਨਾ ਨਾ ਪਾਵੇ। ਇਸ ਖੁਲ੍ਹੋਂ ਚੌਕ ਵਿੱਚ ਬੈਠਕੇ ਇਸ ਮਿੱਠੀ ੨ ਹਵਾ ਦਾ ਸੁਖ ਛੱਡਣ ਨੂੰ ਜੀ ਬੀ

Digitized by Panjab Digital Library | www.panjabdigilib.org

ਨਾ ਕਰੇ। ਨਿੱਤ ਸੰਧਿਆਂ ਨੂੰ ਦੇਖਣ ਦੇ ਪਾਸਿਓਂ ਸਮੁੰਦਰ ਦੀ ਵੱਲੋਂ ਪੌਣ ਚੱਲੇ, ਅਤੇ ਸਾਰੀ ਦਿਹਾੜੀ ਦੇ ਥਕੇਵੇ ਨੂੰ ਲਾਹਕੇ, ਗਲੇ ਹੋਏ ਸਰੀਰ ਨੂੰ ਮਾਨੋ ਫੇਰ ਜੀ ਦਾਨ ਦੇਕੇ ਨਵਾਂ ਕਰ ਦੇਵੇ। ਆਹਾ, ਬੱਦਲਾਂ ਬਿਨਾ ਨਿੱਖਰੀ ਹੋਈ ਚਾਨਣੀ ਰਾਤ, ਜਿਸ ਵਿੱਚ ਤਾਰੇ ਖਿੜੇ ਹੋਏ, ਅਜਿਹੇ ਵੇਲੇ ਅਕਾਸ ਦੀ ਵੱਲ ਵੇਖਣ ਨਾਲ਼ ਬੀ ਕੇਹਾ ਰੰਗ ਜਾਪਦਾ ਸੀ॥

ਇੱਕ ਰਾਤ ਡਾਢ੍ਹੀ ਅਨੇਰੀ ਆਈ, ਇਸ ਦਿਨ ਐਤਵਾਰ ਸੀ, ਅਰ ਸਭ ਲੋਕ ਘਰ ਵਿੱਚ ਹੀ ਸਨ, ਇੱਕ ਬੜਾ ਪਹਾੜ ਜੇਡਾ ਕਾਲ਼ਾ ਡਰਾਉਣਾ ਬੱਦਲ ਉੱਤਰ ਪੱਛਮ ਦੀ ਵੱਲੋਂ ਉੱਠਿਆ, ਅਰ ਇੱਕ ਪਲ ਵਿੱਚ ਸਾਰੇ ਅਕਾਸ ਨੂੰ ਛਾ ਲਿਆ। ਜਦ ਹਵਾ ਵਗਣ ਲੱਗੀ, ਤਾਂ ਉਸ ਨਾਲ਼ ਘੱਟੇ ਦੀਆਂ ਘਟਾਂ ਉੱਠਣ ਲੱਗੀਆਂ, ਅਤੇ ਥੋੜਾ ਚਿਰ ਹੀ ਜੋਰ ਦੀ ਹਵਾ ਵਗਣ ਦੇ ਮਗਰੋਂ ਮੋਹਲੇ ਧਾਰ ਮੀਂਹ ਵਰਸਣ ਲੱਗਾ। ਬੱਦਲ ਦਾ ਗੱਜਣਾ, ਅਰ ਬਿਜਲੀ ਦੀ ਕੜਕ, ਡਾਢੀ ਡਰਾਉਣੀ ਸੀ। ਸਾਰੀਆਂ ਤ੍ਰੀਮਤਾਂ ਅੰਦਰਲੀ ਕੋਠੜੀ ਵਿੱਚ ਲੇਟ ਗਈਆਂ, ਅਰ ਮਨੁੱਖ ਬੀ ਸਗੋਂ ਉਨ੍ਹਾਂ ਦੇ ਨਾਲ਼ ਰਲ਼ ਗਏ, ਸਾਰੀ ਕੋਠੜੀ ਬਿਜਲੀ ਦੀ ਨੀਲੀ ਲਿਸਕ ਨਾਲ਼ ਚਮਕ ਰਹੀ ਸੀ, ਅਤੇ ਜਦ ਉਹੋ ਬਿਜਲੀ ਚਮਕੇ, ਤਾਂ ਬੱਦਲ ਫੇਰ ਬੜੀ ਗੜਕ ਦੇ ਨਾਲ਼ ਗਰਜੇ॥

ਜਦ ਇਹ ਸਭ ਠਹਿਰ ਗਿਆ, ਬਸੰਤ ਥੜ੍ਹੇ ਉੱਤੇ ਆਈ, ਅਤੇ ਪ੍ਰੇਮਚੰਦ ਬੀ ਮਗਰੋਂ ਆ ਗਿਆ। ਤਾਂ ਉਸ ਨੈ ਪੁੱਛਿਆ, ਹੇ ਪ੍ਰੇਮਚੰਦ ਇਹ ਅਨੇਰੀ ਅਤੇ ਕੜਕਣਾ ਕਿੱਕੁਰ ਹੋਇਆ ਹੋਊ?

ਉਸ ਨੈ ਆਖਿਆ ਭਲਾ ਅਸੀਂ ਲੋਕ ਇਹ ਨਹੀਂ ਮੰਨਦੇ ਜੋ ਦੇਵੀਆਂ ਅਰ ਦੇਵਤੇ ਅਕਾਸ ਵਿੱਚ ਖਿੱਦੋ ਖੇਡਦੇ ਹਨ, ਤਦ ਇਹ ਹੁੰਦਾ ਹੈ॥

Digitized by Panjab Digital Library | www.panjabdigilib.org

ਹਾਂ, ਇਹ ਤਾਂ ਅਸੀਂ ਆਖਦੇ ਹੀ ਹਾਂ, ਪਰ ਤੇਰੀ ਸਮਝ ਵਿੱਚ ਬੀ ਭਲਾ ਇਹੋ ਹੀ ਹੁੰਦਾ ਹੈ?

ਨਹੀਂ, ਮੈਂ ਤਾਂ ਇਸ ਦਾ ਠੀਕ ਕਾਰਨ ਜਾਣਦਾ ਹਾਂ॥

ਉਹ ਕੀ ਹੈ?

ਮੈਂ ਨਹੀਂ ਜਾਣਦਾ, ਜੋ ਤੇਰੀ ਸਮਝ ਵਿੱਚ ਉਹ ਆਵੇ, ਜਾਂ ਨਾ ਆਵੇ, ਪਰ ਮੈਂ ਆਖਦਾ ਹਾਂ। ਇੱਕ ਪਰਕਾਰ ਦੀ ਵਸਤੁ, ਅਰਥਾਤ ਦ੍ਰਵ ਹੁੰਦਾ ਹੈ, ਜੋ ਸਭ ਥਾਂ ਹੁੰਦਾ ਹੈ, ਅਰ ਉਸ ਨੂੰ ਬਿਜਲੀ ਸੰਬੰਧੀ ਦ੍ਰਵ ਕਹਿੰਦੇ ਹਨ। ਉਹ ਸਾਡੇ ਵਿੱਚ ਬੀ ਹੈ, ਬੱਦਲਾਂ ਵਿੱਚ ਬੀ ਹੈ, ਅਰ ਸਭ ਥਾਂ ਹੈ। ਜੇ ਇੱਕ ਥਾਂ ਵਿੱਚ ਵਧੀਕ ਹੋ ਜਾਵੇ, ਤਾਂ ਦੂਏ ਥਾਂ ਚਲਿਆ ਜਾਂਦਾ ਹੈ। ਇਸ ਡੋਲ ਨਾਲ ਬਿਜਲੀ ਦੀ ਚਮਕ ਦਿੱਸ ਪੈਂਦੀ ਹੈ। ਕਦੀ ਉਹ ਇੱਕ ਬੱਦਲ ਥੋਂ ਦੂਏ ਬੱਦਲ ਵਿੱਚ ਜਾਂਦਾ ਹੈ, ਅਤੇ ਕਦੀ ਬੱਦਲਾਂ ਵਿੱਚੋਂ ਧਰਤੀ ਉੱਤੇ ਲਹਿ ਆਉਂਦਾ ਹੈ। ਜਦ ਇਹ ਇੱਕ ਬੱਦਲ ਥੋਂ ਦੂਏ ਬੱਦਲ ਵਿੱਚ ਜਾਂਦਾ ਹੈ, ਅਥਵਾ ਧਰਤੀ ਵਿੱਚ ਉਤਰਦਾ ਹੈ, ਤਾਂ ਵਾਯੂਮੰਡਲ ਜਿਸ ਨੈ ਧਰਤੀ ਨੂੰ ਘੇਰਿਆ ਹੋਇਆ ਹੈ, ਇਸ ਨਾਲ ਪਾਟ ਜਾਂਦਾ ਹੈ, ਅਰ ਧੱਕਾ ਜੇਹਾ, ਜੋ ਹਵਾ ਦਾ ਲਗਦਾ ਹੈ, ਉਸ ਥੋਂ ਅਵਾਜ ਹੁੰਦੀ ਹੈ, ਜਿਸ ਨੂੰ ਅਸੀਂ ਗਰਜਣਾ ਆਖਦੇ ਹਾਂ, ਹੁਣ ਤੂੰ ਸਮਝ ਲਿਆ ਹੈ?

ਹਾਂ ਕੁਛ ਕੁਛ, ਹੇ ਪ੍ਰੇਮਚੰਦ ਤੂੰ ਕਿੰਨੀਆਂ ਹੀ ਗੱਲਾਂ ਜਾਣਦਾ ਹੈਂ, ਕਿ ਜੇਹੜੀਆਂ ਸਾ ਨੂੰ ਨਹੀਂ ਆਉਂਦੀਆਂ॥

ਠੀਕ ਹੈ, ਤੂੰ ਕਦੀ ਪਾਠਸ਼ਾਲਾ ਵਿੱਚ ਤਾਂ ਨਹੀਂ ਗਈ॥

ਪ੍ਰੇਮਚੰਦ ਤੂੰ ਡਰਿਆ ਬੀ ਸਾ?

ਮੈਂ ਕਿਉ ਡਰਦਾ, ਤੂੰਹੇਂ ਡਰ, ਹੇ ਮੂਰਖ॥

ਮੈਂ ਤਾਂ ਡਰੀ, ਤੈ ਨੂੰ ਚੇਤਾ ਨਹੀਂ, ਕੱਲ ਹੀ ਤੂੰ ਆਖਿਆ ਸੀ, ਜੋ ਕਲਕੱਤੇ ਵਿੱਚ ਇੱਕ ਦੇ ਘਰ ਬਿਜਲੀ ਪਈ, ਅਰ ਦੋ ਮਨੁੱਖ ..

Digitized by Panjab Digital Library | www.panjabdigilib.org

ਗਏ। ਮੇਰੇ ਜੀ ਵਿੱਚ ਇਹੋ ਆਉਂਦਾ ਸੀ, ਜੋ ਕੀ ਜਾਣੀਏ ਜੋ ਕਿਤੇ ਮੈਂ ਬੀ ਨਾ ਇਸੇ ਤਰਾਂ ਮਰ ਜਾਵਾਂ, ਤਾਂ ਮੈਂ ਇਤਨਾ ਡਰੀ॥

ਕਿੰਉ?

ਪ੍ਰੇਮਚੰਦ ਸੁਣ ਖਾਂ, ਮੈਂ ਸੱਚ ਕਹਿੰਦੀ ਹਾਂ, ਮੈ ਨੂੰ ਇਹ ਬੜਾ ਭਰਮ ਹੈ, ਜੋ ਸਾਡਾ ਧਰਮ ਸੱਚਾ ਨਹੀਂ। ਮੈਂ ਸੁਣਿਆ ਸਭ ਰਾਮ ਰਾਮ ਜਪਦੇ ਸਨ, ਮੈਂ ਜਾਤਾ, ਜੋ ਉਹ ਕੋਈ ਜੀਵ ਨਹੀਂ, ਅਰ ਜੇਕਰ ਅਜਿਹਾ ਹੋਵੇ, ਤਾਂ ਉਹ ਸਾ ਨੂੰ ਕਿਸ ਤਰਾਂ ਬਚਾ ਸੱਕੇ॥

ਤਾਂ ਭਲਾ ਤੈਂ ਖ੍ਰਿਸ੍ਟਾਨੀਆਂ ਦੇ ਪ੍ਰਭੂ ਜਿਸੂ ਮਸੀਹ ਨੂੰ ਜਪਿਆ?

ਨਹੀਂ ਨਹੀਂ ਹੇ ਪ੍ਰੇਮਚੰਦ, ਮੈਂ ਅਜਿਹਾ ਕਿੰਉ ਕਰਦੀ, ਮੈਂ ਉਸ ਉੱਤੇ ਨਹੀਂ ਪਤੀਜਦੀ, ਅਰ ਮੈਂ ਆਪਣੇ ਆਪ ਨੂੰ ਇੱਕ ਬੜੀ ਭਾਰੀ ਨਦੀ ਦੇ ਵਿੱਚ ਛੋਟੀ ਜੇਹੀ ਬੇੜੀ ਉੱਤੇ ਬੈਠੀ ਹੋਈ ਸਮਝਦੀ ਹਾਂ, ਅਰ ਡਾੱਢੀ ਅਨ੍ਹੇਰੀ ਵਿੱਚ ਇਕੱਲੀ। ਮੈਂ ਨਹੀਂ ਜਾਣਦੀ ਜੋ ਬਚਨ ਦੀ ਆਸ ਕਰਕੇ ਕਿਹਦੀ ਵੱਲ ਤੱਕਾਂ। ਹੇ ਪ੍ਰੇਮਚੰਦ ਮੈ ਨੂੰ ਇਹ ਜਾਪਦਾ ਹੈ, ਜੋ ਮੇਰੀ ਬੇੜੀ ਹਿਠਾਂਹ ਨੂੰ ਨਿੱਘਰਦੀ ਜਾਂਦੀ ਹੈ, ਅਰ ਮੈਂ ਡੁੱਬਣ ਲੱਗੀ ਹੋਈ ਹਾਂ॥

ਤੂੰ ਥੋਹੜੇਂ ਦਿਨਾਂ ਥੋਂ ਮੰਗਲਸਮਾਚਾਰ ਪੜ੍ਹਿਆ ਹੈ?

ਨਹੀਂ, ਮੈਂ ਤਾਂ ਉਸ ਨਾਲ੍ਹ ਛੁਹਿਣ ਥੋਂ ਬੀ ਡਰਦੀ ਹਾਂ, ਮੈ ਨੂੰ ਉਦਾਸੀ ਹੁੰਦੀ ਹੈ, ਜੋ ਮੈਂ ਇਹ ਤੁਹਾਡੇ ਹੱਥੋਂ ਮੰਗਵਾਇਆ। ਕਿੰਉ ਜੋ ਇਸ ਨੈ ਮੇਰੇ ਮਨ ਦਾ ਚੈਨ ਗਵਾ ਦਿੱਤਾ, ਤੂੰ ਦੱਸ, ਜੋ ਮੈ ਨੂੰ ਹੁਣ ਕੀ ਕਰਨਾ ਲੋੜੀਦਾ ਹੈ?

ਇਹ ਮੰਗਲਸਮਾਚਾਰ ਤੂੰ ਮੈ ਨੂੰ ਦੇ ਦੇਵੇਂਗੀ?

ਨਹੀਂ, ਮੇਰਾ ਦੇਣ ਉੱਤੇ ਤਾਂ ਨਹੀਂ ਜੀ ਕਰਦਾ, ਪਰ ਮੈਂ ਚਾਹੁੰਦੀ ਹਾਂ, ਜੋ ਇੱਕ ਵਾਰੀ ਇਹ ਸਾਰਾ ਪੜ੍ਹ ਲਵਾਂ॥

ਚੰਗਾ, ਜੋ ਜੀ ਚਾਹੇ ਸੋ ਕਰ॥

Digitized by Panjab Digital Library | www.panjabdigilib.org

ਇਸ ਉੱਤੇ ਗੱਲ ਬਾਤ ਪੂਰੀ ਹੋਈ, ਪ੍ਰੇਮਚੰਦ ਅਰ ਬਸੰਤ ਆਪੋ ਆਪਣੇ ਪਾਸੇ ਗਏ। ਇਸ ਤੇ ਉਪਰੰਦ ਸੋਹਣੀਆਂ ਸੋਹਣੀਆਂ ਘਟਾਂ ਅਰ ਝੜੀ ਸਣੇ ਨੀਲੇ ਚਮਕੀਲੇ ਅਕਾਸ, ਅਤੇ ਮਿੱਠੀ ਮਿੱਠੀ ਸੁਗੰਧੀਆਂ ਸਣੇ ਵਰਖਾ ਰੁੱਤ ਆਈ। ਘਰ ਦੇ ਪਾਸਲੇ ਤਲਾਉ ਦੇ ਕੋਲ ਇੱਕ ਬਕੁਲ ਦਾ ਬ੍ਰਿਛ ਸੀ, ਅਤੇ ਰੋਜ ਰਾਤ ਨੂੰ ਇਹੋ ਹੀ ਇਕੱਲਾ ਹਵਾ ਨੂੰ ਸੁਗੰਧੀ ਨਾਲ ਭਰ ਦਿੰਦਾ ਸੀ। ਛੋਟੀ ਕਾਮਿਨੀ ਦੇ ਪਰਸਿੰਨ ਹੋਣ ਦੀ ਇੱਕ ਗੱਲ ਇਹ ਸੀ, ਜੋ ਉਹ ਤੜਕੇ ਹੀ ਉੱਠ-ਕੇ ਰਾਤ ਦੇ ਡਿੱਗੇ ਢੱਠੇ ਹੋਏ ਫੁੱਲਾਂ ਨੂੰ ਚੁਗਕੇ ਇਕੱਠਾ ਕਰ ਰੱਖਦੀ, ਅਰ ਉਨ੍ਹਾਂ ਦੀ ਮਾਲਾ ਪਰੋਕੇ ਪਹਿਨਦੀ। ਇਸ ਰੁੱਤ ਵਿੱਚ ਹੀ ਸਰੋਵਰ ਦੇ ਚੁਫੇਰੇ ਮਰਤਬਾਨ ਦੇ ਬੂਟੇ ਫੁੱਲਾਂ ਨਾਲ ਭਰੇ ਹੋਏ ਕੇਹੀ ਸੋਭਾ ਦੇ ਰਹੇ ਸੇ ॥

ਜਦ ਦੱਖਣ ਦੀ ਬੜੀ ਹਵਾ ਘਟੀ, ਤਾਂ ਬਸੰਤ ਫਿਰ ਰਾਤੋ ਰਾਤ ਪੜ੍ਹੇ, ਅਤੇ ਆਪਣੇ ਮੰਗਲਸਮਾਚਾਰ ਉੱਤੇ ਬੜਾ ਤਨ ਮਨ ਲਾਵੇ। ਰੋਜ ਰਾਤ ਨੂੰ ਉਹ ਰਸੂਲਾਂ ਦੇ ਕਰਤਬ ਦੀ ਕਥਾ ਬੜੇ ਅਚਰਜ ਨਾਲ ਪੜ੍ਹੇ। ਉਹ ਵਿਚਾਰੇ ਭਈ ਏਹ ਰਸੂਲ ਅਜਿਹੇ ਹੀ ਹੋਣ-ਗੇ, ਜੇਹੇ ਹੁਣ ਹਿੰਦੁਸਤਾਨ ਵਿੱਚ ਪਾਦਰੀ ਹਨ। ਓਹ ਥਾਂ ਥਾਂ ਪਰਮੇਸੁਰ ਅਰ ਜਿਸੂ ਦੇ ਵਿਖੇ ਵਖਯਾਨ ਕਰਦੇ ਹੋਣਗੇ। ਕਦੀ ਕਦੀ ਇਹ ਬੀ ਚਾਹੁੰਦੀ ਸੀ, ਕਿ ਜੇ ਮੈਂ ਵੱਡੇ ਘਰ ਦੀ ਤੀਮੀਂ ਨਾ ਹੁੰਦੀ ਤਾਂ ਚੰਗਾ ਹੁੰਦਾ। ਜੇ ਮੈਂ ਵੈਂਜਨੀ ਕੱਪੜੇ ਵੇਚਣਵਾਲੀ ਕਮੀਨੀ ਜੇਹੀ ਤੀਮੀਂ ਵਰਗੀ ਹੁੰਦੀ, ਤਾਂ ਮੈਂ ਕਲਕੱਤੇ ਜਾਕੇ ਕਦੀ ਕਦੀ ਉਨ੍ਹਾਂ ਦਾ ਵਖਯਾਨ ਸੁਣਦੀ। ਪਰ ਹਾਇ, ਮੈਂ ਕਿੱਕੁਰ ਵੇਖ ਸਕਾਂ, ਮੈਂ ਤਾਂ ਬੰਧੂਆ ਹਾਂ ॥

ਜਦ ਦੇ ਉਹ ਕਲਕੱਤਿਓਂ ਮੁੜੇ ਸਨ, ਪ੍ਰਿਯਨਾਥ ਆਪਣੇ ਭਰਾਉ ਦੇ ਨਾਲ ਨਾਲ ਪਾਦਰੀਆਂ ਦੀ ਪਾਠਸਾਲਾ ਵਿੱਚ ਜਾਂਦਾ ਹੁੰਦਾ



Digitized by Panjab Digital Library | www.panjabdigilib.org

ਸੀ। ਹਰ ਸੋਮਵਾਰ ਨੂੰ ਜਾਵੇ, ਅਰ ਛਨਿੱਛਰ ਨੂੰ ਮੁੜ ਆਵੇ, ਅਰ ਉਸ ਨੈ ਸਿੱਖਣ ਵਿੱਚ ਕੁਛ ਵਾਧਾ ਕੀਤਾ, ਭਾਵੇਂ ਉਹ ਅਜਿਹਾ ਛੱਛੋਹਰਾ ਖਿਡਾਰ ਸੀ, ਜੋ ਉਹ ਪ੍ਰੇਮਚੰਦ ਵਾਙੂੰ ਢੀਠ ਹੋਕੇ ਪੜ੍ਹਨ ਵਿੱਚ ਜੀ ਨਹੀਂ ਲਾ ਸਕਦਾ ਸੀ। ਉਹ ਬੜਾ ਚੰਚਲ ਮੁੰਡਾ ਸੀ, ਅਰ ਸਾਰੇ ਘਰ ਨੂੰ ਸੌਂਣ ਨਾ ਦੇਵੇ, ਨਵੇਂ ਨਵੇਂ ਗੀਤ ਸਿੱਖੇ ਅਰ ਆਪਣੀ ਮਾਂ, ਅਰ ਚਾਚੀਆਂ ਨੂੰ, ਪਰਸਿੰਨ ਕਰਨ ਦੇ ਲਈ, ਬੜੀ ਉੱਚੀ ਸੁਰ ਨਾਲ ਗਾਵੇਂਆਂ ਕਰੇ। ਇੱਕ ਛਨਿੱਛਰਵਾਰ ਦੀਆਂ ਤਿਕਾਲਾਂ ਨੂੰ, ਓਹ ਸਾਰੇ ਚਿੱਟੀ ਚਾਨਣੀ ਵਿੱਚ ਬੈਠੇ ਸਨ। ਜਦ ਸਭ ਅੱਠਾਂ ਦਿਨਾਂ ਦੀਆਂ ਗੱਲਾਂ ਬਾਤਾਂ ਹੋ ਚੁੱਕੀਆਂ, ਤਾਂ ਕੁਮਾਰੀ ਆਖਣ ਲੱਗੀ॥

ਹੇ ਪ੍ਰਿਜਨਾਥ ਐਤਕੀ ਤੂੰ ਕੇਹੜਾ ਨਵਾਂ ਗੀਤ ਸਿੱਖਿਆ ਹੈ?

ਐਤਕੀ ਮੈਂ ਇੱਕ ਖ੍ਰਿਸਟਾਨ ਗੀਤ ਸਿੱਖਿਆ ਹੈ, ਮੈਂ ਦੋਹੁੰ ਮੁੰਡਿਆਂ ਨੂੰ ਇਹ ਗਾਉਂਦਿਆਂ ਸੁਣਿਆਂ, ਤਾਂ ਮੈਂ ਇਹ ਦੇ ਸਿੱਖਣ ਲਈ ਉਨਾਂ ਨੂੰ ਦੋ ਗੋਲੀਆਂ ਦਿੱਤੀਆਂ॥

ਭਲਾ ਸਾ ਨੂੰ ਤਾਂ ਸੁਣਾ॥

ਉਹ ਮੁੰਡਾ ਉਨਾਂ ਪਵਿਤ੍ਰ ਸਬਦਾਂ ਉੱਤੇ, ਜਿਨਾਂ ਨੂੰ ਉਹ ਗਾਉਂਦਾ ਸੀ, ਕੁਛ ਧਿਆਨ ਨਾ ਦੇਕੇ ਇਸ ਤਰਾਂ ਗਾਉਣ ਲੱਗਾ॥

ਗੀਤ।

ਪ੍ਰਭੁ ਈਸਾ ਮਸੀਹ, ਤੂੰ ਹੀ ਹੈ ਮੇਰਾ ਧਨ।
ਵਿਸ੍ਵਾਸ ਲਾ ਉਸ ਮੈਂ, ਤੂੰ ਹੇ ਮੇਰੇ ਮਨ॥
ਮੇਰੇ ਪ੍ਰਭੁ, ਤੂੰ ਸੁਰਗ ਸੇ ਜਗਤ ਮੈਂ ਆਇਆ।
ਪ੍ਰਾਣ। ਤੇਰੇ ਲੀਏ ਵਹ ਜਗ ਮੈਂ ਭਾਇਆ॥
ਨਰ ਕਾ ਜਨਮ ਲੀਆ, ਔਰ ਤੇਰੀ ਕਾਇਆ॥

Digitized by Panjab Digital Library | www.panjabdigilib.org

ਕੈਸੇ ਦੁਖ ਸਹੇ, ਗਤਸਮਨੀ ਮੇਂ ।
ਸੁਮਿਰੀ ਆਤਮਾ, ਤੇਰੇ ਪਾਪ ਉਠਾਨੇ ਮੇਂ ।
ਕ੍ਰੂਸ ਪਰ ਅਕੱਥ ਦੁੱਖ ਸਹਿਨੇ ਮੇਂ ॥
ਹੇ ਪ੍ਰਭੁ ਤੂੰ ਹੀ ਹੈਂ, ਆਸਾ ਕਾ ਧਨ ।
ਉਸੇ ਢੂੰਢਨ ਪ੍ਰਾਣ। ਤੇਰਾ ਤੂੰ ਬਨ ।
ਤਮ ਮੈਂ ਫਿਰੇਂ ਕਿਉਂ, ਜੀ ਕੀ ਜੋਤ ਟੋਹਨ ॥
ਸਰਬਸ ਜਾਨੇ ਪ੍ਰਭੁ ਕੋ, ਤਜਨੇਹਾਰਾ ।
ਸ੍ਰਣ ਲੇ ਅਰ ਪਾਰ ਤਨ ਅਪਾਰਾ ।
ਗਹਿ ਲੇ ਮੂੜ, ਖਰਚ ਨਾ ਹੋਵੇ ਧਨ ਸਾਰਾ ॥
ਪਾਪੀ ਜਨ, ਪ੍ਰਭੁ ਕਾ ਸ੍ਰਣ ਸਮਾਰ ।
ਵਹੀ ਉਤਾਰੇ, ਭਵ ਸਾਗਰ ਤੇ ਪਾਰ ।
ਮੁਕਟ ਸੀਸ ਤੇ, ਪ੍ਰਭੁ ਦਰਸ ਨਿਹਾਰ ॥
ਪ੍ਰਭੁ ਈਸਾ ਮਸੀਹ, ਤੂੰ ਹੀ ਹੈਂ ਸੱਚਾ ਧਨ ।
ਵਿਸ੍ਵਾਸ ਲਾ ਉਸ ਮੈਂ, ਤੂੰ ਹੇ ਮੇਰੇ ਮਨ ॥

ਜਿਸ ਵੇਲੇ ਉਹ ਇਸ ਗੀਤ ਨੂੰ ਗਾਉਂਦਾ ਸੀ, ਤਾਂ ਭਾਵੇਂ ਅਧੂਰੀਆਂ ਤੁਕਾਂ ਹੀ ਪੜ੍ਹਦਾ ਸੀ, ਤਾਂ ਬੀ ਬਸੰਤ ਤਨ ਮਨ ਲਾਕੇ ਸੁਣਦੀ ਰਹੀ। ਅਰ ਛੇਕੜਲੀਆਂ ਤੁਕਾਂ, ਜੋ ਉਸ ਨੈ ਦੁਬਾਰਾ ਪੜ੍ਹੀਆਂ, ਉਸ ਦਾ ਮਨ ਭਿੱਜ ਗਿਆ, ਉਸ ਨੈ ਵਿਚਾਰਿਆ ਜੋ ਜਿਸ੍ਰੂ ਹੀ ਸੱਚਾ ਧਨ ਹੈ, ਅਰ ਜੇ ਮੈਂ ਉਸ ਨੂੰ ਪਾਵਾਂ, ਤਾਂ ਬੜਾ ਹੀ ਅਨੰਦ ਪਾਵਾਂ, ਕਿਸੇ ਨਾ ਕਿਸੇ ਤਰਾਂ ਇਨਾਂ ਖ੍ਰਿਸ੍ਟਾਨੀਆਂ ਦੇ ਕੋਲ ਬੜੇ ਮਿੱਠੇ, ਅਰ ਪਵਿਤ੍ਰ ਸ੍ਰਬਦ ਹੁੰਦੇ ਹਨ। ਇਹ ਗੀਤ ਉਨਾਂ ਗੀਤਾਂ ਨਾਲੋਂ, ਜੋ ਪ੍ਰਿਜਨਾਥ ਗਾਉਂਦਾ ਹੁੰਦਾ ਹੈ, ਵੱਖਰਾ ਹੀ ਹੈ, ਅਰ ਮੇਰਾ ਜੀ ਕਰਦਾ ਹੈ, ਜੋ ਮੈਂ ਇਹ ਸਿੱਖਾਂ। ਅਗਲੇ ਤੜਕ ਉਸ ਨੈ ਪ੍ਰਿਜਨਾਥ ਨੂੰ ਕੁਛ ਦੇਕੇ ਇੱਕ ਦੋ ਤੁਕਾਂ ਉਸ ਥੋਂ ਸਿੱਖੀਆਂ।

Digitized by Panjab Digital Library | www.panjabdigilib.org

ਫੇਰ ਉਸ ਨੇ ਕੁਛ ਦੇਕੇ ਥੋੜ੍ਹੇ ਚਿਰ ਵਿੱਚ ਸਾਰਾ ਸਿੱਖ ਲਿਆ, ਅਤੇ ਤਦ ਉਹ ਰਾਤ ਨੂੰ ਚੌਂਕ ਵਿਚ ਸਾਰਿਆਂ ਥੋਂ ਵੱਖਰੀ ਬੈਠਕੇ, ਉਨ੍ਹਾਂ ਤੁਕਾਂ ਨੂੰ, ਜਿਨ੍ਹਾਂ ਵਿੱਚ ਉਸ ਦਾ ਮਨ ਮਗਨ ਹੋਇਆ ੨ ਸੀ, ਆਪਲੇ ਆਪ ਸਹਿਜ ੨ ਗਾਵੇਂ। ਸੁਰਗ ਵਿੱਚ ਮੁਕਟ ਸਿਰ ਉੱਤੇ ਧਰਨਾ, ਇਸ ਗੱਲ ਦੀ ਉਸ ਨੂੰ ਬੜੀ ਸਿਕ ਸੀ। ਇਸ ਦੇ ਲਈਓਂ ਬੜੀ ਭਟਕਣਾ, ਅਰ ਲੋੜ ਉਹ ਦੇ ਜੀ ਵਿਚ ਉਪਜੀ॥

ਦਿਨੋਂ ਦਿਨ ਉਹ ਜੋਤ ਉਸ ਦੇ ਜੀ ਵਿਚ ਹੋਰ ਹੋਰ ਝਲਕਦੀ ਗਈ। ਅਰ ਉਹ ਘੁੱਪ ਅਨ੍ਹੇਰਾ, ਜਿਸ ਵਿੱਚ ਉਸ ਦਾ ਮਨ ਘੇਰਿਆ ਹੋਇਆ ਸੀ, ਹੁਣ ਖਿੰਡਣ ਲੱਗਾ ਹੁਣ ਤੋੜੀ ਉਹ ਮਨੁੱਖਾਂ ਨੂੰ ਤੁਰਦੇ ਬ੍ਰਿਛਾਂ ਜੇਹਾ ਵੇਖਦਾ ਸੀ। ਪਰ ਹੁਣ ਜੇਹਾ ਦਿਨ ਦੀ ਜੋਤ ਨੂੰ, ਆਪਣੀ ਸੁੰਦਰਜਤਾ ਸਾਰੀ ਧਰਤੀ ਵਿੱਚ ਪਸਾਰਨ ਥੋਂ ਕੋਈ ਨਹੀਂ ਰੋਕਦਾ, ਤੇਹਾ ਹੀ ਧੰਨ ਪਰਮੇਸੁਰ ਹੈ, ਜੋ ਮੰਗਲਸਮਾ-ਚਾਰ ਦੀ ਜੋਤ ਨੂੰ ਬੀ, ਕਿ ਜਦ ਉਹ ਇੱਕਵਾਰ ਮਨੁੱਖ ਦੇ ਮਨ ਨੂੰ ਚਾਨਣ ਕਰਨ ਲਗਦਾ ਹੈ, ਤਾਂ ਕੋਈ ਨਹੀਂ ਰੋਕਦਾ॥

# ੧੧ ਕਾਂਡ॥

## ਮੰਗਲ ਨੇੜੇ ਖਿੱਚਣ ਦੀ ਕਥਾ॥

ਸਿਤੰਬਰ ਮਹੀਨੇ ਦੇ ਬੀਤਿਆਂ ਬਸੰਤ ਨੂੰ ਡਾਢੀ ਮੰਨੇ ਆਈ। ਕਈ ਸਾਤਿਆਂ ਤੋੜੀ ਤਾਂ ਉਸ ਅਜਿਹੀ ਆਤੁਰ ਹੋ ਗਈ, ਜੋ ਉਸ ਦੇ ਜੀਉਣ ਦੀ ਆਸ਼ ਔਖੀ ਸੀ। ਕੁਮਾਰੀ ਅਰ ਪ੍ਰਸੰਨੁ ਉਸ ਦੀ ਸਭ ਗੱਲ ਦੀ ਸੁਧ ਲੈਣ, ਪਰ ਤਾਂ ਬੀ ਜਿਸ ਵੇਲੇ ਆਂਢ ਗੁਆਂਢ ਦੀਆਂ ਤੀਮਤਾਂ ਉਹ ਦਾ ਸੁਖ ਪੁੱਛਣ ਲਈ ਆਉਣ, ਅਰ ਆਖਣ ਭਲਾ ਹੋਇਆ, ਜੋ ਇਹ ਵਿਚਾਰੀ ਮਰਕੇ ਜੰਜਾਲ ਥੋਂ ਛੁੱਟ ਜਾਵੇਗੀ, ਕਿਉਂ ਜੋ ਵਿਧਵਾ ਤੀਮੀਆਂ ਦਾ ਜੀਉਣਾ

Digitized by Panjab Digital Library | www.panjabdigilib.org

ਕਿਸ ਅਰਥ ਹੈ, ਤਾਂ ਕੁਮਾਰੀ ਅਰ ਪ੍ਰਸੰਨੂ ਬੀ ਉਸ ਰੋਗਣ ਦਾ ਕਸ਼ਟ ਵਿਚਾਰਕੇ ਇਹੋ ਹੀ ਸਮਝਣ ਲੱਗਣ। ਬਸੰਤ ਇਨਾਂ ਗੱਲਾਂ ਨੂੰ ਪਈ ਪਈ ਸੁਣਦੀ ਰਹੇ, ਅਰ ਅਚਰਜ ਹੋਵੇ, ਭਈ ਕੀ ਜਾਣੀਏ ਮੇਰੇ ਲਈ ਮਰਨਾ ਹੀ ਚੰਗਾ ਹੋਵੇ॥

ਇਸ ਥੋਂ ਕੁਛ ਚਿਰ ਪਹਿਲੇ ਤਾਂ ਉਹ ਮਰਨਾ ਹੀ ਚਾਹੁੰਦੀ ਸੀ, ਪਰ ਹੁਣ ਉਹ ਇਹ ਲੋੜੇ, ਕਿ ਜਦ ਲਗ ਮੇਰੇ ਮਨ ਵਿੱਚ ਖ੍ਰਿਸਟਾਨ, ਅਰ ਹਿੰਦੂ ਧਰਮ ਦੀ ਸਚਿਆਈ ਦਾ ਨਿਰਣਾ ਨਾ ਹੋ ਲਵੇ, ਤਦ ਤੋੜੀ ਮੈਂ ਜੀਉਂਦੀ ਰਹਿੰਦੀ, ਤਾਂ ਚੰਗੀ ਗੱਲ ਸੀ, ਕੀ ਜਾਣੀਏ, ਜੋ ਇੱਸੇ ਜੀਉਣ ਦੀ ਇੱਛਿਆ ਨੈ ਹੀ ਉਹ ਨੂੰ ਆਪਣੀ ਦੇਹ ਦੀ ਸੰਭਾਲ ਕਰਨ ਦਾ ਬਲ ਦਿੱਤਾ। ਗੱਲ ਕਾਹਦੀ ਮਰਨ ਅਰ ਜੀਉਣ ਵਿੱਚੋਂ ਉਸ ਦਾ ਜੀਉਣ ਪਰਬਲ ਹੋਇਆ। ਪਰ ਬਹੁਤ ਦਿਨਾਂ ਤੋੜੀ ਉਹ ਦੇ ਵਿੱਚ ਰਤੀ ਸਮਰੱਥਾ ਨਹੀਂ ਹੈਗੀ ਸੀ। ਕਈ ਵੇਰੀ ਉਹ ਆਪਣੀ ਪੋਥੀ ਕੱਢੇ, ਪਰ ਉਸ ਦੀਆਂ ਤੁਕਾਂ ਵੇਖਣ ਖੂਲੋਂ, ਉਹ ਹੋਰ ਕੁਛ ਨਾ ਕਰ ਸਕੇ। ਛੋਟੀ ਕਾਮਿਨੀ ਬਹੁਤਵਾਰ ਆਪਣੀਆਂ ਨਿੱਕੀਆਂ ਪੋਥੀਆਂ ਵਿੱਚੋਂ ਸਹਿਜੇ ੨ ਕਥਾ ਪੜ੍ਹੇ, ਅਤੇ ਆਪ ਹੀ ਆਪਣੇ ਪੜ੍ਹਨ ਉੱਤੇ ਫੁੱਲ ਫੁੱਲਕੇ ਹੱਸ ਪਵੇ, ਪਰ ਬਸੰਤ ਬੀ ਉਸ ਕੁੜੀ ਦੀ ਵੱਲ ਵੇਖਕੇ ਮੁਸਕੜਾਵੇ, ਤਦ ਬੀ ਉਨਾਂ ਕਥਾ ਕਹਾਣੀਆਂ ਵਿੱਚ ਉਸ ਦਾ ਮਨ ਰੱਤੀ ਨਾ ਪਰਚੇ। ਪ੍ਰਸੰਨੂ ਨੈ ਇੱਕ ਵੇਰੀ ਸਕੁੰਤਲਾ ਪੜ੍ਹਨ ਨੂੰ ਜਤਾਇਆ, ਪਰ ਉਸ ਨੈ ਇਸ ਗੱਲ ਵੱਲ ਕੁਛ ਧਿਆਨ ਨਾ ਕੀਤਾ। ਉਹ ਤਾਂ ਮਸੀਹ ਦੀ ਬਾਬਤ ਸੁਣਿਆ ਚਾਹੁੰਦੀ ਸੀ। ਪਰ ਪ੍ਰਸੰਨੂ ਨੂੰ ਮੰਗਲਸਮਾ- ਚਾਰ ਪੜ੍ਹਨ ਦਾ ਉਹ ਨਾ ਆਖ ਸੱਕੀ, ਆਪਣੇ ਆਪ ਉਹ ਪੜ੍ਹ ਨਹੀਂ ਸਕਦੀ ਸੀ, ਕਿੰਉ ਜੋ ਮਹੀਨ ਛਾਪੇ ਉੱਤੇ ਉਹ ਦੀ ਨੀਝ ਨਹੀਂ ਠਹਿਰ ਸਕਦੀ ਸੀ, ਅਰ ਮਾੜ੍ਹੀ ਹੋ ਜਾਂਦੀ ਸੀ। ਇਸ ਤਰਾਂ ਉਹ

Digitized by Panjab Digital Library | www.panjabdigilib.org

ਦਿਨ ਦਿਨ ਤਾਂ ਚੁੱਪ ਚਾਪ ਲੇਟ ਰਹੇ। ਕਦੀ ਗਿਲਤੀਆਂ ਗਿਲੇ, ਕਦੀ ਅਚਰਜ ਹੋਵੇ, ਅਰ ਛੋਟਾ ਹਰੇਸ਼ ਕਦੀ ਉਹ ਨੂੰ ਭੁੱਲਦਾ ਹੀ ਨਹੀਂ ਸੀ, ਉਹ ਸਦਾ ਉਸ ਦੇ ਮਨ ਵਿੱਚ ਵਸਦੀ ਸੀ। ਉਸ ਦੀਆਂ ਅਲੇਖੀਆਂ ਖੇਡਾਂ, ਤੋਤਲੀਆਂ ਤੋਤਲੀਆਂ ਗੱਲਾਂ ਮੁੜ ਮੁੜ ਉਹ ਨੂੰ ਚੇਤੇ ਆਉਣ, ਅਰ ਉਹ ਆਖੇ, ਜੋ ਆਪਣੇ ਪੁਤ੍ਰ ਨੂੰ ਫੇਰ ਦੇਖਣ ਦੀ ਆਸ ਉੱਤੇ ਮੈਂ ਆਪਣਾ ਸਰਬੰਸ ਤੇਕੂਰ ਦੇ ਦੇਵਾਂ, ਪਰ ਕੀ ਕਰਾਂ, ਜੇ ਕਦੀ ਮੈਂ ਖ੍ਰਿਸਟਾਨ ਹੁੰਦੀ, ਤਾਂ ਮੈਂ ਨੂੰ ਅਜਿਹੀ ਆਸ ਹੁੰਦੀ, ਅਰ ਇਸ ਹਾਲ ਵਿੱਚ ਤਾਂ ਮੇਰੇ ਕੋਲ਼ ਸਭ ਸੁੰਨ ਸਾਨ, ਅਰ ਅਨੇਰਾ ਹੀ ਹੈ। ਫੇਰ ਆਖੇ ਭਈ ਮੈਂ ਚਾਹੁੰਦੀ ਹਾਂ, ਜੋ ਧਰਮ ਪੁਸਤਕ ਵਿੱਚ ਜਿੱਥੇ ਜਿੱਥੇ ਸੁਰਗ ਦੀ ਬਾਬਤ ਲਿਖਿਆ ਹੈ, ਉੱਥੇ ਉੱਥੇ ਢੂੰਡਾਂ, ਹੁਣ ਪ੍ਰੇਮਚੰਦ ਆਵੇ, ਤਾਂ ਸੱਚ ਮੁੱਚ ਉਹ ਨੂੰ ਪੁੱਛਾਂਗੀ। ਪ੍ਰੇਮਚੰਦ ਕਈ ਸਾਤਿਆਂ ਤੋੜੀ ਘਰ ਨਹੀਂ ਆਇਆ ਸੀ, ਕਿੰਉ ਜੋ ਪ੍ਰੀਖਯਾ ਨੇੜੇ ਸੀ, ਇਸ ਲਈ ਮਿਹਨਤ ਬਹੁਤ ਪੈਂਦੀ ਸੀ, ਅਰ ਐਤਵਾਰ ਨਿਕੰਮਾ ਨਹੀਂ ਗੁਵਾ ਸਕਦਾ ਸੀ॥

ਇੱਕ ਛਨਿੱਛਰਵਾਰ ਦੀਆਂ ਤ੍ਰਿਕਾਲ੍ਹਾਂ ਨੂੰ ਜਦ ਬਸੰਤ ਨਿਰੋਈ ਹੋ ਗਈ ਸੀ, ਤਾਂ ਪ੍ਰੇਮਚੰਦ ਆਪਣੇ ਪਿਉ ਭਰਾਉ ਅਰ ਚਾਚੇ ਦੇ ਨਾਲ਼ ਆਇਆ। ਤਦ ਉਹ ਦੀ ਮਾਂ ਨੇ ਉਸ ਦਾ ਵਾਲ਼ ਵਾਲ਼ ਟੋਹਿਆ, ਅਰ ਸਮਝਿਆ, ਜੋ ਉੱਥੇ ਬਹੁਤ ਪੜ੍ਹਨ ਨਾਲ਼ ਲਿੱਸਾ ਹੋ ਗਿਆ ਹੈ, ਨਾਲ਼ੇ ਇਸ ਦਾ ਰੰਗ ਬੀ ਫਿੱਕਾ ਪੈ ਗਿਆ ਹੈ, ਤਾਂ ਉਹ ਨੂੰ ਗਲ਼ ਨਾਲ਼ ਲਾਕੇ, ਲਾਡ ਅਰ ਪਿਆਰ ਨਾਲ਼ ਆਪਣਾ ਜੀ ਭਰ ਲਿਆ। ਤਾਂ ਪ੍ਰੇਮਚੰਦ ਬਸੰਤ ਦੀ ਸੁਖ ਪੁੱਛਣ ਲੱਗਾ। ਉਹ ਦੀ ਮਾਂ ਨੇ ਆਖਿਆ ਹੁਣ ਉਹ ਅੱਗੇ ਨਾਲੋਂ ਅੱਛੀ ਹੈ, ਪਰ ਲਿੱਸੀ ਮਾੜੀ ਤਾਂ ਬਹੁਤ ਹੋ ਗਈ ਹੈ, ਅਰ ਮੇਰੇ ਜਾਣਨ ਵਿੱਚ ਉਹ ਸੁਫੇ ਵਿੱਚ ਲੇਟੀ ਹੋਈ ਹੋਊ। ਹੇ ਮੇਰੇ ਪਿਆਰੇ ਤੂੰ ਉਹ ਨੂੰ ਉੱਥੇ ਹੀ

Digitized by Panjab Digital Library | www.panjabdigilib.org

ਜਾਕੇ ਮਿਲ, ਅਤੇ ਮੈਂ ਓਨੇਂ ਚਿਰ ਵਿੱਚ ਤੇਰੇ ਲਈ ਕੁਛ ਮਠਿਆ-ਈ ਪਕਾਵਾਂ, ਤਦ ਪ੍ਰਸੰਨੂ ਦੀ ਵੱਲ ਵੇਖਕੇ ਆਖਣ ਲੱਗੀ, ਨਿੱਕੀ ਵਹੁਟੀ ਉਰੇ ਆ, ਕੁਛ ਮੱਠੀ ਮਠਿਆਈ ਪਕਾਇਯੇ, ਇਹ ਹਿਰਨੀ ਤਾਂ ਵਿਗਾੜ ਦੇਵੇਗੀ॥

ਪ੍ਰੇਮਚੰਦ ਪੌੜੀਆਂ ਉੱਤੇ ਚੜ੍ਹਿਆ, ਅਰ ਬਸੰਤ ਦਾ ਹੋਰ ਹੀ ਰੰਗ ਰੂਪ ਵੇਖਕੇ, ਮਾਰੇ ਅਚਰਜ ਦੇ ਉਸ ਦਾ ਜੀ ਧੜਕਣ ਲੱਗਾ। ਕੋਲ਼ ਬੈਠਕੇ ਸਹਿਜੇ ੨ ਪੁੱਛਿਆ, ਜੋ ਹੁਣ ਕੀ ਸੂਰਤ ਹੈ? ਬਸੰਤ ਨੈ ਸੁੱਖ ਦੱਸੀ, ਅਰ ਬੋਲੀ॥

ਹੇ ਪ੍ਰੇਮਚੰਦ ਮੈਂ ਤਾਂ ਤੈ ਨੂੰ ਵੇਖਕੇ ਨਿਹਾਲ ਹੋ ਗਈ ਹਾਂ, ਕਿੰਉ ਜੋ ਤੇਰਾ ਹਿਤ ਮੇਰੇ ਨਾਲ਼ ਅਜਿਹਾ ਹੀ ਹੈ। ਤੁਹਾਡਾ ਪੜ੍ਹਨਾ ਕੇਹਾਕੁ ਹੋਇਆ, ਭਲਾ ਪ੍ਰੀਖ੍ਯਾ ਦੇ ਜਿੱਤਣ ਦੀ ਕੁਛ ਆਸ ਰਖਦੇ ਹੋ?

ਮੈ ਨੂੰ ਕੁਛ ਆਸ ਤਾਂ ਹੈ, ਕਿੰਉ ਜੋ ਮੈਂ ਬੜੀ ਸਿਰ-ਖਪਾਈ, ਅਰ ਬਹੁਤ ਮਿਹਨਤ ਕਰਦਾ ਹਾਂ। ਤੂੰ ਤਾਂ ਥੋਹੜੇ ਚਿਰ ਦਾ ਹੁਣ ਕੁਛ ਨਹੀਂ ਪੜ੍ਹਿਆ ਹੋਣਾ?

ਨਹੀਂ, ਮੈਂ ਤਾਂ ਡਾਢੀ ਮਾੜੀ ਹੋ ਗਈ ਹਾਂ, ਮੇਰੇ ਵਿੱਚ ਆਸੰਙ ਨਹੀਂ ਰਹੀ, ਅਰ ਚੰਗੀ ਤਰਾਂ ਵੇਖ ਨਹੀਂ ਸਕਦੀ। ਹੇ ਪ੍ਰੇਮਚੰਦ ਤੂੰ ਦੱਸ, ਜੋ ਸੁਰਗ ਦੀ ਬਾਬਤ ਕਿੱਥੇ ਲਿਖਿਆ ਹੈ? ਜਦ ਮੈਂ ਅਜਿਹੀ ਰੋਗ ਨਾਲ਼ ਆਤੁਰ ਸਾਂ, ਕਿ ਜਾਣਦੀ ਸਾਂ, ਭਈ ਮੈਂ ਹੁਣ ਬਚਦੀ ਨਹੀਂ, ਅਰ ਅਵੱਸ ਮਰ ਜਾਵਾਂਗੀ, ਤਦ ਮੈ ਨੂੰ ਸੁਰਗ ਦੀ ਬਾਬਤ ਕੁਛ ਜਾਣਨ ਦੀ ਇੱਛਿਆ ਹੋਈ ਸੀ, ਮੈਂ ਤਾਂ ਬੜੀ ਦੁਖੀ ਰਹੀ ਹਾਂ॥

ਮੈ ਨੂੰ ਮੰਗਲਸਮਾਚਾਰ ਵਿਹ ਖਾਂ॥

ਇੱਥੇ ਮੇਰੀ ਸਿਰਾਂਦੀ ਹੀ ਪਿਆ ਹੈ। ਜਦ ਮੈਂ ਤੇਰੀ ਬੋਲੀ ਪੌੜੀਆਂ ਦੇ ਹੇਠਾਂ ਸੁਣੀ ਸੀ, ਤਾਂ ਜਿੰਉ ਤਿੰਉ ਇੱਥੋਂ ਉੱਠਕੇ ਜਿੱਥੇ ਉਹ ਪੋਥੀ ਲੁੱਕਾ ਰੱਖੀ ਸੀ, ਉੱਥੋਂ ਕੱਢ ਲਿਆਈ। ਪ੍ਰੇਮਚੰਦ ਨੈ

Digitized by Panjab Digital Library | www.panjabdigilib.org

ਸਭ ਥੋਂ ਪਿੱਛੋਂ ਖੋਹਲਕੇ ਦੇ ਤਿੰਨਾਂ ਪਤ੍ਰਿਆਂ ਉੱਤੇ ਛੋਤੀ ਨਾਲ਼ ਨਿਸ਼ਾਨੀ ਕਰਕੇ ਆਖਿਆ, ਲਓ, ਮੈਂ ਦੇ ਤਿੰਨੋ ਥਾਈਂ ਨਿਸ਼ਾਨੀ ਲਾ ਦਿੱਤੀ ਹੈ॥

ਤਦ ਉਸ ਨੈ ਸੁਫੇ ਦੇ ਝਰੋਖੇ ਵਿੱਚੋਂ ਹਿਠਾਂਹ ਤੱਕਿਆ, ਤਾਂ ਸਭਨਾਂ ਨੂੰ ਕੰਮ ਧੰਧੇ ਵਿੱਚ ਲੱਗਾ ਵੇਖਕੇ, ਫੇਰ ਬਸੰਤ ਦੇ ਕੋਲ਼ ਆਇਆ, ਅਰ ਬੈਠ ਗਿਆ, ਅਰ ਪਰਕਾਸ ਦੀ ਪੋਥੀ ਦੇ ਸੱਤਵੇਂ ਕਾਂਡ ਨੂੰ ਖੋਹਲਕੇ ਉਨਾਂ ਮਹਿਮਾਵਾਲੇ ਪਦਾਂ ਨੂੰ ਪੜ੍ਹਨ ਲੱਗਾ, ਅਰ ਵਿੱਚ ਵਿੱਚ ਕਈ ਗੱਲਾਂ ਉਸ ਦੇ ਅਰਥ ਖੋਹਲਲ ਦੇ ਲਈ ਸੁਲਾਈਆਂ। ਉਹ ਅਜੇ ਪੂਰਾ ਕਰਦਾ ਹੀ ਸੀ, ਜੋ ਉੱਤੇ ਆਉਲਵਾਲ਼ਿਆਂ ਦਾ ਬੁਲਾਰਾ ਸੁਲਾਈ ਦਿੱਤਾ, ਅਰ ਝਟਪਟ ਪੋਥੀ ਨੂੰ ਉੱਥੇ ਹੀ ਸਿਰਾਂਦੀ ਰੱਖ ਦਿੱਤਾ। ਕੁਮਾਰੀ ਸਭ ਕੁਛ ਤਿਆਰ ਕਰਕੇ ਕਾਮਿਨੀ ਨੂੰ ਨਾਲ਼ ਲਈ ਆਪਣੇ ਪਿਆਰੇ ਪੁਤ੍ਰ ਨਾਲ਼ ਹੋਰ ਗੱਲਾਂ ਬਾਤਾਂ ਕਰਨ ਆਈ। ਓਵੇਂ ਉੱਤੋਂ ਪ੍ਰਸੰਨੂ ਬੀ ਆ ਗਈ, ਅਰ ਪ੍ਰੇਮਚੰਦ ਨੂੰ ਸਭ ਦਾ ਉੱਤਰ ਦੇਣਾ ਹੀ ਬਹੁਤ ਕੁਛ ਹੋ ਗਿਆ॥

ਜਦ ਤਿਕਾਲ਼ਾਂ ਦੀ ਪੈਲ ਦਾ ਵੇਲਾ ਆਇਆ, ਤਾਂ ਸਭ ਪੌੜੀਆਂ ਥਾਲ਼ੀਂ ਲਹਿਕੇ ਹੇਠਾਂ ਆ ਗਏ, ਅਰ ਬਸੰਤ ਇਕੱਲੀ ਰਹਿ ਗਈ, ਅਜੇ ਉਹ ਚਾਉਲ਼ ਨਹੀਂ ਖਾਂਦੀ ਸੀ, ਨਿਰਾ ਖੰਡ ਨਾਲ਼ ਹੀ ਫੁਲਕਾ ਖਾਂਦੀ ਸੀ, ਉਸ ਨੈ ਵੇਲਾ ਤਕਕੇ ਦੀਵਾ ਜਗਾਇਆ, ਅਰ ਇੱਕ ਥਾਂ ਦੀ ਨਿਸ਼ਾਨੀ ਕੱਢਕੇ ਇਨਾਂ ਚਮਤਕਾਰੀ ਗੱਲਾਂ ਨੂੰ ਪੜ੍ਹਨ ਲੱਗੀ॥

(੭ ਕਾਂਡ ੯ ਪੌੜੀ) ਇਨਾਂ ਗੱਲਾਂ ਥੋਂ ਉਪਰੰਦ ਮੈਂ ਨਜਰ ਕੀਤੀ, ਅਰ ਕੀ ਵੇਖਦਾ ਹਾਂ, ਜੋ ਹਰੇਕ ਕੌਮ ਵਿੱਚੋਂ, ਅਤੇ ਸਭਨਾਂ ਘਰਾ-ਣਿਆਂ, ਅਰ ਲੋਕਾਂ, ਅਰ ਭਾਖਿਆਂ ਵਿੱਚੋਂ, ਇੱਕ ਵੱਡੀ ਭੀੜ ਜਿਸ ਦੀ ਗਿਣਤੀ ਕੋਈ ਨਹੀਂ ਕਰ ਸਕਿਆ, ਉੱਜਲੇ ਜਾਮੇਂ ਪਹਿਨੀ ਅਰ ਖਜੂਰ ਦੀਆਂ ਡਾਲੀਆਂ ਹੱਥਾਂ ਵਿੱਚ ਲਈ, ਸਿੰਘਾਸਣ ਦੇ

Digitized by Panjab Digital Library | www.panjabdigilib.org

ਸਾਮ੍ਹਣੇ ਅਤੇ ਲੇਲੇ ਦੇ ਅੱਗੇ ਖੜੀ ਹੈ। ਓਹ ਵੱਡੇ ਸਬਦ ਨਾਲ਼ ਪੁਕਾਰਕੇ ਕਹਿੰਦੇ ਸੇ, ਕਿ ਸਾਡੇ ਪਰਮੇਸੁਰ ਨੂੰ ਜੋ ਸਿੰਘਾਸਨ ਪੁਰ ਬੈਠਾ ਹੈ, ਅਤੇ ਲੇਲੇ ਨੂੰ, ਨਿਸਤਾਰ ਦੀ ਜੈ। ਅਤੇ ਸਾਰੇ ਦੂਤ ਸਿੰਘਾਸਨ ਦੇ, ਅਤੇ ਪੁਰਾਤਮਾਂ ਦੇ, ਅਤੇ ਚੌਹਾਂ ਜਾਨਦਾਰਾਂ ਦੇ ਗਿਰਦੇ ਖੜੇ ਸੇ, ਅਤੇ ਉਹ ਸਿੰਘਾਸਨ ਦੇ ਸਾਮ੍ਹਣੇ ਮੂੰਹ ਪਰਨੇ ਡਿੱਗ ਪਏ, ਅਰ ਪਰਮੇਸੁਰ ਦੀ ਬੰਦਗੀ ਕੀਤੀ, ਅਰ ਕਿਹਾ ਆਮੀਂ। ਬਰਕਤ ਅਰ ਮਹਿਮਾ ਅਰ ਬੁੱਧ ਅਰ ਧੰਨਵਾਦ ਅਰ ਆਦਰ ਅਰ ਪਰਾਕਰਮ ਅਰ ਸ਼ਕਤ ਸਾਡੇ ਪਰਮੇਸੁਰ ਨੂੰ ਜੁਗਾਂ ਜੁਗ ਹੋਵੇ, ਆਮੀਂ। ਅਤੇ ਪੁਰਾਤਮਾਂ ਵਿੱਚੋਂ ਇੱਕ ਨੇ ਅੱਗੋਂ ਮੈ ਨੂੰ ਇਹ ਆਖਕੇ ਪੁੱਛਿਆ, ਕਿ ਇਹ ਜੋ ਉੱਜਲੇ ਬਸਤ੍ਰ ਪਹਿਨੀਂ ਹਨ, ਸੋ ਕੌਣ ਹਨ, ਅਰ ਕਿੱਥੋਂ ਆਏ, ਫੇਰ ਮੈਂ ਉਸ ਨੂੰ ਕਿਹਾ, ਹੇ ਮਹਾਰਾਜ ਤੂੰ ਜਾਣਦਾ ਹੈਂ, ਤਾਂ ਓਨ ਮੈ ਨੂੰ ਆਖਿਆ ਕਿ ਏਹ ਉਹੋ ਹਨ, ਜੋ ਵਡੇ ਕਲੇਸ ਵਿੱਚਦੋਂ ਆਉਂਦੇ ਹਨ, ਅਰ ਉਨੀਂ ਆਪਣੇ ਜਾਮੇਂ ਲੇਲੇ ਦੇ ਲਹੂ ਨਾਲ਼ ਧੋਤੇ, ਅਰ ਉਨਾਂ ਨੂੰ ਉੱਜਲੇ ਕੀਤਾ। ਇਸ ਕਾਰਨ ਤੇ ਓਹ ਪਰਮੇਸੁਰ ਦੇ ਸਿੰਘਾਸਨ ਦੇ ਅੱਗੇ ਹਨ, ਅਰ ਉਸ ਦੇ ਮੰਦਰ ਵਿਖੇ ਦਿਨ ਰਾਤ ਉਸ ਦੀ ਸੇਵਾ ਕਰਦੇ ਹਨ, ਅਤੇ ਉਹ ਜੋ ਸਿੰਘਾ-ਸਨ ਪੁਰ ਬੈਠਾ ਹੈ, ਉਨਾਂ ਦੇ ਵਿੱਚ ਡੇਰਾ ਕਰੇਗਾ। ਉਹ ਫੇਰ ਭੁੱਖੇ ਨਾ ਹੋਣਗੇ, ਅਰ ਫੇਰ ਤਿਹਾਏ ਨਾ ਹੋਣਗੇ, ਅਤੇ ਨਾ ਧੁੱਪ, ਅਰ ਨਾ ਕੋਈ ਜਲਨ ਉਨਾਂ ਪੁਰ ਪਵੇਗੀ, ਅਤੇ ਲੇਲਾ, ਜੋ ਸਿੰਘਾਸਨ ਦੇ ਗੱਭਲੀ ਜਾਗਾ ਹੈ, ਉਨਾਂ ਦੀ ਪਾਲਨਾ ਕਰੇਗਾ, ਅਰ ਉਨਾਂ ਨੂੰ ਪਾਣੀ ਦੇ ਜੀਉਂਦੇ ਸੋਤਿਆਂ ਲਗ ਅਪੜਾਵੇਗਾ, ਅਰ ਪਰਮੇਸੁਰ ਉਨਾਂ ਦੀਆਂ ਅੱਖਾਂ ਤੇ ਹਰੇਕ ਅੰਝੂ ਪੂੰਝੇਗਾ॥

ਉਹ ਥੱਕ ਗਈ ਸੀ, ਇਸ ਲਈ ਪੋਥੀ ਸੰਤੋਖਕੇ ਪਰੇ ਰੱਖ ਦਿੱਤੀ। ਉਹ ਫੇਰ ਫੂਹੜੀ ਉੱਤੇ ਲੇਟ ਰਹੀ, ਅਤੇ ਚਿੱਟੇ ਉੱਜਲ ਕੱਪੜਿਆਂ,

ਮੁਕਟਾਂ ਖਜੂਰਾਂ ਅਤੇ ਮਹਿਮਾਵਾਲੇ ਅਸਤੋਤ੍ਰਾਂ ਦੇ ਵਿਖੇ ਵਿਚਾਰਨ-ਲੱਗੀ। ਉਸ ਨੈ ਪਿਆਰ ਕਰਨਵਾਲੇ ਮੇਮਣੇ ਨੂੰ ਉਨਾਂ ਦੀ ਪਾਲਨਾ ਕਰਦੇ, ਅਰ ਪਰਮੇਸੁਰ ਦੇ ਉਨਾਂ ਦੀਆਂ ਅੰਸੂਆਂ ਪੂੰਝਣ ਦੇ ਵਿਖੇ ਵਿਚਾਰਿਆ। ਭਲਾ ਇੱਕ ਗੱਲ ਤਾਂ ਫੇਰ ਸੱਚੀ ਹੈ, ਜੋ ਖ੍ਰਿਸ-ਟਾਨ ਧਰਮ ਸੱਚਾ ਨਾ ਹੀ ਹੋਵੇ, ਤਾਂ ਬੀ ਖ੍ਰਿਸਟਾਨੀ ਸਾਥੋਂ ਭਾਗ-ਵਾਨ ਹਨ, ਕਿੰਉ ਜੋ ਉਹ ਸਾਥੋਂ ਵਧੀਕ ਪਰਸਿੰਨ ਰਹਿੰਦੇ ਹਨ, ਕੋਈ ਅਚਰਜ ਨਹੀਂ, ਜੋ ਓਹ ਮਰਨੋਂ ਨਹੀਂ ਡਰਦੇ। ਕੋਈ ਅਚਰਜ ਨਹੀਂ, ਜੋ ਬਹੁਤਾ ਓਹ ਆਪ ਹੀ ਜਾਣਾ ਚਾਹੁੰਦੇ ਹਨ, ਕਿੰਉ ਜੋ ਉਨਾਂ ਨੂੰ ਅਜਿਹੇ ਸੁੰਦਰ ਦੇਸ ਦੀ ਆਪਣੇ ਅੱਗੇ ਆਸ ਹੈ, ਅਰ ਓਹ ਐਉਂ ਆਖਦੇ ਹਨ, ਭਈ ਮੇਰਾ ਮੁੰਡਾ ਬੀ ਉੱਥੇ ਹੈ। ਮੈ ਨੂੰ ਅਚੰਭਾ ਹੈ, ਜੋ ਉਹ ਉੱਜਲ ਕੱਪੜਿਆਂ ਵਿੱਚ ਸਿਰ ਉੱਤੇ ਮੁਕਟ ਪਹਿਨੀਂ, ਅਰ ਹੱਥ ਵਿੱਚ ਖਜੂਰ ਦੀਆਂ ਡਾਲੀਆਂ ਲਏ ਹੋਏ, ਕਿੱਕੁਰ ਦਿੱਸ ਪੈਂਦਾ ਹੋਊ। ਉਸ ਦੀ ਬੋਲੀ ਕੇਹੀ ਮਿੱਠੀ ਸੀ, ਮੈਂ ਵਿਚਾਰਦੀ ਹਾਂ, ਜੋ ਇਹ ਉਸ ਗੀਤ ਵਿੱਚ ਸੁਣਿਆਂ ਜਾਂਦਾ ਹੋਊ ਜੋ ਸਾਡੇ ਮੁਕਤ ਦੇ ਸਿੰਘਾਸਨ ਉੱਤੇ ਬੈਠੇ ਹੋਏ ਪਰਮੇਸੁਰ, ਅਰ ਮੇਮਣੇ ਦੀ ਜੈ ਹੋਵੇ। ਜਦ ਉਹ ਮੇਰੇ ਕੋਲ ਸੀ, ਤਾਂ ਕਦੀ ਕਦੀ ਰੋਂਦਾ ਹੁੰਦਾ ਸੀ, ਹੁਣ ਉਹ ਨਹੀਂ ਰੋਂਦਾ ਹੋਣਾ, ਕਿੰਉ ਜੋ ਪਰਮੇਸੁਰ ਨੈ ਉਸ ਦੀਆਂ ਅੱਖਾਂ ਤੋਂ ਅੰਸੂਆਂ ਪੂੰਝ ਲਈਆਂ ਹਨ, ਨਾਲੇ ਹੁਣ ਭੁੱਖ ਅਰ ਤੇਹ ਨਹੀਂ ਲਗਦੀ ਹੋਣੀ, ਅਤੇ ਸੁਰਗ ਵਿੱਚ ਅਜਿਹੀ ਝੁਲਸਣਵਾਲੀ ਤਪਤ ਬੀ ਨਹੀਂ, ਜੇਹੀ ਉਨਾਲ ਦੀ ਰੁੱਤ ਵਿੱਚ ਸਾਡੇ ਇੱਥੇ ਹੁੰਦੀ ਹੈ, ਹੇ ਮੇਰੇ ਛੋਟੇ ਪੰਛੀ, ਜੇ ਮੈਂ ਇਨਾਂ ਸਭਨਾਂ ਗੱਲਾਂ ਉੱਤੇ ਪਤੀਜ ਰੱਖ ਲੈਂਦੀ, ਜਿਹਾਕੁ ਖ੍ਰਿਸਟਾਨ ਰੱਖ ਲੈਂਦੇ ਹਨ, ਤਾਂ ਮੈਂ ਤੇਰੇ ਲਈ ਫੇਰ ਕਦੀ ਨਾ ਰੋਂਦੀ, ਨਾ ਮੈਂ ਤੇਰਾ ਆਪਣੀ ਝੋਲੀ ਵਿੱਚ ਹੋਣਾ ਚਾਹੁੰਦੀ॥

Digitized by Panjab Digital Library | www.panjabdigilib.org

ਇੱਸੇ ਤਰਾਂ ਉਹ ਗਿਲਤੀਆਂ ਗਿਲਦੀ ਰਹੀ, ਜਦ ਤੋੜੀ ਉਹ ਨੂੰ ਨੀਂਦ ਨਾ ਆਈ॥

ਅਗਲੇ ਭਲਕ ਵਿਸ੍ਰਾਮ ਦਾ ਦਿਨ ਸੀ, ਪ੍ਰੇਮਚੰਦ ਤਕਾਉਂਦਾ ਰਿਹਾ, ਜੋ ਕਿਸੇ ਵੇਲੇ ਬਸੰਤ ਇਕੱਲੀ ਮਿਲੇ, ਉਸ ਨੈ ਬਸੰਤ ਨੂੰ ਨਵੇਂ ਨੇਮ ਦੀ ਪੋਥੀ ਲਿਆਉਣ ਲਈ ਆਖਿਆ, ਅਰ ਯੂਹੰਨਾ ਦੀ ਪਰਕਾਸ ਦੀ ਪੋਥੀ ਦੇ ਇਕੀਹਵੇਂ ਕਾਂਡ ਵਿਚੋਂ ਕੁਛ ੨ ਪੜ੍ਹਕੇ ਸੁਨਾਇਆ॥

(੨੧ ਕਾਂਡ ੧੦ ਵੀਂ ਪੌੜੀ) ਤਾਂ ਓਹ ਦੂਤ ਮੈ ਨੂੰ ਆਤਮਾ ਵਿਖੇ, ਇੱਕ ਵੱਡੇ ਅਰ ਉੱਚੇ ਪਹਾੜ ਉਤੇ ਲੈ ਗਿਆ, ਅਤੇ ਉਹ ਵਡੀ ਨਗਰੀ ਪਵਿਤ੍ਰ ਯਰੂਸਲਮ, ਪਰਮੇਸੁਰ ਦੇ ਕੋਲੋਂ ਅਕਾਸ ਤੇ ਉਤਰਦੀ ਮੈ ਨੂੰ ਦਿਖਾਲੀ, ਅਰ ਉਸ ਵਿੱਚ ਪਰਮੇਸੁਰ ਦਾ ਤੇਜ ਸਾ, ਅਰ ਉਸ ਦੀ ਜੋਤ, ਅੱਤ ਬਹੁਮੁੱਲੇ ਪੱਥਰ ਵਰਗੀ ਸੀ ਅਰਥਾਤ ਸੰਗ-ਜਸਮ ਵਰਗੀ, ਜੋ ਬਲੌਰ ਦੀ ਤਰਾਂ ਉੱਜਲ ਹੋਵੇ, ਅਰ ਉਸ ਦੀ ਵੱਡੀ ਅਰ ਉੱਚੀ ਕੰਧ ਸੀ, ਅਰ ਉਸ ਦੇ ਬਾਰਾਂ ਬੂਹੇ ਸੇ, ਅਰ ਉਨਾਂ ਬੂਹਿਆਂ ਪੁਰ ਬਾਰਾਂ ਦੂਤ ਸੇ। ਅਤੇ ਨਾਉਂ—ਅਰਥਾਤ ਇਸਰਾਏਲ ਦੇ ਪੁਤ੍ਰਾਂ ਦੇ ਬਾਰਾਂ ਘਰਾਣਿਆਂ ਦੇ ਨਾਉਂ ਉਨਾਂ ਪੁਰ ਲਿਖੇ ਹੋਏ ਸੇ। ਚੜ੍ਹਦੇ ਪਾਸੇ ਤਿੰਨ ਬੂਹੇ ਸੇ; ਉੱਤਰ ਦੀ ਵੱਲ ਤਿੰਨ ਬੂਹੇ ਸੇ; ਦੱਖਣ ਦੀ ਲੋਟ ਤਿੰਨ ਬੂਹੇ ਸੇ; ਲਹਿੰਦੇ ਪਾਸੇ ਤਿੰਨ ਬੂਹੇ ਸੇ। ਅਤੇ ਨਗਰੀ ਦੀ ਕੰਧ ਦੀਆਂ ਬਾਰਾਂ ਨੀਹਾਂ ਸੀਆਂ, ਅਰ ਉਨਾਂ ਪੁਰ ਲੇਲੇ ਦੇ ਬਾਰਾਂ ਰਸੂਲਾਂ ਦੇ ਨਾਉਂ ਸੇ। (੧੪ ਵੀਂ ਪੌੜੀ ਤਕ। ਅੱਗੇ ੨੧ ਵੀਂ ਪੌੜੀ ਚਲੀ) ਅਤੇ ਉਹ ਬਾਰਾਂ ਬੂਹੇ ਬਾਰਾਂ ਮੋਤੀ ਸੇ, ਇੱਕ ਇੱਕ ਬੂਹਾ ਇੱਕ ਇੱਕ ਮੋਤੀ ਦਾ ਸਾ। ਅਤੇ ਨਗਰੀ ਦਾ ਚੌਂਕ ਚੋਖੇ ਸੋਨੇ ਦਾ ਸਾ, ਅਰ ਨਿਰਮਲ ਸੀਸੇ ਦੇ ਸਮਾਨ ਸਾ। ਅਤੇ ਮੈਂ ਉਸ ਵਿੱਚ ਕੋਈ ਮੰਦਰ ਨਹੀਂ ਦੇਖਿਆ, ਕਿੰਉਂਕਿ ਸਭਨਾਂ ਪੁਰ

Digitized by Panjab Digital Library | www.panjabdigilib.org

ਸਮਰੱਥੀ ਪ੍ਰਭੂ ਪਰਮੇਸੁਰ ਅਤੇ ਲੇਲਾ ਉਸ ਦਾ ਮੰਦਰ ਹੈ। ਅਤੇ ਨਗਰੀ ਨੂੰ ਸੂਰਜ ਅਰ ਚੰਦ ਦੀ ਕੁਛ ਲੋੜ ਨਹੀਂ ਸੀ, ਜੋ ਉਸ ਵਿੱਚ ਚਾਨਣ ਕਰਨ, ਕਿੰਉਕਿ ਪਰਮੇਸੁਰ ਦੇ ਤੇਜ ਨੈ ਉਸ ਨੂੰ ਉਜਾਲਾ ਕੀਤਾ, ਅਤੇ ਲੇਲ੍ਹਾ ਉਸ ਦਾ ਦੀਵਾ ਸਾ। ਅਤੇ ਬਚਾਇਆਂ ਹੋਇਆਂ ਦੀਆਂ ਕੌਮਾਂ ਉਸ ਦੀ ਜੋਤ ਵਿਖੇ ਫਿਰਨਗੀਆਂ, ਅਰ ਧਰਤੀ ਦੇ ਰਾਜੇ ਆਪਣਾ ਮਹਾਤਮ ਅਰ ਆਦਰ ਉਸ ਵਿਖੇ ਲਿਆਉਂਦੇ ਹਨ। ਅਰ ਉਹ ਦੇ ਬੂਹੇ ਕਦੀ ਦਿਨ ਨੂੰ ਬੰਦ ਨਹੀਂ ਹੋਣਗੇ, ਕਿੰਉ ਜੋ ਰਾਤ ਉੱਥੇ ਕਦੀ ਨਾ ਪਏਗੀ। ਅਤੇ ਕੌਮਾਂ ਦਾ ਮਹਾਤਮ, ਅਰ ਆਦਰ ਉਸ ਵਿਖੇ ਲਿਆਉਣਗੇ। ਅਤੇ ਕੋਈ ਅਪਵਿਤ੍ਰ ਅਰ ਘਿਣਾਧੀ ਅਰ ਝੂਠ ਕਰਨਵਾਲੀ ਵਸਤ ਉਸ ਵਿੱਚ ਕਦੀ ਨਾ ਵੜੇਗੀ, ਅਪਰ ਓਹ ਵੜਨਗੇ, ਜੋ ਲੇਲੇ ਦੀ ਜੀਉਣ ਦੀ ਪੋਥੀ ਵਿੱਚ ਲਿਖੇ ਹੋਏ ਹਨ॥

ਅਰ ਉਸ ਨੈ ਅਮ੍ਰਿਤ ਜਲ ਦੀ ਇੱਕ ਨਿਰਮਲ ਨਦੀ, ਜੋ ਬਲੌਰ ਵਾਙੂੰ ਉੱਜਲ ਸੀ, ਅਰ ਪਰਮੇਸੁਰ ਅਤੇ ਲੇਲੇ ਦੇ ਸਿੰਘਾਸਨ ਤੇ ਨਿੱਕਲਦੀ ਸੀ, ਮੈ ਨੂੰ ਦਿਖਾਲੀ। ਉਸ ਨਗਰੀ ਦੀ ਚੌੜੀ ਸੜਕ ਦੇ ਵਿਚਕਾਰ, ਅਰ ਨਦੀ ਦੇ ਉਰਾਰ ਪਾਰ ਜੀਉਣ ਦਾ ਰੁੱਖ ਸਾ, ਜੋ ਹਰੇਕ ਮਹੀਨੇ ਆਪਣਾ ਫਲ ਦੇਕੇ ਬਾਰਾਂ ਫਲ ਦਿੰਦਾ ਸਾ, ਅਰ ਉਸ ਰੁੱਖ ਦੇ ਪੱਤੇ ਕੌਮਾਂ ਦੀ ਅਰੋਗਤਾ ਦੇ ਲਈ ਹਨ। ਫੇਰ ਕੋਈ ਸ੍ਰਾਪ ਨਾ ਹੋਵੇਗਾ, ਅਤੇ ਪਰਮੇਸੁਰ ਅਰ ਲੇਲੇ ਦਾ ਸਿੰਘਾਸਨ ਉਸ ਵਿੱਚ ਹੋਵੇਗਾ, ਅਰ ਉਸ ਦੇ ਸੇਵਕ ਉਸ ਦੀ ਟਹਿਲ ਕਰਨਗੇ, ਅਰ ਉਸ ਦਾ ਮੂੰਹ ਦੇਖਣਗੇ, ਅਰ ਉਸ ਦਾ ਨਾਉਂ ਉਨ੍ਹਾਂ ਦੇ ਮੱਥਿਆਂ ਪੁਰ ਹੋਵੇਗਾ, ਅਰ ਉੱਥੇ ਰਾਤ ਨਾ ਹੋਵੇਗੀ ਅਤੇ ਦੀਵੇ ਅਤੇ ਸੂਰਜ ਦੇ ਚਾਨਣ ਦਾ ਕੁਛ ਪ੍ਰਯੋਜਨ ਨਹੀਂ ਹੈ, ਕਿੰਉਕਿ ਪ੍ਰਭੂ

Digitized by Panjab Digital Library | www.panjabdigilib.org

ਪਰਮੇਸੁਰ ਉਨਾਂ ਨੂੰ ਉਜਾਲਾ ਕਰਦਾ ਹੈ, ਅਤੇ ਉੱਥੇ ਓਹ ਜੁਗਾਂ ਜੁਗ ਰਾਜ ਕਰਨਗੇ॥

ਬਸੰਤ ਇਨਾਂ ਬਚਨਾਂ ਨੂੰ ਬੜੇ ਧਿਆਨ ਨਾਲ ਸੁਣਦੀ ਰਹੀ, ਅਤੇ ਜਦ ਉਹ ਪੂਰਾ ਕਰ ਚੁੱਕਾ, ਤਾਂ ਆਖਣ ਲੱਗੀ॥

ਹੇ ਪ੍ਰੇਮਚੰਦ ਇਸੇ ਤਰਾਂ ਮੈਂ ਬੀ ਖ੍ਰਿਸ੍ਟਾਨ ਹੋਣਾ ਚਾਹੁੰਦੀ ਹਾਂ॥

ਉਹ ਮੁੰਡਾ ਝਬਕ ਉੱਠਿਆ, ਇਹ ਉਸ ਦੇ ਹੀ ਵਿਚਾਰਾਂ ਦੀ ਧੁਨ ਸੀ, ਅਜਿਹਾ ਵਿਚਾਰ, ਕਿ ਜਿਹ ਨੂੰ ਉਸ ਨੈ ਮੂੰਹੋਂ ਨਹੀਂ ਕਢਿ-ਆ ਸੀ। ਉਹ ਆਖਣ ਲੱਗਾ॥

ਹੇ ਬਸੰਤ ਇਹ ਅਣਹੋਈ ਹੈ, ਕਿੰਉ ਜੋ ਤੂੰ ਇਸ ਧਰਮ ਨੂੰ ਕਿਸ ਤਰਾਂ ਛੱਡ ਸਕਦੀ ਹੈਂ, ਜਿਸ ਵਿੱਚ ਤੇਰੇ ਪਿਤਰ ਜੀਵੇ, ਅਰ ਮੋਏ॥

ਪਰ ਪ੍ਰੇਮਚੰਦ ਹੋਰਨਾਂ ਨੈ ਬੀ ਤਾਂ ਇੱਸੇ ਤਰਾਂ ਹੀ ਕੀਤਾ ਹੈ, ਅਰ ਸਾਥੋਂ ਓਹ ਅਵੱਸ ਰਾਜੀ ਹਨ॥

ਅੱਛਾ ਕੋਈ ਚਿੰਤਾ ਨਹੀਂ, ਹੁਣ ਅਸੀਂ ਇਸ ਉੱਤੇ ਹੋਰ ਕੋਈ ਗੱਲ ਬਾਤ ਨਹੀਂ ਕਰਾਂਗੇ, ਭਲਾ ਜੋ ਕੁਛ ਮੈਂ ਪੜ੍ਹਿਆ ਹੈ, ਤੈ ਨੂੰ ਚੰਗਾ ਲੱਗਾ ਹੈ?

ਹਾਂ, ਬਹੁਤ ਹੀ ਚੰਗਾ, ਮੈਂ ਨਿਰਾ ਇਹੋ ਹੀ ਜਾਣਿਆ ਚਾਹੁੰਦੀ ਹਾਂ, ਜੋ ਮੈਂ ਉਸ ਸੁਰਗ ਵਿੱਚ ਜਾਣਵਾਲੀ ਹੋਵਾਂ, ਤਦ ਤਾਂ ਮੈਂ ਸਮਝਦੀ ਹਾਂ, ਕਿ ਮੈ ਨੂੰ ਬਹੁਤ ਹੀ ਪਰਸਿੰਨਤਾ ਹੋ ਜਾਂਦੀ॥

ਉਹ ਮੁੰਡਾ ਤੀਉੜੀ ਪਾਕੇ ਵਿਚਾਰਾਂ ਵਿੱਚ ਲੱਥਾ ਮਲੂਮ ਹੋਇਆ ਅਤੇ ਤਦ ਉਹ ਆਖਣ ਲੱਗਾ॥

ਬਸੰਤ ਮੈਂ ਤੈ ਨੂੰ ਇੱਕ ਗੱਲ ਆਖਦਾ ਹਾਂ, ਜੋ ਇਸ ਨੂੰ ਤੂੰ ਫੇਰ ਕਦੀ ਨਾ ਕਹੀਂ॥

ਮੈਂ ਨਹੀਂ ਕਹਾਂਗੀ॥

ਜਿਹਾ ਤੂੰ ਵਿਚਾਰਦੀ ਹੈਂ, ਠੀਕ ਅਜਿਹਾ ਹੀ ਹੈ, ਮੈਂ ਬੀ ਵਿ-

Digitized by Panjab Digital Library | www.panjabdigilib.org

ਚਾਰਨਾ, ਮੈਂ ਬੀ ਬਹੁਤ ਡੱਕੇਡੋਲੇ ਖਾਂਦਾ ਹਾਂ, ਮੈਂ ਬੀ ਚਾਹੁੰਦਾ ਹਾਂ, ਜੋ ਕਿਵੇਂ ਖ੍ਰਿਸਟਾਨ ਧਰਮ ਉੱਤੇ ਪਤੀਜਲ ਦੇ ਜੋਗ ਹੋਵਾਂ। ਮੈਂ ਇਹ ਗੱਲ ਨਿਰੀ ਸਧਾਰਨ ਹੀ ਨਹੀਂ ਆਖੀ, ਜੋ ਮੈਂ ਪੜ੍ਹਨੇ ਦੇ ਕਾਰਨ ਕਈ ਮਹੀਨੇ ਇਥੇ ਨਹੀਂ ਆ ਸਕਿਆ। ਇਹ ਗੱਲ ਸੱਚੀ ਹੈ, ਮੈਂ ਪੜ੍ਹਨ ਵਿਚ ਬਹੁਤ ਜਤਨ ਕੀਤਾ। ਮੈਂ ਛਨਿੱਛਰਵਾਰ ਸਗੋਂ ਦਿਨ ਡੁਬਦਿਆਂ ਤੋੜੀ ਤਾਂ ਪੜ੍ਹਨ ਵਿਚ ਲੱਗਾ ਰਿਹਾ, ਪਰ ਐਤਵਾਰ ਹੋਰ ਤਰਾਂ ਬਿਤਾਇਆ, ਮੈਂ ਬੈਬੁਲ—ਅਰਥਾਤ ਧਰਮਪੁਸਤਕ ਪੜ੍ਹਦਾ ਸਾ, ਅਰ ਬਸੰਤ ਜਿੱਥੇ ਖ੍ਰਿਸਟਾਨ ਭਜਨ ਕਰਦੇ ਹਨ, ਉੱਥੇ ਮੈਂ ਬੀ ਹੀਆ ਕਰਕੇ ਵਿੱਚ ਜਾ ਵੜਿਆ॥

ਮੈਂ ਇਸ ਗੱਲ ਦੇ ਸੁਲਨ ਵਿੱਚ ਬਹੁਤ ਪਰਸਿੰਨ ਹਾਂ, ਤੂੰ ਮਨੁੱਖ ਹੈਂ, ਅਰ ਪੜ੍ਹ ਲਿਖ ਸਕਦਾ ਹੈਂ, ਮੈ ਨੂੰ ਬੀ ਪੜ੍ਹਾ ਸਕੇਂਗਾ। ਪਰ ਪਹਿਲੇ ਮੈ ਨੂੰ ਇਹ ਦੱਸ, ਜੋ ਭਜਨਘਰਾਂ ਵਿੱਚ ਏਹ ਖ੍ਰਿਸਟਾਨ ਲੋਕ ਕੀ ਕਰਦੇ ਹਨ, ਇਸ ਗੱਲ ਦੇ ਜਾਲਨ ਦਾ ਮੈ ਨੂੰ ਬੜਾ ਚਾਉ ਹੈ॥

ਅੱਛਾ ਇੱਕ ਵਿਸਰਾਮ ਦੇ ਦਿਨ ਦੀਆਂ ਤਿਕਾਲ੍ਹਾਂ ਨੂੰ ਜਦ ਮੈਂ ਸਾਰਾ ਦਿਨ ਪੜ੍ਹ ਲਿਆ ਸੀ, ਅਰ ਵਿਚਾਰ ਬੀ ਲਿਆ ਸੀ, ਤਾਂ ਮੈਂ ਅਨ੍ਹੇਰੇ ਹੋਲ ਦੇ ਪਿੱਛੋਂ ਬਾਹਰ ਗਿਆ, ਜੋ ਕਿਵੇਂ ਮੈ ਨੂੰ ਕੋਈ ਵੇਖ ਨਾ ਲਵੇ, ਅਰ ਮੈਂ ਕਦੀ ਕਿਸੇ ਭਜਨਘਰ ਵਿੱਚ ਜਾ ਸੱਕਾਂ, ਮੈਂ ਜਾਂਦਿਆਂ ਹੀ ਇੱਕ ਡਿੱਠਾ, ਜਿੱਥੇ ਚਾਨਲ ਹੋ ਰਿਹਾ ਸੀ, ਅਰ ਮੈਂ ਅੰਦਰ ਗਿਆ, ਅਰ ਸਭ ਦੇ ਪਿੱਛੇ ਜਾਕੇ ਬੈਠ ਗਿਆ। ਉੱਥੇ ਉਨ੍ਹਾਂ ਇੱਕ ਗੀਤ ਗਾਵੀਆਂ, ਅਰ ਮੈਂ ਡਿੱਠਾ, ਜੋ ਸਭ ਲੋਕ ਉਸ ਦੇ ਗਾਉਲ ਲਈ ਖੜ੍ਹੇ ਹੋ ਗਏ, ਅਰ ਮੈਂ ਬੀ ਖੜ੍ਹਾ ਹੋ ਗਿਆ; ਅਰ ਇੱਕ ਭਲੇਮਾਲਸ ਨੇ ਇੱਕ ਗੀਤਾਂ ਦੀ ਪੋਥੀ ਮੇਰੇ ਹੱਥ ਬੀ ਦਿੱਤੀ। ਇਹ ਬੜਾ ਸੁੰਦਰ ਗੀਤ ਸੀ, ਅਰ ਸਾਰਾ ਜਿਸੂ ਮਸੀਹ ਦੀ ਬਾਬਤ ਹੀ ਸੀ। ਤਦ ਪਾਦਰੀ ਗਿਰਜੇ ਦੀ ਨੁੱਕਰ ਵਿੱਚ ਇੱਕ ਥੜ੍ਹੇ ਉੱਤੇ

Digitized by Panjab Digital Library | www.panjabdigilib.org

ਖੜੋ ਗਿਆ, ਅਰ ਇੱਕ ਕਾਂਡ ਜਿਸੂ ਦੇ ਕਈ ਅਚੰਭਿਆਂ ਦੇ ਵਿਖੇ ਪੜ੍ਹਿਆ, ਮੈਂ ਖ੍ਰਿਸਟਾਨੀਆਂ ਦੀ ਬੇਨਤੀ ਪਹਿਲੇ ਕਦੀ ਨਹੀਂ ਸੁਣੀ ਸੀ, ਅਰ ਮੈਂ ਨੂੰ ਇਹ ਗੁਲ ਬਹੁਤ ਹੀ ਚੰਗੀ ਲੱਗੀ। ਇਸ ਪਾਦਰੀ ਨੂੰ ਪਰਮੇਸੁਰ ਉੱਥੇ ਹੀ ਬਿਆਪਕ ਜਾਪਦਾ ਸੀ, ਅਰ ਉਸ ਨੈ ਪਰਮੇਸੁਰ ਨੂੰ ਆਖਿਆ ਹੇ ਅਸਾਡੇ ਪਿਤਾ। ਉਹ ਪਰਮੇਸੁਰ ਨਾਲ਼ ਇਸ ਤਰਾਂ ਬੋਲਿਆ, ਜਿਤ੍ਰਰ ਇਞਾਣਾ ਬਾਲ ਆਪਣੇ ਪਿਤ੍ਰ ਨਾਲ ਬੋਲਦਾ ਹੈ। ਮੈਂ ਕਿੰਨਾ ਹੀ ਚਾਹਿਆ, ਜੋ ਮੈਂ ਉਸ ਵਾਙੂੰ ਪ੍ਰਾਰਥਨਾ ਕਰ ਸਕਾਂ। ਇਹ ਦੇ ਪਿੱਛੋਂ ਪਾਦਰੀ ਫੇਰ ਉਠ ਖੜੋਤਾ, ਅਤੇ ਅੰਨੇ ਨੂੰ ਸੁਜਾਖਾ ਕਰਨ ਦੇ ਵਿਖੇ ਪੜ੍ਹਨ ਲੱਗਾ। ਠਹਿਰੋਂ ਤਾਂ ਮੈਂ ਤੈ ਨੂੰ ਉਹੋ ਥਾਂ ਕੱਢ ਦਿਆਂ॥

( ਪੈੜ੍ਹੋ ) ਅਤੇ ਅਜਿਹਾ ਹੋਇਆ, ਕਿ ਜਦ ਉਹ ਯਰੀਹੂ ਦੇ ਕੋਲ਼ ਆਇਆ ਤਾਂ ਕੋਈ ਅੰਨਾ ਮਨੁੱਖ ਸੜਕ ਦੇ ਇੱਕ ਕੰਢੇ ਬੈਠਾ ਸੀ, ਅਰ ਭਿੱਛਿਆ ਮੰਗਦਾ ਸੀ। ਜਦ ਉਹ ਨੈ ਭੀੜ ਦੇ ਲੰਘਣ ਦਾ ਖੜਕਾਰ ਸੁਣਿਆ, ਉਸ ਨੈ ਪੁੱਛਿਆ ਇਹ ਕੀ ਹੈ? ਅਰ ਉਨਾਂ ਨੈ ਉਸ ਨੂੰ ਆਖਿਆ ਜਿਸੂ ਨਾਸਰੀ ਜਾਂਦਾ ਹੈ। ਉਸ ਨੈ ਪੁਕਾਰਕੇ ਕਿਹਾ, ਹੇ ਜਿਸੂ ਦਾਊਦ ਦੇ ਪੁਤ੍ਰ ਮੇਰੇ ਉੱਤੇ ਦਇਆ ਕਰ। ਅਰ ਜੇਹੜੇ ਅੱਗੇ ਜਾਂਦੇ ਸੇ, ਉਹ ਨੂੰ ਝਿੜਕਣ ਲੱਗੇ ਜੋ ਉਹ ਚੁੱਪ ਕਰ ਰਹੇ, ਪਰ ਉਹ ਵਧੇਰੇ ਚਿਚਲਾਉਣ ਲੱਗਾ, ਹੇ ਦਾਊਦ ਦੇ ਪੁਤ੍ਰ ਮੇਰੇ ਉੱਤੇ ਦਇਆ ਕਰ। ਜਿਸੂ ਖੜਾ ਹੋ ਗਿਆ, ਅਰ ਉਹ ਨੂੰ ਆਪਣੇ ਕੋਲ਼ ਲਿਆਉਣ ਦੀ ਆਗਿਆ ਦਿੱਤੀ, ਅਰ ਜਦ ਉਹ ਨੇੜੇ ਆਣ ਪਹੁੰਚਿਆ, ਉਸ ਨੈ ਉਹ ਨੂੰ ਪੁੱਛਕੇ ਆਖਿਆ, ਤੂੰ ਕੀ ਚਾਹੁੰਦਾ ਹੈਂ, ਜੋ ਮੈਂ ਤੇਰੇ ਲਈ ਕੀ ਕਰਾਂ? ਉਸ ਨੈ ਆਖਿਆ ਹੇ ਪ੍ਰਭੁ ਜੋ ਮੇਰੀਆਂ ਅੱਖਾਂ ਖੁੱਲ ਜਾਣ। ਜਿਸੂ ਨੈ ਉਹ ਨੂੰ ਆਖਿਆ ਤੂੰ ਆਪਣੀ ਦ੍ਰਿਸਟ ਪਾ, ਤੇਰੀ ਪਰ-

Digitized by Panjab Digital Library | www.panjabdigilib.org

ਤੀਬ ਨੈ ਤੈ ਨੂੰ ਬਚਾਇਆ ਹੈ। ਅਤੇ ਉਸ ਨੈ ਤੁਰਤ ਆਪਣੀ ਦ੍ਰਿਸ਼ਟ ਪਾਈ, ਅਰ ਪਰਮੇਸੁਰ ਦੀ ਮਹਿਮਾ ਗਾਉਂਦੇ ਉਹ ਦੇ ਪਿੱਛੇ ਲੱਗ ਤੁਰੇ, ਅਰ ਸਾਰਿਆਂ ਲੋਕਾਂ, ਜਿਨ੍ਹਾਂ ਜਿਨ੍ਹਾਂ ਨੈ ਉਹ ਨੂੰ ਡਿੱਠਾ ਸੀ, ਪਰਮੇਸੁਰ ਦੀ ਉਸਤੁਤ ਕੀਤੀ॥

ਉਸ ਪਾਦਰੀ ਨੈ ਇਹ ਸਭ ਇਸ ਉੱਤੇ ਲਾਇਆ, ਉਹ ਨੈ ਆਖਿਆ ਭਈ ਅਸੀਂ ਸਭ ਉਸ ਵਿਚਾਰੇ ਅੰਨ੍ਹੇ ਵਰਗੇ ਹੋ ਹਾਂ, ਸਾਡੀਆਂ ਅੱਖਾਂ, ਅਰਥਾਤ ਸਾਡੇ ਮਨ ਦੀਆਂ ਅੱਖਾਂ, ਅੰਨ੍ਹੀਆਂ ਹੋ ਗਈਆਂ ਹਨ, ਜੋ ਅਸੀਂ ਮਸੀਹ ਦੇ ਪਿਆਰ, ਅਰ ਪ੍ਰਤਾਪ ਨੂੰ ਨਹੀਂ ਵੇਖ ਸਕਦੇ, ਪਰ ਜਿਸੂ ਸਾ ਨੂੰ ਆਪਣੇ ਕੋਲ ਸੱਦਦਾ ਹੈ, ਅਰ ਅਸਾਂ ਨਿਰੀਆਂ ਉਸ ਕੋਲੋਂ ਅੱਖਾਂ ਹੀ ਮੰਗਣੀਆਂ ਹਨ, ਅਤੇ ਅਸੀਂ ਵੇਖਣ ਲੱਗ ਪਵਾਂਗੇ, ਉਸ ਨੈ ਆਪਣੇ ਪਰਸੰਗ ਨੂੰ ਪੂਰਾ ਕਰਕੇ ਆਖਿਆ। ਹੇ ਮੇਰੇ ਮਿਤ੍ਰੋ ਜਿਸੂ ਤੁਸਾ ਕੋਲੋਂ ਪਿਆ ਲੰਘਦਾ ਹੈ, ਤੁਸੀਂ ਸਭ ਉਸ ਦੇ ਲੰਘਣ ਦਾ ਖੜਕਾਰ ਸੁਣ ਰਹੇ ਹੋ। ਪਰ ਕਈ ਤੁਹਾਡੇ ਵਿੱਚੋਂ ਉਸ ਦੀ ਮਹਿਮਾ ਅਰ ਉਸ ਦੀ ਵਡਿਆਈ ਨਹੀਂ ਵੇਖ ਸਕਦੇ। ਤੁਸੀਂ ਉਹ ਨੂੰ ਆਪਣਾ ਮੁਕਤਦਾਤਾ ਕਰਕੇ ਨਹੀਂ ਵੇਖ ਸਕਦੇ ਹੋ। ਉਸ ਨੂੰ ਪੁਕਾਰੋ, ਜਿਹਾਕੁ ਅੰਨ੍ਹੇ ਮਨੁੱਖ ਨੈ ਪੁਕਾਰਿਆ, ਅਰ ਉਹ ਤੁਹਾ ਨੂੰ ਆਪਣੇ ਕੋਲ ਸੱਦੇਗਾ। ਉਹ ਤੁਹਾ ਨੂੰ ਆਖੇਗਾ, ਕੀ ਮੰਗਦਾ ਹੈਂ, ਮੈਂ ਤੇਰੇ ਲਈ ਕੀ ਕਰਾਂ, ਅਤੇ ਤਦ ਤੁਹਾ ਨੂੰ ਇੰਨਾ ਕਹਿਣਾ ਪਏਗਾ, ਹੇ ਪ੍ਰਭੁ ਮੈਂ ਆਪਣੀਆਂ ਅੱਖਾਂ ਪਾਵਾਂ, ਇਸ ਤਰਾਂ ਜੇ ਤੁਸੀਂ ਬੇਨਤੀ ਕਰੋ, ਤਾਂ ਜਿਸੂ ਉੱਤਰ ਦੇਵੇਗਾ, ਆਪਣੀਆਂ ਅੱਖਾਂ ਪਾ, ਤੇਰੀ ਪਰਤੀਤ ਨੈ ਤੈ ਨੂੰ ਬਚਾਇਆ ਹੈ। ਇਸ ਸਿਖਜਾ ਦੇ ਪਿੱਛੋਂ ਇੱਕ ਛੋਟੀ ਜੇਹੀ ਬੇਨਤੀ ਹੋਈ, ਫੇਰ ਇੱਕ ਗੀਤ, ਫੇਰ ਕਈ ਅਸੀਸ ਦੇ ਪਿਆਰੇ ਬਚਨ। ਜਦ ਏਹ ਕਹੇ ਗਏ, ਤਦ ਮੈਂ ਛੇਤੀ ਨਾਲ਼ ਚਲਿਆ ਆਇਆ॥

Digitized by Panjab Digital Library | www.panjabdigilib.org

ਏਹ ਕੇਹਾ ਅਚਰਜ ਹੈ, ਤੂੰ ਫੇਰ ਬੀ ਕਦੀ ਗਿਆਂ॥

ਹਾਂ, ਦੂਏ ਐਤਵਾਰ ਨੂੰ ਮੈਂ ਵਿਚਾਰਿਆ, ਜੋ ਇੱਕ ਬੰਗਾਲੀ ਗਿਰਜੇ ਵਿੱਚ ਜਾਵਾਂ। ਇਸੇ ਤਰਾਂ ਮੈਂ ਉਸ ਸੱਤਵਾਰੇ ਵਿੱਚ ਪੁੱਛ-ਕੇ ਠੀਕ ਕਰ ਲੀਤਾ, ਅਰ ਐਤਵਾਰ ਦੇ ਦਿਨ ਦੁਪਹਿਰੋਂ ਪਿੱਛੇ ਮੈਂ ਗਿਰਜੇ ਵਿੱਚ ਗਿਆ, ਜੋ ਸਾਡੇ ਘਰੋਂ ਅਤੇ ਹੋਰਨਾਂ ਗਿਰਜਿਆਂ ਤੇ ਦੂਰ ਪੈਂਦਾ ਹੈ, ਭਈ ਮੈਨੂੰ ਕੋਈ ਨਾ ਵੇਖ ਸਕੇ, ਅਰ ਨਾ ਪਛਾਣ ਸਕੇ। ਉੱਥੇ ਕੋਈ ਅੰਗ੍ਰੇਜ਼ ਦਰਸਨੀਕ ਨਹੀਂ ਸੀ, ਸਭ ਬੰਗਾਲੀ ਹੀ ਸੇ, ਅਰ ਉੱਥੇ ਬੀ ਭਜਨ ਉਹੋ ਜੇਹਾ ਹੀ ਸੀ। ਸੁੰਦਰ ੨ ਗੀਤ, ਅਰ ਉਹੋ ਜੇਹੀ ਹੀ ਪਿਆਰ ਕਰਨਵਾਲੀ ਪ੍ਰੀਤ ਭਰੀ ਬੇਨਤੀ ਹੋ-ਈ। (ਪੌੜੀ ਇਹ ਸੀ) ਜੋ ਕੁਛ ਤੁਸੀਂ ਮੇਰੇ ਨਾਉਂ ਉੱਤੇ ਪਿਤਾ ਕੋਲੋਂ ਮੰਗੋਗੇ, ਉਹ ਤੁਹਾ ਨੂੰ ਉਹੋ ਕੁਛ ਦੇਵੇਗਾ। ਉਸ ਦੇਸੀ ਪਾਦਰੀ ਨੈ ਆਖਿਆ, ਭਈ ਜੇ ਅਸੀਂ ਕੋਈ ਆਤਮਿਕ ਗੱਲ ਜਿਸੂ ਦੇ ਨਾਉਂ ਉੱਤੇ ਮੰਗੀਏ, ਤਾਂ ਪਰਮੇਸੁਰ ਸਾ ਨੂੰ ਅਵੱਸ ਦੇਵੇਗਾ, ਉਹ ਸਾਡੇ ਸਿਖਾਉਣ ਲਈ ਪਵਿਤ੍ਰ ਆਤਮਾ ਸਾ ਨੂੰ ਦੇਵੇਗਾ, ਅਤੇ ਸਾ ਨੂੰ ਪਰਤਾਵਾ ਰੋਕਣ ਦੀ ਸਮਰੱਥਾ ਦੇਵੇਗਾ, ਅਤੇ ਆਪਣਾ ਠੀਕ ਠੀਕ ਭਜਨ ਕਰਨ ਨੂੰ ਉਹ ਸਾ ਨੂੰ ਪਵਿਤ੍ਰ ਕਰੇਗਾ। ਇਸ ਪਾਉਣ ਦੇ ਲਈ ਸਾ ਨੂੰ ਨਿਰਾ ਜਿਸੂ ਮਸੀਹ ਦੇ ਨਾਉਂ ਉੱਤੇ ਮੰਗਣਾ ਚਾਹੀਏ॥

ਮੈਂ ਅਜਿਹਾ ਡਰ ਗਿਆ, ਜੋ ਕੋਈ ਖ੍ਰਿਸਟਾਨ ਨਾ ਮੈਂ ਨੂੰ ਕੁਛ ਆਖੇ, ਅਰ ਅਜਿਹਾ ਹੋਇਆ, ਜੋ ਮੈਂ ਛੇਕੜਲੀ ਪ੍ਰਾਰਥਨਾ ਪੂਰੀ ਹੋਣ ਤੇ ਪਹਿਲੋਂ ਹੀ ਖਿਸਕ ਆਇਆ। ਅਜੇ ਬਹੁਤ ਢਿੱਲ ਸੀ, ਇਸ ਲਈ ਮੈਂ ਥੋਹੜੇਕੁ ਚਿਰ ਤੋੜੀ ਤੁਰਨਾ ਚੰਗਾ ਸਮਝਿਆ, ਅਤੇ ਤੁਰਦਾ ਤੁਰਦਾ ਮੈਂ ਅੰਗ੍ਰੇਜ਼ਾਂ ਦੇ ਕਬਰਸ੍ਥਾਨ ਦੇ ਕੋਲ ਆਇ-ਆ, ਅਤੇ ਵੇਖਣ ਲਈ ਉਹ ਦੇ ਅੰਦਰ ਜਾ ਵੜਿਆ। ਅੰਗ੍ਰੇਜ਼ਾਂ



Digitized by Panjab Digital Library | www.panjabdigilib.org

ਦੇ ਸਮਾਧਸਥਾਨ ਵਿੱਚ ਸਮਾਧ ਦੇ ਪੱਥਰਾਂ ਉੱਤੇ ਕੁਛ ਲਿਖਿਆ ਹੋਇਆ ਹੁੰਦਾ ਹੈ, ਮੈਂ ਨਹੀਂ ਆਖ ਸਕਦਾ, ਜੋ ਕੀ ਮੇਰੇ ਜੀ ਵਿੱਚ ਹੋਇਆ, ਜਿਸ ਵੇਲੇ ਮੈਂ ਉਨਾਂ ਲਿਖਤਾਂ ਨੂੰ ਫਿਰਦਾ ਹੋਇਆ, ਪੜ੍ਹਦਾ ਪਿਆ ਸਾਂ, ਓਹ ਅਜਿਹੇ ਆਸ ਅਰ ਪਰਸਿੰਨਤਾ ਦੇ ਭਰੇ ਹੋਏ ਸੇ, ਜੋ ਕਹਿਲ ਦੀ ਗੱਲ ਨਹੀਂ॥

ਭਲਾ ਤੈ ਨੂੰ ਕੋਈ ਚੇਤੇ ਬੀ ਹੈ?

ਨਹੀਂ, ਮੈਂ ਕਿਸੇ ਲਿਖਤ ਨੂੰ ਬੀ ਚੇਤੇ ਨਹੀਂ ਕਰ ਸੱਕਿਆ, ਪਰ ਏਹ ਜਾਪਦਾ ਸੀ, ਜੋ ਓਹ ਧਰਮ ਪੁਸਤਕ ਦੇ ਬਚਨ ਸੇ, ਜੋ ਫੇਰ ਜੀ ਉੱਠਣ ਅਰ ਸੁਰਗ ਦੇ ਵਿਖੇ ਦੱਸਦੇ ਹਨ। ਦੂਈ ਵੇਰ ਜਦ ਮੈਂ ਗਿਆ, ਤਾਂ ਉਨਾਂ ਵਿੱਚੋਂ ਕੱਈਆਂ ਨੂੰ ਚੰਗੀ ਤਰਾਂ ਵੇਖਕੇ ਲਿਖ ਲਵਾਂਗਾ॥

ਮੁਰਦਿਆਂ ਦੇ ਦੱਬਣ ਦੀ ਰੀਤ ਮੈਂ ਚੰਗੀ ਤਰਾਂ ਜਾਣਦੀ ਹਾਂ॥

ਹਾਂ ਇਹ ਮੈਂ ਬੀ ਸਮਝਦਾ ਹਾਂ। ਇਹ ਸਾਡੇ ਮੁਰਦੇ ਸਸਕਾਰਨ ਦੀ ਰੀਤ ਨਾਲੋਂ ਕੇਹੀ ਉੱਤਮ ਹੈ। ਕਿਤੇ ਕਿਤੇ ਸਮਾਧਭੂਮਿਕਾ ਨੂੰ ਪਰਮੇ-ਸੁਰ ਦਾ ਖੇਤ ਕਰਕੇ ਆਖਿਆ ਹੈ, ਮੁਰਦੇ ਬੀਜ ਦੀ ਨਿਆਈਂ ਫੇਰ ਉੱਠਣ ਦੇ ਰਾਹ ਤਕਾਉਣ ਨੂੰ ਉਸ ਖੇਤ ਵਿੱਚ ਦੱਬੇ ਜਾਂਦੇ ਹਨ॥

ਪ੍ਰੇਮਚੰਦ ਭਲਾ ਤੂੰ ਖ੍ਰਿਸਟਾਨ ਹੈਂ?

ਨਹੀਂ ਬਸੰਤ॥

ਸੱਚ ਮੁੱਚ ਨਹੀਂ? ਮੈਂ ਹੀ ਭੁੱਲ ਗਈ ਸੀ, ਜੋ ਤੂੰ ਖ੍ਰਿਸਟਾਨ ਬਣੇ ਤਾਂ ਤੈ ਨੂੰ ਗਊ ਦਾ ਮਾਸ ਖਾਣਾ ਪਏਗਾ॥

ਬਸੰਤ ਇਹ ਮੂਲੋਂ ਝੂਠ ਹੈ, ਖ੍ਰਿਸਟਾਨ ਧਰਮ ਦਾ ਖਾਣ ਪੀਣ ਨਾਲ ਕੁਛ ਪ੍ਰਯੋਜਨ ਨਹੀਂ ਹੈ। ਮੈਂ ਚੰਗੀ ਤਰਾਂ ਪੁੱਛ ਲਿਆ ਹੈ, ਕਈ ਖ੍ਰਿਸਟਾਨ ਗਊ ਦਾ ਮਾਸ ਨਹੀਂ ਖਾਂਦੇ, ਪਰ ਜੇ ਉਨਾਂ ਦਾ ਮਨ ਕਰੇ ਤਾਂ ਖਾ ਸਕਦੇ ਹਨ। ਖ੍ਰਿਸਟਾਨ ਧਰਮ ਦਾ ਅਰਥ ਹੈ,

Digitized by Panjab Digital Library | www.panjabdigilib.org

ਜਿਸੁ ਉੱਤੇ ਪਤੀਜਣਾ, ਅਰ ਇੱਕ ਸੱਚੇ ਪਰਮੇਸੁਰ ਦਾ ਭਜਨ ਅਰ ਅਰਾਧਨਾ ਕਰਨੀ ॥

ਇੱਥੇ ਓਹ ਠਹਿਰ ਗਏ, ਅਰ ਗੱਲ ਬਾਤ ਜੋ ਬਹੁਤ ਚਿਰ ਦੀ ਹੁੰਦੀ ਪਈ ਸੀ, ਪੂਰੀ ਹੋਣ ਤੇ ਪਹਿਲੋਂ ਹੀ ਛੁੱਟ ਗਈ। ਅਗਲੇ ਭਲਕ ਪ੍ਰੇਮਚੰਦ ਕਲਕੱਤੇ ਨੂੰ ਮੁੜ ਗਿਆ, ਅਰ ਬਸੰਤ ਨੂੰ ਸਭ ਗੱਲ ਬਾਤ, ਜੋ ਉਨ੍ਹਾਂ ਦੇ ਵਿਚਕਾਰ ਹੋਈ, ਲੁਕਾਈ ਰੱਖਣ ਦੇ ਲਈ ਚੌਕਸ ਕਰ ਗਿਆ॥

ਪਰ ਉਹ ਸੰਗਲ, ਜੋ ਛੋਟੇ ਹਰੇਸ ਦੀ ਰਾਹੀਂ ਸੁਰਗ ਵਿੱਚ ਬੰਨ੍ਹਿਆਂ ਗਿਆ ਸਾ, ਬਹੁਤ ਨੇੜੇ ਖਿੱਚਿਆ ਗਿਆ। ਉਹ ਛੋਟਾ ਬਾਲਕ ਜਿਸੁ ਦੀ ਝੋਲੀ ਵਿੱਚ ਸਾ, ਅਤੇ ਉਸ ਮੋਹ ਨੈ, ਜਿਸ ਨਾਲ਼ ਮਾਂ ਅਰ ਪੁਤ੍ਰ ਬੰਨ੍ਹੇ ਹੋਏ ਸੇ, ਮਾਂ ਨੂੰ ਆਪਣੀ ਵੱਲ ਖਿੱਚਿਆ, ਇਹ ਗੱਲ ਕਿੰਨਾ ਚਿਰ ਹੁੰਦੀ ਹੈ ॥

ਪ੍ਰਭੁ ਮਸੀਹ ਹੈ ਦਿਆਲ ਸਭ ਪ੍ਰਕਾਰ।
ਉਸ ਨੂੰ ਕ੍ਰੂਰ ਕਠਨ ਨਾ ਬਿਚਾਰ ॥
ਗਰਜਨ ਤਾੜਨਾ ਘੁਰਕੀ ਉਸ ਦੇ।
ਜਾਣ ਤੂੰ ਉਸ ਦਾ ਭੈ ਸਿਖਾਉਣ ਦੇ ॥

# ੧੨ ਕਾਂਡ॥

ਸੰਗਲ ਨੂੰ ਕਿੱਲਾਂ ਨਾਲ਼ ਜੜ ਦੇਣ ਦੀ ਕਥਾ।

ਬਸੰਤ ਇਨ੍ਹੀਂ ਦਿਨੀਂ ਵਿਚਾਰਾਂ ਵਿੱਚ ਡੁੱਬੀ ਰਹੇ। ਅਰ ਬੜਾ ਪਿਆਰ ਕਰਨਵਾਲ਼ੀ, ਅਰ ਮਨ ਦੀ ਕੂਮਲ ਹੋ ਗਈ। ਜਿੰਉਂ ਜਿੰਉਂ ਉਸ ਦੇ ਸਰੀਰ ਵਿੱਚ ਬਲ ਹੋਇਆ, ਉਹ ਘਰ ਦੇ ਕੰਮ ਧੰਧੇ ਵਿੱਚ ਲੱਗੀ, ਉਹ ਕੁਮਾਰੀ ਅਰ ਪ੍ਰਸੰਨੂ ਨੂੰ ਸਹਾਇਤਾ ਦੇਵੇ। ਛੋਟੀ

Digitized by Panjab Digital Library | www.panjabdigilib.org

ਕ਼ਾਮਿਨੀ ਦਾ ਪੜ੍ਹਨਾ ਸੁਣੇ, ਜਗਤਾਰਨੀ ਨੂੰ ਸਿਖਾਵੇ, ਅਰ ਆਪ ਸਾਰੇ ਕੰਮ ਸਵਾਰੇ, ਇਸ ਤਰਾਂ ਹਰੇਕ਼ ਨਾਲ਼ ਮਿਲੀ ਜੁਲੀ ਰਹੇ ॥

ਇੱਕ ਗੱਲ ਉਸ ਵਿੱਚ ਦਿਖਾਈ ਦਿੰਦੀ ਸੀ। ਜੋ ਉਹ ਘਰ ਦੀਆਂ ਪੂਜਾਂ ਵਿੱਚ ਕੁਛ ਧਿਆਨ ਨਾ ਕਰੇ। ਉਹ ਫੁੱਲ ਲਿਆ ਦੇਵੇ, ਅਰ ਦੀਵਾ ਜਗਾ ਦੇਵੇ, ਪਰ ਬੇਨਤੀ ਕਰਨ ਵਿੱਚ ਕੁਛ ਮਨ ਨਾ ਦੇਵੇ। ਉਸ ਦੇ ਪਹਿਲੇ ਧਰਮਾਤਮਾ ਹੋਣ ਦੇ ਕਾਰਨ ਇਹ ਗੱਲ ਵਧੀਕ ਮਲੂਮ ਪੈਂਦੀ ਸੀ। ਕੁਮਾਰੀ ਨੈ ਉਸ ਨੂੰ ਇਸ ਗੱਲ ਦੀ ਬਾਬਤ ਇੱਕ ਦਿਨ ਆਖਿਆ, ਉਹ ਨੈ ਉੱਤਰ ਦਿੱਤਾ ਮੈਂ ਕਿਸ ਗੱਲ ਵਾਸਤੇ ਬੇਨਤੀਆਂ ਕਰਨੀਆਂ ਹਨ। ਮੇਰੇ ਨਾ ਘਰਵਾਲਾ, ਨਾ ਕੋਈ ਬਾਲ ਝਿਣ੍ਹਾਲਾ ਹੈ, ਹੋਰ ਮੇਰੇ ਲਈ, ਜੋ ਮੈਂ ਚਾਹੁੰਦੀ ਹਾਂ, ਸਭ ਕੁਛ ਹੈ ॥

ਉਹ ਦਿਨ ਵਿੱਚ ਬਹੁਤ ਸਮਾ ਤਾਂ ਪੜ੍ਹਦੀ ਰਹੇ। ਉਸ ਨੈ ਆਪਣੀ ਪੁਰਾਣੀ ਪੋਥੀ ਕਈ ਵਾਰੀ ਪੜ੍ਹ ਲਈ ਸੀ। ਉਨਾਂ ਵਿੱਚ ਉਸ ਦਾ ਬਹੁਤ ਥੋਹੜਾ ਮਨ ਲੱਗੇ, ਪਰ ਉਹ ਇਸ ਲਈ ਪੜ੍ਹੈ, ਜੋ ਵਿਦਯਾ ਵਿੱਚ ਨਾਉਂ ਪਾਵੇ। ਇਸ ਕਾਰਨ ਉਹ ਦੇ ਰਾਤ ਦੇ ਪੜ੍ਹਨ ਵਿੱਚ ਕੋਈ ਭਰਮ ਨਾ ਕਰੇ, ਕਿੰਉ ਜੋ ਨਿਰਾ ਰਾਤ ਵਿੱਚ ਹੀ ਨਵਾਂ ਨੇਮ ਪੜ੍ਹ ਸਕਦੀ ਸੀ ॥

ਤੀਜੇ ੨ ਐਤਵਾਰਾਂ ਨੂੰ ਉਹ ਆਪਣੇ ਜਿਠੋਏ ਦੇ ਨਾਲ਼ ਚੁਪ-ਚਾਪ ਗੱਲ ਬਾਤ ਕੀਤਾ ਕਰੇ, ਕਿੰਉ ਜੋ ਵਿੱਚਲੇ ਐਤਵਾਰ ਜਿਸ ਕਿਸ ਤਰ੍ਹਾਂ ਪ੍ਰੇਮਚੰਦ ਕਲਕੱਤੇ ਵਿੱਚ ਹੀ ਰਿਹਾ ਕਰਦਾ ਸੀ, ਅਰ ਇਸ ਦਾ ਕਾਰਨ ਬਸੰਤ ਖੂਣੋ ਹੋਰ ਕੋਈ ਨਹੀਂ ਜਾਣਦਾ ਸੀ। ਓਹ ਦੋਵੇਂ ਸਚਿਆਈ ਨੂੰ ਭਾਲ਼ਦੇ ਸੇ, ਅਤੇ ਜਦ ਉਹ ਆਵੇ, ਤਾਂ ਜਿਸ ੨ ਭਜਨਘਰ ਵਿੱਚ ਜਾਂਦਾ, ਅਰ ਜੋ ਕੁਛ ਸੁਣ ਆਉਂਦਾ, ਆਪਣੇ ਸੰਸੇ, ਅਰ ਔਖਿਆਈ, ਅਰ ਆਸ, ਸਭ ਬਸੰਤ ਨੂੰ

Digitized by Panjab Digital Library | www.panjabdigilib.org

ਆ ਸੁਲਾਉਂਦਾ ਹੁੰਦਾ ਸੀ। ਇਨਾਂ ਗੱਲਾਂ ਦੇ ਲਈ ਦੋਹਾਂ ਦਾ ਮਨ ਉਤਸਾਹ ਵਿੱਚ ਰਹੇ, ਕਿੰਉ ਜੋ ਉਨਾਂ ਦੋਹਾਂ ਦੇ ਮਨ ਲੱਗੇ ਹੋਏ ਸੇ॥

ਇੱਕ ਦਿਨ ਪ੍ਰੇਮਚੰਦ ਨੈ ਉਹ ਨੂੰ ਆਖਿਆ, ਭਈ ਕੁਛ ਦਿਨ ਹੋਏ, ਮੈਂ ਚੀਨੀ ਬਜਾਰ ਵਿੱਚ ਇੱਕ ਪੋਥੀ ਬੀਜਗਣਿਤ ਦੀ ਢੂੰਡਨ ਅਰ ਮੁੱਲ ਲੈਣ ਨੂੰ ਗਿਆ। ਹੱਟ ਵਿੱਚ ਢੂੰਡਦਿਆਂ ੨ ਮੈ ਨੂੰ ਇੱਕ ਛੋਟੀ ਜੇਹੀ ਪੋਥੀ ਮਿਲੀ, ਜਿਸ ਦਾ ਨਾਉਂ (ਸੱਤਪ੍ਰੀਖਜਾ) ਸੀ। ਮੈਂ ਉਹ ਨੂੰ ਦੋਹੁੰ ਆਨੇਂ ਮੁੱਲ ਲਿਆ, ਅਰ ਘਰ ਲਿਜਾ-ਕੇ ਉਹ ਨੂੰ ਪੜ੍ਹਿਆ। ਇਹ ਪੋਥੀ ਇੱਕ ਅੰਗ੍ਰੇਜੀ ਮੇਮ ਸਾਹਿਬਾ ਦੀ ਬਣਾਈ ਹੋਈ ਹੈ। ਉਹ ਆਖਦੀ ਹੈ, ਜੋ ਮੈਂ ਇੱਕ ਸਮੇ ਨਾਸਤਕ ਹੈਸਾਂ। ਨਾ ਬੈਬੁਲ, ਅਤੇ ਨਾ ਪਰਲੋਕ ਉੱਤੇ ਨਿਹਚਾ ਰਖਦੀ ਸਾਂ। ਤਦ ਬੀ ਮੈਂ ਬਹੁਤ ਦੁੱਖੀ ਸਾਂ, ਕਿੰਉ ਜੋ, ਇਸ ਥੋਂ ਪਹਿਲੇ, ਜਦ ਮੈਂ ਬੈਬੁਲ ਉੱਤੇ ਨਿਹਚਾ ਰਖਦੀ ਸਾਂ, ਤਦ ਮੈਂ ਅਲੋਖੀ ਤਰਾਂ ਹੀ ਅਨੰਦ ਸਾਂ। ਗੱਲ ਕਾਹਦੀ ਇੱਕ ਦਿਹਾੜੇ ਮੈਂ ਉਨਾਂ ਤੁਕਾਂ ਨੂੰ, ਜੋ ਮੱਤੀ ਦੇ ਸੱਤਵੇਂ ੭ ਕਾਂਡ ਵਿੱਚ ਹਨ, ਵਿਚਾਰਿਆ। (ਮੰਗੋ ਤਾਂ ਤੁਹਾ ਨੂੰ ਮਿਲੇਗਾ, ਢੂੰਡੋ ਤਾਂ ਤੁਸੀਂ ਪਾਓਗੇ, ਖੜਕਾਓ, ਤਾਂ ਤੁਹਾਡੇ ਲਈ ਖੋਲ੍ਹਿਆ ਜਾਏਗਾ)। ਮੈਂ ਵਿਚਾਰਿਆ ਇਹ ਕੇਹੀ ਸੁਖਾਲੀ ਗੱਲ ਹੈ, ਜੋ ਮੈਂ ਬੈਬੁਲ ਦੀ ਪ੍ਰੀਖਜਾ ਕਰ ਲਵਾਂ, ਅਤੇ ਵੇਖਾਂ, ਕੀ ਜਾਣੀਏ ਏਹ ਸੱਚ ਹੀ ਹੋਵੇ। ਨਿਰਾ ਪਵਿਤ੍ਰ ਆਤਮਾ ਦੇ ਲਈ ਮੰਗਣਾ ਹੈ, ਜੇ ਮੈ ਨੂੰ ਉਹ ਮਿਲ ਪਿਆ, ਤਾਂ ਬੈਬੁਲ ਨੂੰ ਸੱਚਾ ਜਾਣਾਂਗੀ। ਇਸ ਪਰਕਾਰ ਉਸ ਨੈ ਪਵਿਤ੍ਰ ਆਤਮਾ ਦੇ ਲਈ ਬੇਨਤੀ ਕੀਤੀ, ਅਤੇ ਉੱਪਰ ਲਿਖੀ ਹੋਈ ਬਾਣੀ ਦੀ ਦੁਹਾਈ ਦਿੱਤੀ। ਉਸ ਦੀ ਬੇਨਤੀ ਦੇ ਉੱਤਰ ਵਿੱਚ ਉਸ ਨੂੰ ਪਵਿਤ੍ਰ ਆਤਮਾ ਮਿਲਿਆ। ਉਸ ਨੈ ਉਹ ਨੂੰ ਸਿਖਾਇਆ, ਅਰ ਪਵਿਤ੍ਰ ਆਤਮਾ ਨੈ ਉਸ ਦਾ ਸੰਕਟ ਦੂਰ ਕੀਤਾ। ਅਰ

Digitized by Panjab Digital Library | www.panjabdigilib.org

ਬੈਬੁਲ ਉੱਤੇ ਨਿਹਚਾ ਲਿਆਉਣ ਵਿੱਚ ਉਸ ਦੀ ਫੇਰ ਸਹਾਇਤਾ ਕੀਤੀ। ਉਹ ਫੇਰ ਪਰਮੇਸੁਰ ਨੂੰ ਆਪਣੇ ਪਿਤਾ ਦੇ ਤੁੱਲ ਅਰ ਮਸੀਹ ਨੂੰ ਆਪਣੇ ਮੁਕਤਦਾਤਾ ਦੇ, ਅਰ ਸੁਰਗ ਨੂੰ ਆਪਣੇ ਘਰ ਵਰਗਾ ਜਾਣਨ ਲੱਗੀ, ਅਰ ਉਹ ਬੜੀ ਹੀ ਆਨੰਦ ਸੀ॥

ਹੇ ਪ੍ਰੇਮਚੰਦ ਇਹ ਤਾਂ ਬੜਾ ਸਹਿਜ ਹੈ। ਭਲਾ ਤੈਂ ਬੈਬੁਲ ਨੂੰ ਪਰਤਾਇਆ ਹੈ?

ਨਹੀਂ, ਮੈਂ ਹੁਣ ਪਰਤਾਉਣ ਦੇ ਵਿਚਾਰ ਵਿੱਚ ਹਾਂ॥

ਹੁਣ ਹੋਰ ਕੁਛ ਆਖਣ ਦਾ ਵੇਲਾ ਨਹੀਂ ਸੀ, ਉਹ ਅਗਲੇ ਭਲਕ ਫੇਰ ਤੁਰ ਗਿਆ। ਬਸੰਤ ਨੈ ਪੱਕੀ ਗੱਲ ਫੜੀ, ਜੋ ਨਾ ਠਹਿਰਨਾ, ਨਾ ਵਿਚਾਰਨਾ, ਪਰ ਕੰਮ ਨੂੰ ਕਰਨਾ, ਅਰਥਾਤ ਬੈਬੁਲ ਨੂੰ ਪਰ-ਤਾਉਣਾ। ਇਸ ਪਰਕਾਰ ਉਹ ਨੈ ਉੱਸੇ ਰਾਤ ਬੇਨਤੀ ਕੀਤੀ। ਹੇ ਸੁਰਗ ਅਤੇ ਧਰਤੀ ਦੇ ਪ੍ਰਭੂ ਸਰਬ ਸਾਮਰਥੀ, ਅਤੇ ਸਰਬ ਗਿਆਨੀ, ਅੰਤਰਜਾਮੀ, ਧਰਮਪੁਸਤਕ ਦੇ ਵਿੱਚ ਤੇਰਾ ਬਚਨ ਹੈ (ਮੰਗੋ ਤਾਂ ਤੁਸੀਂ ਲਓਗੇ, ਢੂੰਡੋ ਤਾਂ ਤੁਹਾ ਨੂੰ ਮਿਲੇਗਾ, ਖੜਕਾਓ, ਤਾਂ ਤੁਹਾਡੇ ਲਈ ਖੋਲ੍ਹਿਆ ਜਾਏਗਾ) ਮੈਂ ਮੰਗਣ ਆਈ ਹਾਂ, ਅਰ ਤੇਰਾ ਆਤਮਾ ਮੈ ਨੂੰ ਸਿਖਾਵੇ, ਜੋ ਸੱਚ ਕੀ ਹੈ, ਮੇਰੀ ਬੇਨਤੀ ਨੂੰ ਅਣਸੁਣਿਆ ਨਾ ਕਰ, ਮੈਂ ਚਾਹੁੰਦੀ ਹਾਂ ਜੋ ਮੈ ਨੂੰ ਸੱਚਾ ਰਾਹ ਦੱਸਿਆਂ ਜਾਵੇ, ਮੈਂ ਮੁਕਤ ਪਾਉਣੀ ਚਾਹੁੰਦੀ ਹਾਂ, ਹਾਇ ਮੈਂ ਬਹੁਤ ਚਾਹੁੰਦੀ ਹਾਂ, ਜੋ ਆਪਣੇ ਛੋਟੇ ਹਰੇਸ ਨੂੰ ਸੁਰਗ ਦੇ ਵਿੱਚ ਫੇਰ ਦੇਖਾਂ, ਹੇ ਪ੍ਰਭੂ ਮੈ ਨੂੰ ਸਿਖਾ॥

ਉਸ ਨੈ ਆਪਣੇ ਨਵੇਂ ਨੇਮ ਨੂੰ ਖੋਲ੍ਹਿਆ, ਅਰ ਉਹ ਨੂੰ ਪੜ੍ਹਨ ਲੱਗੀ, ਮੱਤੀ ਦਾ ਮੰਗਲਸਮਾਚਾਰ ੨੬ ਵੇਂ ਕਾਂਡ ਤੋੜੀ ਪੜ੍ਹਿਆ। ਉਸ ਨੈ ਉਹ ਕਾਂਡ, ਅਰ ਦੋ ਹੋਰ ਬੀ ਬੜੀ ਪ੍ਰੀਤ ਨਾਲ ਪੜ੍ਹੇ, ਅਰ ਅਜਿਹੀ ਚੰਗੀ ਤਰਾਂ ਪਹਿਲੇ ਕਦੇ ਨਹੀਂ ਸਮਝੇ ਸੇ॥

Digitized by Panjab Digital Library | www.panjabdigilib.org

ਦੂਈ ਰਾਤ ਨੂੰ ਬੀ ਉਸ ਨੇ ਬੇਨਤੀ ਕੀਤੀ, ਅਤੇ ਸਾਰਾ ਦਿਨ ਉਸ ਨੇ ਮਨ ਵਿੱਚ ਬੇਨਤੀਆਂ ਕਰਦਿਆਂ ਬਿਤਾਇਆ, ਅਤੇ ਜਦ ਉਹ ਪੜਨ ਨੂੰ ਬੈਠੀ, ਉਹ ਦੀ ਪੋਥੀ ਆਪਣੇ ਆਪ ਯੂਹੰਨਾ ਮੰਗਲਸਮਾਚਾਰ ਦੇ ੨੦ ਵੇਂ ਕਾਂਡ ਉੱਤੇ ਖੁਲ੍ਹੀ। ਇਹ ਉਸ ਮੰਗਲ-ਸਮਾਚਾਰ ਦੇ ਛੇਕੜਲੇ ਕਾਂਡਾਂ ਨੂੰ ਉਥੱਲਦੀ ਹੁੰਦੀ ਸੀ। ਇਸ ਲਈ ਉੱਥੋਂ ਖੁੱਲ੍ਹਣੀ ਕੋਈ ਬੜੀ ਗੱਲ ਨਹੀਂ ਸੀ। ਇਸ ਉੱਤੇ ਉਹ ਨੇ ਵਿਚਾਰਿਆ, ਭਈ ਮੈਂ ਇਸ ਕਾਂਡ ਨੂੰ ਪਹਿਲੇ ਪੜ੍ਹ ਲਵਾਂ, ਫੇਰ ਆਪਣੀ ਨਿੱਤ ਦੀ ਨਿਸ਼ਾਨੀ ਤੇ ਪੜ੍ਹਾਂ। ਉਸ ਨੇ ਬਾਗ ਵਿੱਚ ਜਿਸੂ ਮਸੀਹ ਦੇ ਮਰਿਯਮ ਨੂੰ ਦਰਸ਼ਨ ਦੇਣ ਦੇ ਵਿਖੇ ਪੜ੍ਹਿਆ, ਅਰ ਮਸੀਹ ਦਾ ਉਸ ਨੂੰ ਨਾਉਂ ਲੈਕੇ ਸੱਦਣਾ, ਉਸ ਦਾ ਬੜੇ ਹੀ ਅਨੰਦ ਨਾਲ਼ ਪਛਾਣਨਾ, ਅਰ ਬੋਲ ਉਠਣਾ, ਰਬੂਨੀ, ਅਰਥਾਤ ਹੇ ਗੁਰੂ। ਉਹ ਪੜ੍ਹਦੀ ਰਹੀ, ਜਿੱਥੇ ਨਿਹਚੇ ਹੀਣ ਥੂਮਾ ਨੂੰ ਪ੍ਰੇਮ ਨਾਲ਼ ਬੈਠਾਇਆ, ਅਰ ਅੰਤ ਨੂੰ ਜਿੰਨੀਆਂ ਨਿਸ਼ਾਨੀਆਂ ਉਸ ਨੇ ਮੰਗੀਆਂ ਸਨ, ਜਦ ਸਭ ਦੇ ਚੁੱਕਾ, ਤਾਂ ਜਿਸੂ ਨੇ ਆਖਿਆ, ਹੇ ਥੂਮਾ ਭਰਮੀ ਨਾ ਹੋ, ਸਗੋਂ ਪਤੀਜਮਾਨ ਹੋ, ਅਰ ਜਿਸ ਪਰਕਾਰ ਥੂਮਾ ਨੇ, ਜਦ ਸੂਲ਼ੀ ਉੱਤੇ ਮਾਰੇ ਹੋਏ, ਅਰ ਫੇਰ ਜੀ ਉੱਠੇ ਹੋਏ ਮੁਕਤਦਾਤਾ ਪ੍ਰਭੂ ਨੂੰ ਡਿੱਠਾ, ਤਾਂ ਆਖਿਆ ਮੇਰੇ ਪ੍ਰਭੂ ਮੇਰੇ ਈਸੁਰ। ਤਦ ਉਸ ਨੇ ਦੂਜੀ ਪੌੜੀ ਪੜ੍ਹੀ (ਹੇ ਥੂਮਾ ਤੈਂ ਮੈ ਨੂੰ ਡਿੱਠਾ, ਤਦ ਪਤੀਜਦਾ ਹੈਂ, ਧੰਨ ਓਹ ਹਨ ਜੋ ਮੈ ਨੂੰ ਦੇਖੇ ਬਾਝ੍ਹ ਪਤੀਜਦੇ ਹਨ)। ਇੱਥੇ ਹੀ ਬਸੰਤ ਨੇ ਪੋਥੀ ਠੱਪ ਦਿੱਤੀ, ਅਤੇ ਬਿਵਸਿਆਂ ਆਪਣੇ ਹੱਥ ਜੋੜਕੇ ਆਖਿਆ, ਮੈਂ ਪਤੀਜਦੀ ਹਾਂ, ਜੋ ਜਿਸੂ ਮਸੀਹ ਪਰਮੇਸੁਰ ਦਾ ਪੁਤ੍ਰ ਹੈ, ਅਤੇ ਜਗਤ ਦਾ ਮੁਕਤਦਾਤਾ ਹੈ, ਮੇਰੇ ਪ੍ਰਭੂ, ਮੇਰੇ ਈਸੁਰ, ਫੇਰ ਉਸ ਨੇ ਪੋਥੀ ਚੁੱਕਕੇ ਪੜ੍ਹੀ। (੨੦ ਕਾਂਡ ੩੧ ਪੌੜੀ) (ਇਹ ਗੱਲਾਂ ਇਸ ਲਈ ਲਿਖੀਆਂ ਗਈਆਂ, ਕਿ

Digitized by Panjab Digital Library | www.panjabdigilib.org

ਤੁਸੀਂ ਪਤੀਜੋ, ਜੋ ਜਿਸੂ ਮਸੀਹ ਹੈ, ਅਰ ਪਰਮੇਸੁਰ ਦਾ ਪੁਤ੍ਰ ਹੈ, ਅਰ ਪਤੀਜਕੇ ਉਸ ਦੇ ਨਾਉਂ ਤੇ ਜੀਉਣ ਪਾਵੋ)। ਇੱਕ ਵਾਰੀ ਫੇਰ ਬਸੰਤ ਨੈ ਆਖਿਆ, ਹੇ ਪ੍ਰਭੁ ਮੈਂ ਪਤੀਜਦੀ ਹਾਂ, ਮੈਂ ਨੂੰ ਮਸੀਹ ਦੇ ਨਾਉਂ ਦੇ ਰਾਹੀਂ ਜੀਉਣ ਦਿਹ। ਉਸ ਰਾਤ ਉਸ ਦਾ ਜੀ ਬੜਾ ਪਰਸਿੰਨ ਰਿਹਾ। ਦੀਵੇ ਨੂੰ ਬੁਝਾਕੇ ਉਹ ਲੇਟ ਰਹੀ, ਅਰ ਮੁਕਤਦਾਤਾ ਦੇ ਪ੍ਰੇਮ ਅਰ ਦਇਆ ਦੇ ਕੰਮਾਂ ਨੂੰ ਵਿਚਾਰਨ ਲੱਗੀ, ਫੇਰ ਉਸ ਨੈ ਨਿਹਚੇ, ਅਰ ਪ੍ਰੇਮ ਦੀਆਂ ਇਹ ਗੱਲਾਂ ਆ-ਖੀਆਂ, ਮੇਰਾ ਪ੍ਰਭੁ, ਮੇਰਾ ਈਸੁਰ। ਉਹ ਅਚਰਜ ਹੁੰਦੀ ਸੀ, ਭਈ ਮੈਂ ਜਿਸੂ ਮਸੀਹ ਉੱਤੇ ਬਹੁਤ ਪਹਿਲੇ ਕਿੰਉ ਨਾ ਪਤੀਜੀ। ਪਲ ਮਾਤ੍ਰ ਬੀ ਉਸ ਨੈ ਸੰਸਾ ਨਾ ਕੀਤਾ, ਜੋ ਜਿਸੂ ਮਸੀਹ ਉਹ ਨੂੰ ਪਰਵਾਨ ਕਰੇਗਾ, ਅਥਵਾ ਨਹੀਂ, ਉਹ ਨੂੰ ਛਿਮਾਂ ਕਰੇਗਾ, ਅਥਵਾ ਨਹੀਂ, ਉਹ ਨੂੰ ਧੰਨਵਾਦ ਦੇਵੇਗਾ, ਅਤੇ ਸੁਰਗ ਵਿੱਚ ਚੁੱਕ ਲਏਗਾ, ਅਥਵਾ ਨਹੀਂ। ਉਹ ਜਿਸੂ ਉੱਤੇ ਪਤੀਜੀ, ਅਰ ਉਸ ਦੇ ਨਾਲ ਪਿਆਰ ਕੀਤਾ, ਉਹ ਹੁਣ ਅਕੱਥ ਪਰਸਿੰਨਤਾ ਨਾਲ ਭਰੀ ਹੋਈ ਸੀ, ਅਤੇ ਚਮਤਕਾਰੇ ਨਾਲ ਭਰੀ ਹੋਈ ਸੀ, ਅਰ ਉਸ ਨੈ ਉਸ ਰਾਤ ਇਹ ਬੇਨਤੀ ਕੀਤੀ॥

ਹੇ ਪ੍ਰਭੁ ਜਿਸੂ ਮਸੀਹ ਮੈਂ ਤੇਰਾ ਧੰਨਵਾਦ ਕਰਦੀ ਹਾਂ, ਕਿੰਉ ਜੋ, ਤੈਂ ਮੇਰੇ ਛੋਟੇ ਹਰੇਸ ਨੂੰ ਆਪਣੇ ਕੋਲ ਲੈ ਲਿਆ ਹੈ। ਜੇ ਉਹ ਮੇਰੇ ਕੋਲ ਰਹਿੰਦਾ, ਤਾਂ ਮੂਰਤਾਂ ਦੀ ਪੂਜਾ ਵਿੱਚ ਵਧਦਾ, ਅਰ ਮੈਂ ਬੀ ਉਨ੍ਹਾਂ ਨੂੰ ਪੂਜਦੀ ਰਹਿੰਦੀ। ਜੇਕਰ ਉਹ ਪਿਆਰਾ ਪੰਛੀ ਉੱਡਕੇ ਤੇਰੀ ਝੋਲੀ ਵਿੱਚ ਨਾ ਆਉਂਦਾ, ਅਤੇ ਤੇਰੀ ਛਾਤੀ ਵਿੱਚ ਨਾ ਬਚਾਇਆ ਜਾਂਦਾ, ਤਾਂ ਮੈਂ ਤੇਰੇ ਤੇਰੀ ਪਹੁੰਚਣ ਦਾ ਹੀਆ ਕਿੱਕੁਰ ਕਰਦੀ। ਹੇ ਪ੍ਰਭੁ ਮੇਰਾ ਮੁੰਡਾ ਤੇਰੇ ਨਾਲ ਹੈ, ਅਰ ਮੇਰੇ ਆਤਮੇ ਨੂੰ ਬੀ ਆਪਣੇ ਕੋਲ ਸੱਦ ਲੈ, ਅਰ ਇਹ ਅਮੋਲ ਰਤਨ

ਹੈ, ਜੋ ਪਰਮੇਸੁਰ ਨੈ ਦਿੱਤਾ, ਅਰ ਮੈਂ ਇਸ ਦੀ ਰਾਖੀ ਨਹੀਂ ਕਰ ਸਕਦੀ, ਪਰ ਤੂੰ ਕਰ ਸਕਦਾ ਹੈਂ। ਇਸ ਲਈ ਮੇਰੇ ਸਭ ਪਾਪ ਆਪਣੇ ਅਮੁੱਲੇ ਲਹੂ ਨਾਲ ਧੋ ਦਿਹ, ਅਰ ਉਸ ਨੂੰ ਨਿਆਉਂ ਦੇ ਦਿਨ ਤੋੜੀ ਰੱਖ, ਅਤੇ ਉਸ ਦਿਨ ਇਹ ਆਖ, ਭਈ ਇਹ ਆਤਮਾ ਮੇਰੇ ਸਿੱਖ ਦੀ ਹੈ, ਕਿੰਉ ਜੋ ਮੈਂ ਇਹ ਨੂੰ ਮੁੱਲ ਲਿਆ; ਆਮੀਨ॥

ਇਹ ਬੇਨਤੀ ਸੁਣੀ ਗਈ, ਮਸੀਹ ਨੈ ਉੱਸੇ ਦਿਨ ਥੋਂ, ਜੋ ਉਹ ਨੂੰ ਸੌਂਪਿਆ ਗਿਆ ਸੀ, ਉਸ ਦਾ ਅਧਿਕਾਰ ਲਿਆ, ਅਰ ਉਸ ਦੇ ਕੋਲ ਉਹ ਸੁਖਸਾਂਦ ਨਾਲ ਰਿਹਾ, ਕਿੰਉ ਜੋ ਭਲਾ ਉਸ ਨੈ ਨਹੀਂ ਆਖਿਆ, ਕਿ ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿਆਂਗਾ, ਅਰ ਉਨ੍ਹਾਂ ਨੂੰ ਮੇਰੇ ਹੱਥੋਂ ਕੋਈ ਨਹੀਂ ਖੋਹ ਸਕੇਗਾ। ਇਸ ਸੌਂਪਣਾ ਦਾ ਅਨੰਦ ਕਿੱਥੋਂ ਤੋੜੀ ਕਿਹਾ ਜਾਵੇ, ਬਸੰਤ ਹੁਣ ਸ਼ਾਂਤ ਵਿੱਚ ਸੀ—ਉਸ ਪਰਮੇਸੁਰ ਦੀ ਸ਼ਾਂਤ ਵਿੱਚ, ਜੋ ਬੁੱਧ ਤੇ ਬਾਹਰ ਹੈ, ਅਤੇ ਉਹੋ ਉਸ ਨੂੰ ਆਪਣੇ ਅਧਿਕਾਰ ਵਿੱਚ ਰਖਦੀ ਸੀ, ਅਰ ਉਹ ਦੇ ਆਤਮਾ ਨੂੰ ਚਲਾਉਂਦੀ ਸੀ। ਉਹ ਅਨੰਦ ਉਹ ਦੀਆਂ ਅੱਖਾਂ ਵਿੱਚ ਚਮਕਦਾ ਸੀ, ਅਰ ਉਸ ਦੀ ਸਾਰੀ ਜਿੰਦ ਵਿੱਚ ਪਸਰ ਗਿਆ ਸੀ॥

ਹੁਣ ਥੋਂ ਉਹ ਮੰਗਲ ਸੁਰਗ ਵਿੱਚ ਬੱਝ ਗਿਆ ਸੀ, ਅਰ ਉਸ ਛੋਟੇ ਮੁੰਡੇ ਦੇ ਹੱਥੋਂ ਜਿਸੂ ਦੇ ਹੱਥ ਵਿੱਚ ਚਲਿਆ ਗਿਆ, ਉਸ ਨੈ ਉਹ ਨੂੰ ਅਜਿਹਾ ਘੁੱਟਕੇ ਫੜ ਰੱਖਿਆ ਸੀ, ਜੋ ਕੋਈ ਬੀ ਉਹ ਦੇ ਹੱਥੋਂ ਨਾ ਛੁਡਾ ਸਕਿਆ। ਇਸੇ ਰਾਤ ਦੇ ਬੀਤਿਆਂ ਬਸੰਤ ਦਾ ਸੁਭਾਉ ਬਹੁਤ ਵੱਟਿਆ ਗਿਆ, ਉਸ ਦਾ ਮੂੰਹ, ਜੋ ਅਜਿਹੀਆਂ ਡੂੰਘੀਆਂ ਚਿੰਤਾਂ, ਅਰ ਗਿਲਤੀਆਂ ਵਿੱਚ ਡੁੱਬਾ ਰਹਿੰਦਾ ਸੀ, ਅਰ ਬਹੁਤਾ ਉਦਾਸ ਬੀ ਰਹਿੰਦਾ ਸੀ, ਹੁਣ ਅਨੰਦ ਨਾਲ ਭਰਿਆ ਦਿੱਸਦਾ, ਅਰ ਅਜਿਹਾ ਜਾਪਦਾ ਸੀ, ਜੋ ਉਹ ਦੇ ਮਨ ਵਿੱਚ



Digitized by Panjab Digital Library | www.panjabdigilib.org

ਕੋਈ ਗੁੱਝੇ ਅਨੰਦ ਦਾ ਸੁੰਬ ਹੈ। ਅਰ ਭੀਮਤਾਂ ਅਚਰਜ ਹੋਲ, ਪਰ ਆਖਲ ਕੁਛ ਨਹੀਂ॥

ਹੁਲ ਦੀ ਵਾਗੀ ਜਦ ਪ੍ਰੇਮਚੰਦ ਆਇਆ, ਤਾਂ ਉਸ ਨੇ ਬੀ ਇਸ ਸੁਭਾਉ ਬਦਲੇ ਨੂੰ ਲਖ ਲਿਆ, ਅਰ ਪਹਿਲਾ ਹੀ ਔਸਰ ਪਾਕੇ ਉਸ ਨੈ ਆਖਿਆ, ਹੇ ਬਸੰਤ ਤੇਰੀ ਕੀ ਭੇਲ ਹੈ, ਤੂੰ ਬਹੁਤ ਪਰਸਿੰਨ ਜਾਪਦੀ ਹੈਂ?

ਹੇ ਪ੍ਰੇਮਚੰਦ ਮੈਂ ਉਹੋ ਕੀਤਾ, ਜੋ ਉਸ ਤੀਮਤ ਨੇ ਕੀਤਾ ਸੀ। ਮੈਂ ਬੈਬੁਲ ਨੂੰ ਜਾਚਿਆ, ਅਰ ਨਿਰਾ ਸੱਚ ਲੱਭਾ, ਅਰ ਮੈਂ ਜਿਸੂ ਮਸੀਹ ਨੂੰ ਆਖਿਆ ਹੈ, ਹੇ ਮੇਰੇ ਪ੍ਰਭੁ, ਮੇਰੇ ਈਸੁਰ, ਮੈਂ ਹੁਲ ਖ੍ਰਿਸਟਾਨ ਹਾਂ॥

ਕੱਛੂ ਸਹੇ ਕੋਲੋਂ ਬੀ ਅੱਗੇ ਵਧ ਗਿਆ, ਅਤੇ ਬਸੰਤ ਭਲਾ ਇੱਸੇ ਨੈ ਤੁਹਾ ਨੂੰ ਪਰਸਿੰਨਤਾ ਦਿੱਤੀ ਹੈ॥

ਹਾਂ, ਹੁਲ ਮੇਰੇ ਮਨ ਵਿੱਚ ਸੁਖ ਅਰ ਸਾਂਤ ਹੈ। ਅਤੇ ਆਹਾ ਹਾ ਪ੍ਰੇਮਚੰਦ, ਮੈਂ ਆਪਲੇ ਮੁੰਡੇ ਨੂੰ ਫੇਰ ਵੇਖਾਂਗੀ? ਜਦ ਮੈਂ ਮਰਾਂਗੀ ਅਰ ਸੁਰਗ ਵਿੱਚ ਜਾਵਾਂਗੀ, ਤਾਂ ਜਿਸੂ ਉਹ ਨੂੰ ਫੇਰ ਮੈ ਨੂੰ ਦੇ ਦੇਵੇਗਾ॥

ਤਦ ਪ੍ਰੇਮਚੰਦ ਦਾ ਮੂੰਹ ਉਦਾਸ ਜਿਹਾ ਦਿਖਾਈ ਦਿੱਤਾ, ਅਰ ਬਸੰਤ ਨੈ ਉਹ ਨੂੰ ਆਖਿਆ, ਹੇ ਪ੍ਰੇਮਚੰਦ ਭਲਾ ਤੈਂ ਬੈਬੁਲ ਨੂੰ ਜਾਚਿਆ ਹੈ॥

ਨਹੀਂ, ਬਸੰਤ ਮੈਂ ਡਰ ਗਿਆ, ਮੈਂ ਖ੍ਰਿਸਟਾਨ ਧਰਮ ਉੱਤੇ ਪਤੀਜਲਾ ਚਾਹੁੰਦਾ ਹਾਂ, ਪਰ ਕੁਛ ਅਜਿਹਾ ਹੁੰਦਾ ਹੈ, ਜੋ ਮੈਂ ਖ੍ਰਿਸਟਾਨ ਹੋਲ ਥੋਂ ਡਰ ਜਾਂਦਾ ਹਾਂ, ਪਰ ਹੁਲ ਮੈਂ ਛੇਤੀ ਕਰਾਂਗਾ॥

ਉਹ ਬਸੰਤ ਕੋਲੋਂ ਵਿਦਿਆ ਹੋਇਆ, ਕਿਸੇ ਨੈ ਉਹ ਨੂੰ ਫੇਰ ਉਸ ਸਾਰੇ ਦਿਨ ਵਿੱਚ ਨਾ ਡਿੱਠਾ। ਤ੍ਰਿਕਾਲਾਂ ਨੂੰ ਉਹ ਮੁੜਿਆ,

Digitized by Panjab Digital Library | www.panjabdigilib.org

ਅਰ ਉਹ ਦੇ ਪਿਉ ਨੇ ਪੁੱਛਿਆ, ਤੂੰ ਕਿੱਥੇ ਸਾ, ਉੱਤਰ ਦਿੱਤਾ, ਮੈਂ ਬੜੀ ਦੂਰ ਤੋੜੀ ਫਿਰ ਆਇਆ ਹਾਂ, ਅਰ ਅੰਬਾਂ ਦੀ ਛਾਂ ਹੇਠ ਬੈਠਾ ਸਾ। ਇਹ ਗੱਲ ਸੱਚ ਸੀ, ਪਰ ਉਸ ਨੈ ਨਹੀਂ ਆਖਿਆ, ਜੋ ਬ੍ਰਿਛਾਂ ਹੇਠ ਉਸ ਉੱਜਲ ਵਿਸ੍ਰਾਮ ਦੇ ਦਿਨ ਉਹ ਨੂੰ ਕੌਣ ਮਿਲਿਆ। ਉਸ ਇਕਾਂਤ ਥਾਂ ਵਿੱਚ ਜਿਸੂ ਨੇ ਉਹ ਨੂੰ ਆਪਣਾ ਦਰਸਨ ਦਿੱਤਾ, ਅਰ ਉਸ ਨੈ ਬੀ ਆਖ ਲਿਆ ਸੀ, ਮੇਰੇ ਪ੍ਰਭੂ, ਮੇਰੇ ਈਸੁਰ, ਬਸੰਤ ਨੇ ਇੱਕੋ ਅਚਰਜ ਝਲਕ ਵਿੱਚ ਇਹ ਸਭ ਜਾਣ ਲਿਆ॥

ਜਿਸੂ ਜਿਨਾਂ ਨੂੰ ਬੁਲਾਉਂਦਾ ਹੈ, ਉਨਾਂ ਨੂੰ ਆਪਣਾ ਹੋਰ ਹੋਰ ਪ੍ਰਕਾਰ ਦਰਸ੍ਨ ਦਿੰਦਾ ਹੈ। ਤਾਂ ਬੀ ਸਭਨਾਂ ਨੂੰ ਜਿਨਾਂ ਨੂੰ ਉਹ ਆਪਣਾ ਦਰਸਨ ਦਿੰਦਾ ਹੈ, ਥੂਮਾ ਵਾਂਙੂੰ ਆਖਿਆ ਲੋੜੀਦਾ ਹੈ, ਮੇਰਾ ਪ੍ਰਭੂ, ਮੇਰਾ ਈਸੁਰ, ਜੇ ਇਸ ਥੋਂ ਕੁਛ ਘੱਟ ਹੋਵੇ, ਤਾਂ ਜਾਣਿਆਂ ਜਾਂਦਾ ਹੈ, ਜੋ ਪਰਮਾਤਮਾ ਨੇ ਆਪਣਾ ਆਪ ਉਸ ਨੂੰ ਨਹੀਂ ਵਿਖਾਇਆ॥

ਬਸੰਤ ਅਰ ਪ੍ਰੇਮਚੰਦ ਵੱਖੋ ਵੱਖਰੀ ਤਰਾਂ ਜਿਸੂ ਦੇ ਕੋਲ ਪਹੁੰਚੇ, ਪਰ ਤਾਂ ਬੀ ਦੋਵੇਂ ਪਵਿਤ੍ਰ ਆਤਮਾ ਨਾਲ ਸਿਖਾਏ ਗਏ, ਅਰ ਦੋਹਾਂ ਨੈ ਜਿਸੂ ਨੂੰ ਪ੍ਰਭੂ ਆਖਿਆ। ਇਸ ਵੇਲੇ ਥੋਂ ਦੋਵੇਂ ਉੱਸੇ ਦੇ ਹੋ ਗਏ। ਉਨਾਂ ਦੇ ਅੱਗੇ ਦੁੱਖ ਅਰ ਕਸ੍ਟ, ਅਰ ਕੀ ਜਾਣੀਏ ਡਾਢੇ ਕਲੇਸ਼ ਬੀ ਸਨ। ਪਰ ਇਨਾਂ ਨਾਲ ਕੀ ਹੋ ਸਕਦਾ ਸੀ। ਇਹ ਬਹੁਤ ਚੰਗਾ ਹੈ, ਜੋ ਸਾਡੇ ਸਭ ਥੋਂ ਪਿਆਰੇ ਅਰ ਮਿਤ੍ਰ ਸਾਡੀ ਨਿੰਦਿਆ ਕਰਨ, ਪਰੰਤੂ ਪ੍ਰਤਾਪ ਦਾ ਮੁਕਟ, ਇਸ ਸੰਸਾਰ ਦੇ ਪਿੱਛੇ ਸਾ ਥੋਂ ਨਾ ਛੁੱਟੇ। ਇਹ ਬਹੁਤ ਹੀ ਚੰਗਾ ਹੈ, ਜੋ ਸਾਡਾ ਪਰਵਾਰ ਸਭ ਦੇ ਸਾਮ੍ਹਣੇ ਆਖ ਦੇਵੇ, ਭਈ ਇਹ ਸਾਡਾ ਨਹੀਂ ਹੈ, ਉਸ ਕੋਲੋਂ, ਪਰ ਅੰਤ ਦੇ ਦਿਨ ਜਿਸੂ ਆਖੇ, ਮੈ ਥੋਂ ਚਲਿਆ ਜਾਹ, ਮੈਂ ਤੁਹਾ ਨੂੰ ਨਹੀਂ ਪਛਾਣਦਾ ਸਾਂ॥

Digitized by Panjab Digital Library | www.panjabdigilib.org

# ੧੩ ਕਾਂਡ॥

## ਨਵੇਂ ਜੀਉਣ ਦੀ ਕਥਾ।

ਮਹੀਨੇ ਸੁਖਸਾਂਦ ਨਾਲ ਬੀਤਦੇ ਗਏ। ਬਸੰਤ ਸਭ ਦੇ ਸਾਮ੍ਹਣੇ ਇੱਕ ਗੁੱਝੇ ਪਦਾਰਥ ਵਰਗੀ ਸੀ। ਉਹ ਬਹੁਤ ਪਰਸਿੰਨ ਦਿੱਸਦੀ ਸੀ। ਕਾਮਿਨੀ, ਜੋ ਹੁਣ ਦਸਾਂ ਵਰਿਹਾਂ ਦੀ ਹੋ ਗਈ, ਅਰ ਵਿਆਹੁਣ ਜੋਗੀ ਬੀ ਹੋ ਗਈ ਸੀ, ਬਸੰਤ ਨਾਲ ਉਤਨਾ ਹੀ ਪਿਆਰ ਕਰੇ, ਜਿੰਨਾ ਪ੍ਰਸੰਨੂ ਨਾਲ। ਬਸੰਤ ਉਹ ਦੀ ਸਹਾਇਤਾ ਕਰਨ, ਅਰ ਉਹ ਦੇ ਸਿੱਖਾਉਣ ਵਿੱਚ ਲੱਗੀ ਰਹੇ। ਪ੍ਰਿਯਨਾਥ ਨੈ ਬੀ ਉਹ ਨੂੰ ਚਿੜਾਉਣਾ ਛੱਡ ਦਿੱਤਾ, ਕਿੰਉ ਜੋ, ਉਸ ਨੈ ਜਾਤਾ, ਭਈ ਹੁਣ ਬਸੰਤ ਉਸ ਦੇ ਹਾਸੀ ਠੱਠੇ ਨੂੰ ਬੜੇ ਧੀਰਜ ਨਾਲ ਸਹਾਰ ਲੈਂਦੀ ਹੈ, ਅਤੇ ਉਨਾਂ ਥੋਂ ਕੋਈ ਹਾਸੇ ਆਉਣ ਦੀ ਗੱਲ ਨਹੀਂ ਰਹਿੰਦੀ। ਹਿਰਨੀ ਨੈ ਬੀ ਇਸ ਬਦਲ ਜਾਣ ਦੀ ਗੱਲ ਚੰਗੀ ਤਰਾਂ ਜਾਣ ਲਈ, ਅਰ ਉਹ ਬਸੰਤ ਕੋਲ ਆਪਣਾ ਦੁੱਖ ਸੁਣਾਉਣ ਜਾਇਆ ਕਰੇ, ਕਿੰਉ ਜੋ ਉਹ ਨੂੰ ਪਰਤੀਤ ਸੀ, ਭਈ ਬਸੰਤ ਮੇਰੇ ਦੁੱਖ ਸੁਣੇਗੀ, ਅਰ ਦਇਆ ਕਰਕੇ ਮੈ ਨੂੰ ਸਾਂਤ ਦੇਵੇਗੀ। ਕੁਮਾਰੀ ਅਰ ਪ੍ਰਸੰਨੂ ਬੀ ਬੜਾ ਅਚਰਜ ਕਰਨ, ਅਰ ਵਿਚਾਰਨ ਜੋ ਹੁਣ ਬਸੰਤ ਨੂੰ ਕੀ ਹੋ ਗਿਆ। ਉਸ ਨੈ ਹੁਣ ਕਠੋਰ ਗੱਲਾਂ ਬੋਲਣੀਆਂ, ਪਰਮੇਸੁਰ ਨੂੰ ਦੋਸ ਦੇਣਾ, ਆਪਣੇ ਸੁਆਮੀ ਅਰ ਹਰੇਸ ਦੇ ਲਈ ਰੋਣਾ ਝੂਰਨਾ ਛੱਡ ਦਿੱਤਾ ਹੈ। ਇੱਕ ਵੇਰੀ ਪ੍ਰਸੰਨੂ ਨੈ ਆਖਿਆ, ਉਹ ਹੁਣ ਕਦੀ ਪੂਜਾ ਨਹੀਂ ਕਰਦੀ, ਨਾ ਕਦੀ ਫਲ ਫੁੱਲ ਲਿਆਉਣ ਵਿੱਚ ਸਾਡੇ ਕੰਮ ਆਉਂਦੀ ਹੈ। ਇਸ ਉੱਤੇ ਕੁਮਾਰੀ ਨੈ ਇੱਕ ਨਿੱਕਾ ਜਿਹਾ ਉੱਤਰ ਦੇ ਦਿੱਤਾ, ਜੋ ਉਸ ਨੈ ਆਪਣੀ ਭਾਉਂਦੀ ਕਰਨੀ ਹੈ। ਪਰ ਉਹ ਬੜੀ ਸਿਆਣੀ ਸੀ, ਉਸ ਨੈ ਜਾਣ ਲਿਆ, ਭਈ

Digitized by Panjab Digital Library | www.panjabdigilib.org

ਬਸੰਤ ਦਾ ਨਿਹਚਾ ਹੁਣ ਹਿੰਦੂ ਧਰਮ ਉੱਤੇ ਨਹੀਂ ਰਿਹਾ। ਪਰ ਉਹ ਇਹ ਬੀ ਨਹੀਂ ਚਾਹੁੰਦੀ ਸੀ, ਜੋ ਇਹ ਗੱਲ ਅਮਲ ਵਿੱਚ ਹੋ ਜਾਵੇ॥

ਉਨ੍ਹੀਂ ਦਿਨੀਂ ਇੱਕ ਗੱਲ ਅਜਿਹੀ ਹੋਈ, ਜਿਸ ਨੈ ਉਸ ਸਾਰੇ ਛੋਟੇ ਨੱਗਰ ਵਿੱਚ ਹਲਚਲੀ ਪਾ ਦਿੱਤੀ। ਕਈ ਉੱਚੀ ਕੁਲਵਾਲੇ ਘਰਾਣਿਆਂ ਨੈ ਬ੍ਰਹਮਸਮਾਜ ਦੇ ਮਤ ਅਨੁਸਾਰ ਗੱਲਾਂ ਮੰਨ ਲਈ-ਆਂ ਸਨ, ਉਨ੍ਹਾਂ ਨੈ ਪੂਜਾ ਕਰਨੀ ਛੱਡ ਦਿੱਤੀ, ਅਰ ਨਿਰਾ ਇੱਕੋ ਪਰਮੇਸੁਰ ਨੂੰ ਭਜਦੇ ਸਨ। ਉਹ ਜਾਣਦੇ ਸੇ, ਕਿ ਜਾਤ ਦਾ ਬੰਧਨ ਬੁਰਾ ਹੈ, ਅਰ ਸਹਿਜੇ ੨ ਇਸ ਦੀ ਫਾਹੀ ਥੋਂ ਆਪਣੇ ਆਪ ਨੂੰ ਛੁਡਾਉਣਾ ਚਾਹੁੰਦੇ ਸੇ। ਅਰ ਹੁਣ ਇੱਕ ਵਿਆਹ ਦੀ ਕੁੜਮਾਈ, ਅਰਥਾਤ ਮੰਗਣੀ, ਦੋਹੁੰ ਘਰਾਣਿਆਂ ਵਿੱਚ ਹੋਈ, ਜਿਸ ਵਿੱਚ ਵਰ ਤਾਂ ਅਜਿਹਾ ਸੀ, ਜਿਸ ਦੀ ਤੀਮਤ ਅੱਗੇ ਮਰ ਗਈ ਸੀ, ਅਰ ਵਹੁਟੀ ਵਿਧਵਾ ਸੀ॥

ਵਰ ੨੨ ਵਰਿਹਾਂ ਦਾ ਸੀ, ਅਰ ਉਸ ਦਾ ਨਾਉਂ ਭਵਨਮੋਹਨ-ਬਾਰਨ ਜੀ ਸਾ। ਉਹ ਦਾ ਵਿਆਹ ੧੮ ਵਰਿਹਾਂ ਦੀ ਅਵਸਥਾ ਵਿੱਚ ੭ ਵਰਿਹਾਂ ਦੀ ਕੁੜੀ ਨਾਲ ਹੋਇਆ ਸੀ, ਅਰ ਦੋ ਵਰਹੇ ਪਿੱਛੋਂ ਉਹ ਛੋਟੀ ਕੁੜੀ ਮਰ ਗਈ ਸੀ। ਉਸ ਜੁਆਨ ਨੈ ਛੇਤੀ ਨਾਲ ਵਿਆਹ ਕਰਨ ਦੀ ਚਿੰਤਾ ਨਾ ਕੀਤੀ। ਨਾਲੇ ਉਹ ਅਰ ਉਸ ਦਾ ਪਿਉ ਇੱਕ ਨਵੇਂ ਮਤ ਦੇ ਗ੍ਰਹਣ ਕਰਨ ਵਿੱਚ ਸੇ, ਇੱਸੇ ਕਾਰਨ ਉਨ੍ਹਾਂ ਨੈ ਉਸ ਵੇਲੇ ਇਸ ਗੱਲ ਨੂੰ ਰਹਿਣ ਦਿਤਾ। ਉਨ੍ਹਾਂ ਦੇ ਕੋਲ ਹੀ ਨਾਲ ਦੇ ਘਰ ਵਿੱਚ ਇੱਕ ਜੁਆਨ ਵਿਧਵਾ ਸੋਲਾਂ ਵਰਿਹਾਂ ਦੀ ਰਹਿੰਦੀ ਸੀ, ਉਸ ਦਾ ਗਭਰੂ ਪੰਜ ਵਰਹੇ ਪਹਿਲੇ ਮਰ ਗਿਆ ਸੀ। ਉਹ ਮਨਮੋਹਣੀ ਅਤੇ ਪਿਆਰਵਾਲੀ ਕੁੜੀ ਸੀ, ਅਰ ਪੜ੍ਹਨਾ ਬੀ ਥੋਹੜਾ ਬਹੁਤ ਸਿੱਖ ਗਈ। ਉਸ ਜੁਆਨ ਨੈ ਪੰਡਿਤ ਵਿਦਜਾਸਾਗਰ ਦੇ ਨਵੇਂ ਮਤ ਨੂੰ ਬੜੇ ਉਤਸ਼ਾਹ ਨਾਲ

Digitized by Panjab Digital Library | www.panjabdigilib.org

ਗ੍ਰਹਣ ਕਰ ਲਿਆ ਸੀ। ਕਈ ਵਾਰੀ ਉਸ ਕੁੜੀ ਦੇ ਦੇਖਣ ਦਾ ਔਸਰ ਉਹ ਨੂੰ ਮਿਲਿਆ, ਅਰ ਓੜਕ ਨੂੰ ਉਹ ਨੈ ਆਪਣੇ ਪਿਉ ਨੂੰ ਆਖਿਆ, ਕਿ ਜੇ ਇਹ ਮੇਰੀ ਤੀਮੀਂ ਹੁੰਦੀ ਤਾਂ ਬੜਾ ਚੰਗਾ ਕੰਮ ਸੀ। ਕਈ ਵਿਆਹ ਇਸ ਤਰਾਂ ਦੇ ਹੋ ਗਏ ਸੇ, ਪਰ ਇਸ ਵਿਖੇ ਕਈ ਔਖ ਬੀ ਸਨ, ਓਹ ਔਖ ਅੰਤ ਨੂੰ ਹਟ ਬੀ ਗਏ ਸੇ। ਇਹ ਠਹਿਰਾਇਆ ਗਿਆ, ਜੋ ਸ੍ਰੀਯੁਤ ਭਵਨਮੋਹਨਬਾਰਨ ਜੀ ਦਾ, ਸ੍ਰੀਮਤੀ ਮੁਕਤਕੇਸੀ ਨਾਲ਼ ਵਿਆਹ ਹੋਵੇਗਾ। ਇਹ ਖਬਰ ਬਨ ਦੀ ਅੱਗ ਵਾੱਕੁਰ ਪਸਰ ਗਈ, ਅਰ ਇਸ ਦੀ ਅਜਿਹੀ ਚਰਚਾ ਹੋਣ ਲੱਗੀ, ਜਿਸ ਦਾ ਅੰਤ ਨਹੀਂ। ਘਰ ਘਰ ਇਹੋ ਕਹਾਣੀ ਲੋਕਾਂ ਦੇ ਮੂੰਹ ਆ ਗਈ, ਅਰ ਮੁੜ ਮੁੜ ਰੌਲਾ ਪਏ। ਕਈ ਤਾਂ ਇਸ ਵਿੱਚ ਰਤੀ ਨਾ ਪਰਸਿੰਨ ਹੋਏ, ਅਰ ਆਖਣ ਲੱਗੇ, ਭਈ ਨਾ ਅਸੀਂ ਇਨ੍ਹਾਂ ਨਾਲ਼ ਬੋਲਚੱਲ ਰੱਖਾਂਗੇ, ਨਾ ਇਨ੍ਹਾਂ ਨਾਲ਼ ਬੈਠ-ਕੇ ਖਾਵਾਂਗੇ, ਅਰ ਉਨ੍ਹਾਂ ਨੂੰ ਨੀਚ ਕਮੀਨਿਆਂ ਵਰਗੇ ਸਮਝਾਂਗੇ। ਕਿਨ੍ਹਾਂ ਨੈ ਆਖਿਆ ਭਈ ਉਨ੍ਹਾਂ ਆਪਣੀ ਭਾਉਂਦੀ ਕਰਨੀ ਹੈ, ਅਰ ਓਹ ਆਖਦੇ ਹਨ, ਸਾਸਤ੍ਰ ਵਿੱਚ ਇਹ ਦੇ ਵਿਰੁੱਧ ਕੁਛ ਨਹੀਂ ਲਿਖਿਆ। ਅਰ ਸੱਚ ਪੁੱਛੋ, ਤਾਂ ਇਹ ਕੋਈ ਬੁਰੀ ਗੱਲ ਨਹੀਂ ਹੈ। ਪਰ ਭਾਵੇਂ ਕੁਛ ਹੋਵੇ ਸਾਡਾ ਉਨ੍ਹਾਂ ਨਾਲ਼ ਕੁਛ ਪ੍ਰਯੋਜਨ ਨਹੀਂ। ਕਈ ਇਸ ਵਿੱਚ ਬੜੇ ਰਾਜੀ ਹੋਏ, ਅਰ ਆਸ ਕਰਨ ਲੱਗੇ, ਭਈ ਇਹ ਨਵੀਂ ਰੀਤ ਸਾਰੇ ਖਿੰਡ ਜਾਏਗੀ॥

ਪੰਡਿਤ ਦੇ ਘਰ ਵਿੱਚ ਬੀ ਇਸ ਗੱਲ ਦੀ ਚਰਚਾ ਹੋਈ। ਪੰਡਿਤ ਅਰ ਉਸ ਦਾ ਭਰਾਉ ਤਾਂ ਇਸ ਵਿਚ ਕੁਛ ਰਾਜੀ ਨਾ ਹੋਏ, ਪਰ ਪ੍ਰੇਮਚੰਦ ਇਸ ਚਾਲ ਦੀ ਭਲਿਆਈ ਵਿੱਚ ਬਥੇਰਾ ਕੁਛ ਆਖੇ। ਉਸ ਦੀ ਮਾਂ ਆਪਣੇ ਪੁਤ੍ਰ ਨੂੰ ਵਡਾ ਸਲਾਹੁੰਦੀ ਸੀ। ਉਹ ਉਸ ਨੂੰ ਸਭਨਾਂ ਗੱਲਾਂ ਵਿੱਚ ਪੂਰਾ ਜਾਣਦੀ, ਅਤੇ ਇੱਸੇ ਕਰਕੇ ਜੋਹੜਾ

ਕੁਛ ਉਹ ਠੀਕ ਸਮਝੇ, ਉਹੋ ਆਪ ਬੀ ਠੀਕ ਸਮਝਦੀ ਸੀ। ਸੋ ਅਜਿਹਾ ਹੋਇਆ, ਜੋ ਤੀਮਤਾਂ ਵਿੱਚ ਤਾਂ ਇਹ ਵਿਆਹ ਬੜੀ ਪਰਸਿੰਨਤਾ ਅਰ ਮਨ ਲੱਗਣ ਦਾ ਕਾਰਨ ਹੋਇਆ। ਉਹ ਬਹਾਨੇ ਬਹਾਨੇ ਨਾਲ਼ ਹਿਰਨੀ ਨੂੰ ਗੁਆਂਢ ਦੇ ਘਰਾਂ ਵਿੱਚ ਭੇਜਿਆ ਕਰਨ, ਅਰ ਜਦ ਉਹ ਮੁੜ ਆਵੇ, ਤਾਂ ਉਸ ਥੋਂ ਬੜੇ ਚਾਉ ਨਾਲ਼ ਗੱਲਾਂ ਪੁੱਛਿਆ ਕਰਨ, ਅਤੇ ਨਿੱਕੀਆਂ ੨ ਨਵੀਆਂ ਗੱਲਾਂ ਬੀ ਉਨ੍ਹਾਂ ਦੇ ਮਨ ਨੂੰ ਭਾਉਣ।

ਗੱਲ ਕਾਹਦੀ ਵਿਆਹ ਦਾ ਦਿਨ ਨੇੜੇ ਆਇਆ। ਪੰਡਿਤ, ਅਰ ਉਸ ਦੇ ਘਰਵਾਲ਼ਿਆਂ, ਅਤੇ ਆਂਢ ਗੁਆਂਢ ਦੇ ਕਈਆਂ ਘਰਾਂ ਵਿੱਚ ਨੇਉਂਦਾ ਆਇਆ। ਤੀਮਤਾਂ ਜਾਣ ਨੂੰ ਬਹੁਤ ਚਾਹੁੰਦੀਆਂ ਸੀਆਂ, ਪਰ ਏਹ ਨਹੀਂ ਜਾਣਦੀਆਂ ਸਨ, ਜੋ ਪੰਡਿਤ ਕੀ ਆਖੇ। ਬਹੁਤ ਵਿਚਾਰਾਂ ਕਰਨ ਤੇ ਉਪਰੰਦ ਉਸ ਨੈ ਉੱਥੇ ਜਾਣ ਦਾ ਮਨ ਕੱਢਿਆ, ਅਰ ਤੀਮਤਾਂ ਬੜੀਆਂ ਪਰਸਿੰਨ ਹੋਈਆਂ। ਵਿਆਹ ਦੇ ਦਿਨ ਪਰਭਾਤ ਵੇਲ਼ੇ ਕੁਮਾਰੀ ਅਰ ਪ੍ਰਸੰਨੂ ਨੈ ਵੈਂਜਨੀ ਰੰਗ ਦੀ ਸਾੜ੍ਹੀ ਉੱਤੇ ਲਈ, ਅਤੇ ਆਪੋ ਆਪਣੇ ਗਹਿਣੇ ਪਾਏ, ਪੈਰਾਂ ਉੱਤੇ ਮਹਿੰਦੀ ਲਾਈ। ਬਸੰਤ ਵਿਚਾਰੀ ਕੋਈ ਗਹਿਣਾ ਤਾਂ ਨਹੀਂ ਪਾ ਸਕਦੀ ਸੀ, ਪਰ ਪੱਟ ਦੀ ਸਾੜ੍ਹੀ ਉਹ ਨੂੰ ਬੀ ਦਿੱਤੀ, ਜੋ ਉੱਤੇ ਲੈ ਲਵੇ। ਉਸ ਦੇ ਸੱਖਣੇ ਹੱਥ ਨੱਕ ਬਿਨਾ ਨੱਥ, ਅਰ ਗਲ਼ ਅਰ ਕੰਨ ਬਿਨਾ ਗਹਿਣੇ ਤੇ ਬੂੰਟੇ ਕੁਮਾਰੀ ਅਰ ਪ੍ਰਸੰਨੂ ਦੇ ਗਹਿਣਿਆਂ ਥੋਂ ਵੱਖਰੇ ਹੀ ਜਾਪਦੇ ਸੇ। ਤਾਂ ਬੀ ਉਹ ਆਪਣੇ ਰੂਪ ਦੀ ਸੋਭਾ ਅਰ ਡਾਢੇ ਸੁਲਹੱਪਣ ਦੇ ਕਾਰਨ ਇੱਕ ਰਾਣੀ ਜੇਹੀ ਜਾਪਦੀ ਸੀ। ਛੋਟੀ ਕਾਮਿਨੀ ਨੈ ਬੀ ਪਿਆਜ਼ੀ ਰੰਗ ਦੀ ਸਾੜ੍ਹੀ ਪਹਿਨੀ ਹੋਈ, ਅਤੇ ਉਹ ਬੜੀ ਸੁੰਦਰ ਵਿਖਾਈ ਦਿੰਦੀ ਸੀ। ਪੜਦੇਵਾਲ਼ੀਆਂ ਪਾਲਕੀਆਂ ਵਿੱਚ ਚੜ੍ਹਕੇ ਓਹ

Digitized by Panjab Digital Library | www.panjabdigilib.org

ਵਿਆਹਵਾਲੇ ਘਰ ਗੱਈਆਂ, ਅਰ ਪਾਲਕੀ ਥੋਂ ਲਹਿਕੇ ਤੀਮਤਾਂ ਬੀ ਬੈਠਕ ਦੇ ਵਿੱਚ ਚਲੀਆਂ ਗਈਆਂ। ਮੁਕਤਕੇਸ਼ੀ ਦੀ ਮਾਂ ਥੋਂ ਪੁੱਛਲਵਾਲੀਆਂ ਦਾ ਤਾਂ ਓੜਕ ਨਹੀਂ ਸੀ, ਜੋ ਰੰਡੀ ਧੀ ਦੇ ਵਿਆਹ ਵਿੱਚ ਤੁਸਾਂ ਕੀ ਸਮਝਿਆ। ਉਹ ਸਾਰਿਆਂ ਨੂੰ ਇੱਕੋ ਹੀ ਉੱਤਰ ਦਿੰਦੀ ਸੀ, ਭਈ ਮੁਕਤਕੇਸ਼ੀ ਦੇ ਪਿਉ ਨੂੰ ਇਹੋ ਭਾਉਂਦਾ ਹੈ। ਉਹ ਆਪ ਪੰਡਿਤ ਹੈ, ਅਰ ਆਖਦਾ ਹੈ, ਭਈ ਸ਼ਾਸਤ੍ਰਾਂ ਵਿੱਚ ਇਸ ਦੇ ਵਿਰੁੱਧ ਕੁਛ ਨਹੀਂ। ਭਵਨਮੋਹਨ ਨੂੰ ਬੀ ਮੈਂ ਆਪਣੇ ਪੁਤ੍ਰਾਂ ਵਰਗਾ ਜਾਣਦੀ ਹਾਂ, ਅਰ ਕੀ ਕਰਾਂ ਮੇਰੀ ਕੁੜੀ ਤਾਂ ਪਰਸੰਨ ਰਹੇਗੀ। ਸ਼ਰਮਾਕੁਲ ਦੁਲਹਨ ਕੁਛ ਨਾ ਬੋਲੇ, ਪਰ ਮੁਰਕੜੀਆਂ ਵਿੱਚ ਮੁਸਕਰਾਵੇ। ਜਦ ਕਦੀ ਤੀਮਤਾਂ ਉਸ ਦੇ ਘਰ ਵਿੱਚ ਕੱਠੀਆਂ ਹੋਈਆਂ, ਤਾਂ ਉਸ ਦੇ ਮੂੰਹ ਦੀ ਝਲਕ ਵੇਖਣ॥

ਰੀਤਾਂ ਭੰਤਾਂ ਸਾਰੇ ਕਾਰਜ ਤੇਹੇ ਹੀ ਹੋਏ, ਜੇਹੇ ਵਿਆਹਾਂ ਦੇ ਵਿੱਚ ਹੋਇਆ ਕਰਦੇ ਹਨ। ਅਤੇ ਸਭ ਕੁਛ ਚੰਗੀ ਤਰਾਂ ਹੋਇਆ। ਤੀਮਤਾਂ ਨੇ ਵੱਖਰਾ ਖਾਣਾ ਪੀਣਾ ਅਨੰਦ ਕੀਤਾ, ਪੁਰਸਾਂ ਨੇ ਵੱਖਰਾ, ਅਤੇ ਬੜੇ ਅਨੰਦ ਨਾਲ਼ ਦਿਨ ਬਿਤਾਇਆ॥

ਪਰਾਹੁਣਿਆਂ ਵਿੱਚੋਂ ਕਈ ਕਲਕੱਤਿਓਂ ਆਏ ਹੋਏ ਸੇ, ਅਰ ਉਨਾਂ ਵਿੱਚੋਂ ਇੱਕ ਪ੍ਰੇਮਚੰਦ ਦਾ ਮਿਤ੍ਰ ਸੀ। ਉਹ ਪ੍ਰੇਮਚੰਦ ਨਾਲੋਂ ਵੱਡਾ ਸੀ, ਪਰ ਪ੍ਰੇਮਚੰਦ, ਜੋ ਛੋਟੀ ਅਵਸਥਾ ਵਿੱਚ ਹੀ ਵੱਡਿਆਂ ਦੇ ਬਰੋਬਰ ਬੁੱਧਵਾਨ ਸੀ, ਅਤੇ ਉਸ ਜੁਆਨ ਬਾਬੂ ਦੀ ਆਪ ਵਿੱਚ ਕਈਆਂ ਮਹੀਨਿਆਂ ਥੋਂ ਮਿਤ੍ਰਾਈ ਹੋ ਗਈ ਸੀ। ਅਸਲ ਵਿੱਚ ਇਹ ਗੱਲ ਸੀ, ਜੋ ਦੋਹਾਂ ਦੇ ਮਨਾਂ ਵਿੱਚ ਇੱਕੋ ਪਰਕਾਰ ਦੇ ਵਿਚਾਰ ਜਾਗੇ ਹੋਏ ਸੇ। ਦੋਵੇਂ ਢੂੰਡਣ ਵਿੱਚ ਲੱਗੇ ਹੋਏ ਸੇ, ਜੋ ਕੋਈ ਅਜਿਹੀ ਗੱਲ ਮਿਲੇ, ਜੇਹੜੀ ਹਿੰਦੂ ਧਰਮ ਨਾਲੋਂ ਬੀ ਵਧਕੇ ਹੋਵੇ। ਦੋਵੇਂ ਅਣਜਾਣ ਆਪ ਵਿੱਚ ਸਚਿਆਈ ਤੋੜੀ ਪਹੁੰਚਣ ਨੂੰ,

Digitized by Panjab Digital Library | www.panjabdigilib.org

ਇੱਕ ਦੂਜੇ ਦੀ ਸਹਾਇਤਾ ਕਰ ਰਹੇ ਸੇ। ਤਦ ਬੀ ਅਚਰਜ ਦੀ ਗੱਲ ਹੈ, ਜੋ ਇੱਕ ਦੂਜੇ ਦੇ ਜਾਣੇ ਬਿਨਾ ਹੀ ਦੋਵੇਂ ਸਚਿਆਈ ਦੇ ਗਿਆਨ ਤੋੜੀ ਅਪੜ ਪਏ ਸੇ। ਦੋਹਾਂ ਨੂੰ ਸੰਪਤਾ ਮਿਲ ਪਈ ਸੀ, ਅਤੇ ਦੋਵੇਂ ਗੁਪਤ ਵਿੱਚ ਇਸ ਉੱਤੇ ਅਨੰਦ ਕਰ ਰਹੇ ਸੇ। ਇਸ ਔਸਰ ਵਿੱਚ ਤਾਂ ਗੱਲ ਬਾਤ ਦਾ ਨਿਰਾ ਇੱਕੋ ਹੀ ਬਹਾਨਾ ਸੀ, ਅਰਥਾਤ ਉਹ ਅਲੇਖਾ ਵਿਆਹ, ਜਿਸ ਦੀ ਧੂਮਧਾਮ ਵਿੱਚ ਉਨ੍ਹਾਂ ਦਾ ਮੇਲ ਹੋਇਆ ਸੀ। ਉਹ ਜੁਆਨ ਬਾਬੂ ਬੀ, ਜਿਸ ਦੀ ਅਵਸ੍ਥਾ ਕੋਈ ਪੰਝੀਹਾਂਕ ਵਰਿਹਾਂ ਦੀ ਸੀ, ਉਹ ਦੀ ਅਠਾਰਾਂ ਵਰਿਹਾਂ ਦੀ ਤੀਮੀਂ, ਇਸ ਥੋਂ ਦੋ ਵਰਹੇ ਪਹਿਲੇ ਜਾਂਦੀ ਰਹੀ। ਉਹ ਉਸ ਨੂੰ ਬਹੁਤ ਪਿਆਰੀ ਸੀ। ਅਤੇ ਲਿਖਣਾ ਪੜ੍ਹਨਾ ਸਿਖਾਕੇ ਉਹ ਨੂੰ ਉਸ ਨੈ ਆਪਣੇ ਵਰਗਾ ਬਣਾ ਲਿਆ ਹੋਇਆ ਸੀ। ਉਸ ਤੀਮੀਂ ਦੇ ਉੱਤੋਥਲੀ ਦੋ ਬਾਲ ਚਲੇ ਗਏ, ਅਰ ਤੀਜਾ ਜੰਮਿਆ ਸੀ, ਪਰ ਇਹ ਦੇ ਜਣਨ ਵੇਲੇ ਮਾਂ ਦੀ ਜਿੰਦ ਹੀ ਜਾਂਦੀ ਰਹੀ। ਉਹ ਬਾਲ ਇੱਕ ਸੁੰਦਰ ਕੁੜੀ ਸੀ, ਅਤੇ ਉਹ ਦੀ ਦਾਦੀ ਨੈ ਉਹ ਨੂੰ ਪਾਲ੍ਹਿਆ ਪੋਸਿਆ, ਅਰ ਇਸ ਤਰਾਂ ਉਹ ਜੀਉਂਦੀ ਰਹੀ। ਬਾਬੂ ਦੇ ਘਰਵਾਲੇ ਚਾਹੁੰਦੇ ਸੇ, ਜੋ ਉਹ ਛੇਤੀ ਵਿਆਹ ਕਰੇ, ਪਰ ਉਹ ਨੂੰ ਕੋਈ ਲੋੜ ਨਾ ਮਲੂਮ ਹੋਈ। ਪਰ ਗੋਪਾਲਪੁਰ ਵਿੱਚ ਇਸ ਵੇਰ ਆਉਣ ਵੇਲੇ, ਉਸ ਨੈ ਵਿਚਾਰਿਆ ਭਈ ਜੇ ਕੋਈ ਪੜ੍ਹੀ ਲਿਖੀ ਜੁਆਨ ਤੀਮੀਂ ਟੱਕਰ ਜਾਏ। ਅਤੇ ਭਾਵੇਂ ਉਹ ਵਿਧਵਾ ਬੀ ਹੋਵੇ ਤਾਂ ਕੁਛ ਡਰ ਨਹੀਂ, ਮੈਂ ਉਹ ਦੇ ਨਾਲ਼ ਵਿਆਹ ਕਰ ਲਵਾਂ। ਅਤੇ ਅਜਿਹਾ ਹੋਇਆ, ਜੋ ਇਹੋ ਗੱਲ ਉਸ ਨੈ ਪ੍ਰੇਮਚੰਦ ਨਾਲ਼ ਕੀਤੀ। ਪ੍ਰੇਮਚੰਦ ਛੇਤੀ ਨਾਲ਼ ਬੋਲ ਉਠਿਆ, ਭਈ ਮੇਰੀ ਚਾਚੀ ਬਸੰਤ ਤੁਹਾਡੇ ਲਈ ਠੀਕ ਤੀਮੀਂ ਹੋਊ॥



Digitized by Panjab Digital Library | www.panjabdigilib.org

ਵਾਹਵਾਹ, ਬਹੁਤ ਚੰਗਾ, ਉਹ ਦੀ ਅਵਸਥਾ ਕੀ ਹੈ? ਮੈ ਨੂੰ ਉਸ ਦਾ ਸਾਰਾ ਹਾਲ ਸੁਣਾਓ॥

ਉਹ ਚੱਵੀਹਾਂ ਵਰਿਹਾਂ ਦੀ ਹੈ, ਤੁਹਾਥੋਂ ਇੱਕ ਵਰਹਾ ਛੋਟੀ, ਉਹ ਲਿਖ ਪੜ੍ਹ ਬੀ ਸਕਦੀ ਹੈ, ਅਤੇ ਅੱਛੀ ਸਿਆਣੀ ਹੈ॥

ਭਲਾ ਉਹ ਰੂਪਵਾਨ, ਅਰ ਸੋਹਣੀ ਬੀ ਹੈ?

ਮੇਰੀ ਸਮਝ ਵਿੱਚ ਤਾਂ ਉਹ ਅੱਛੀ ਹੈ॥

ਮੈਂ ਉਸ ਨੂੰ ਡਿੱਠਾ ਚਾਹੁੰਦਾ ਹਾਂ, ਭਲਾ ਉਹ ਬਾਹਰ ਸੁਫੇ ਵਿੱਚ ਹੈ॥

ਪ੍ਰੇਮਚੰਦ ਨੈ ਉਤਲੀ ਵੱਲ ਡਿੱਠਾ, ਅਰ ਜਾਣ ਲਿਆ, ਜੋ ਉੱਥੇ ਨਹੀਂ। ਥੋਹੜਾ ਚਿਰ ਵਿਚਾਰ ਕਰਕੇ ਉਸ ਨੈ ਇੱਕ ਕਾਗਜ ਦੇ ਪੁਰਜੇ ਉੱਤੇ ਇਹ ਲਿਖਿਆ॥

ਤੈਂ ਕਈ ਵਾਰੀ ਮੈ ਨੂੰ ਵਿਸ੍ਵਨਾਥ-ਮੁਕਰ ਜੀ ਦੀਆਂ ਗੱਲਾਂ ਬਾਤਾਂ ਕਰਦਿਆਂ ਸੁਣਿਆ। ਹੁਣ ਵੇਹੜੇ ਵੱਲ ਤਕੋ, ਤਾਂ ਤੂੰ ਉਹ ਨੂੰ ਮੇਰੇ ਨਾਲ ਗੱਲਾਂ ਬਾਤਾਂ ਕਰਦਿਆਂ ਵੇਖੇਂਗੀ॥

ਕਾਗਦ ਲਪੇਟਕੇ ਉਸ ਨੈ ਇੱਕ ਮੁੰਡੇ ਦੇ ਹੱਥ ਦੇਕੇ ਆਖਿਆ, ਜਾਹ, ਅੰਦਰ ਬਸੰਤ ਨੂੰ ਦੇ ਆ। ਉਸ ਮੁੰਡੇ ਨੈ ਅਜਿਹਾ ਹੀ ਕੀਤਾ, ਅਰ ਬਸੰਤ ਨੈ ਉੱਪਰੋਂ ਤੱਕਿਆ, ਬਸੰਤ ਨੂੰ ਉਹ ਦੇ ਵੇਖਣ ਦਾ ਚੰਗਾ ਔਸਰ ਮਿਲਿਆ, ਪਰ ਬਾਬੂ ਨੈ ਬਸੰਤ ਦਾ ਇੱਕੋ ਝਲਕਾਰ ਡਿੱਠਾ, ਕਿਉਂਕਿ ਜਿੰਵੇ ਉਸ ਨੈ ਉਤਾਂਹ ਡਿੱਠਾ, ਓਹ ਚਲੀ ਗਈ। ਪਰ ਉਸੇ ਝਲਕਾਰ ਨਾਲ ਵਿਸ੍ਵਨਾਥ ਜਾਣ ਗਿਆ, ਭਈ ਇਹ ਰੰਗ ਰੂਪ ਵਿੱਚ ਸੋਹਣੀ ਹੈ, ਅਰ ਪ੍ਰੇਮਚੰਦ ਨੂੰ ਆਖਣ ਲੱਗਾ॥

ਉਸ ਦਾ ਮੂੰਹ ਅਰ ਰੂਪ ਮੇਰੇ ਮਨ ਨੂੰ ਭਾ ਗਿਆ ਹੈ, ਭਲਾ ਜੇ ਕਦੀ ਮੈਂ ਮੰਗਾਂ, ਤਾਂ ਓਹ ਮੈ ਨੂੰ ਵਿਆਹ ਦੇਣਗੇ॥

Digitized by Panjab Digital Library | www.panjabdigilib.org

ਇਹ ਗੱਲ ਮੈਂ ਨਹੀਂ ਦੱਸ ਸਕਦਾ। ਚੰਗਾ ਹੈ, ਕਿ ਜਦ ਇੱਥੇ ਸਭ ਕੁਛ ਹੋ ਚੁੱਕੇ, ਤਾਂ ਤੁਸੀਂ ਮੇਰੇ ਪਿਤਾ ਜੀ ਨੂੰ ਆਖੋ॥

ਇਸ ਬਾਬਤ ਗੱਲਾਂ ਕਰਨੀਆਂ ਇਨ੍ਹਾਂ ਦਿਨਾਂ ਵਿੱਚ ਕੁਛ ਔਖੀ-ਆਂ ਨਹੀਂ ਸਨ, ਕ੍ਯੋਂਉ ਜੋ ਰੰਡੀਆਂ ਦੇ ਵਿਆਹ ਦੀ ਹੀ ਚਰਚਾ ਚੁਫੇਰੇ ਪਸਰੀ ਹੋਈ ਸੀ। ਉਹ ਜੁਆਨ ਬਾਬੂ ਪੰਡਿਤ ਦੇ ਮਿਲਨ ਲਈ ਆਇਆ, ਤਾਂ ਪੰਡਿਤ ਨੈ ਉਹ ਦੇ ਕੋਲੋਂ ਉਹ ਦੇ ਘਰ ਦੀ ਬਾਬਤ ਪੁੱਛਿਆ। ਉਸ ਨੈ ਉੱਤਰ ਦਿੱਤਾ, ਮੇਰੀ ਤੀਮੀਂ ਮਰ ਗਈ ਹੈ, ਅਰ ਇੱਕ ਨਿੱਕੀ ਜੇਹੀ ਕੁੜੀ ਛੱਡ ਗਈ ਹੈ, ਜਿਹ ਨੂੰ ਮੇਰੀ ਮਾਂ ਪਾਲਦੀ ਹੈ। ਪੰਡਿਤ ਨੈ ਪੁੱਛਿਆ ਫੇਰ ਤੁਹਾਡੀ ਸਲਾਹ ਹੋਰ ਵਿਆਹ ਕਰਨ ਦੀ ਨਹੀਂ?

ਮੈਂ ਥੋਹੜੇ ਦਿਨਾਂ ਤੇ ਇਨ੍ਹਾਂ ਹੀ ਵਿਚਾਰਾਂ ਵਿੱਚ ਹਾਂ। ਜਦ ਮੇਰੀ ਵਹੁਟੀ ਮੋਈ ਸੀ, ਤਾਂ ਮੇਰੇ ਮਾਪੇ ਚਾਹੁੰਦੇ ਸੇ, ਕਿ ਮੈਂ ਛੇਤੀ ਵਿਆਹ ਕਰ ਲਵਾਂ। ਪਰ ਮੈਂ ਕਿਸੇ ਤਰਾਂ ਬੀ ਛੋਟੀ ਕੁੜੀ ਦੇ ਨਾਲ਼ ਵਿਆਹ ਕਰਨਾ ਚੰਗਾ ਨਾ ਸਮਝਿਆ। ਇਹ ਵਿਆਹ, ਜੋ ਹੁਣ ਹੋਇ-ਆ ਹੈ, ਇਸ ਥੋਂ ਮੈਂ ਬੀ ਪਿਆ ਦੇਖਦਾ ਹਾਂ, ਜੋ ਕੀ ਜਾਣੀਏ ਭਵਨਮੋਹਨ ਵਾਙੂੰ ਮੇਰਾ ਬੀ ਕਿਸੇ ਵਿਧਵਾ ਨਾਲ਼ ਵਿਆਹ ਹੋ ਜਾਏ॥

ਮੈਂ ਨਹੀਂ ਜਾਣਦਾ, ਇਸ ਵਿੱਚ ਮੈਂ ਕੀ ਆਖਾਂ। ਸਾਡੀਆਂ ਪੁਰਾ-ਣੀਆਂ ਚਾਲਾਂ ਵਿੱਚ ਕੋਈ ਨਵੀਂ ਰੀਤ ਤੋਰਨੀ ਮੈਂ ਨੂੰ ਤਾਂ ਦੁੱਧ ਵਿੱਚ ਕਾਂਜੀ ਵਰਗੀ ਮਲੂਮ ਹੁੰਦੀ ਹੈ। ਮੈਂ ਬਹੁਤ ਵਾਰੀ ਡਿੱਠਾ ਹੈ, ਜੋ ਕਿਸੇ ਘਰ ਵਿੱਚ ਜਦ ਛੋਟੀ ਜੇਹੀ ਬੀ ਕੋਈ ਨਵੀਂ ਰੀਤ ਵਰਤੀ ਜਾਂਦੀ ਹੈ, ਤਾਂ ਹੋਰ ਹੋਰ ਬਹੁਤ ਵੱਡੀਆਂ ਰੀਤਾਂ ਤੁਰ ਪੈਂਦੀਆਂ ਹਨ॥

ਪਰ ਵਿਧਵਾ ਵਿਆਹ ਤਾਂ ਮੇਰੇ ਜਾਣਨ ਵਿੱਚ ਸ਼ਾਸਤ੍ਰਾਂ ਦੇ ਵਿਰੁੱਧ ਨਹੀਂ। ਮੈਂ ਈਸ੍ਵਰਚੰਦ੍ਰ ਵਿਦ੍ਯਾਸਾਗਰ ਦੀ ਲਿਖਤ ਨੂੰ ਥੋਹੜੇ ਦਿਨ

Digitized by Panjab Digital Library | www.panjabdigilib.org

ਹੋਏ ਹਨ, ਤਾਂ ਪੜ੍ਹਿਆ ਸੀ, ਅਰ ਮੈ ਨੂੰ ਚੰਗੀ ਤਰਾਂ ਪਰਤੀਤ ਆ ਗਈ, ਜੋ ਇਹ ਸ਼ਾਸਤ੍ਰ ਦੇ ਵਿਰੁੱਧ ਨਹੀਂ ਹੈ ॥

ਤਾਂ ਭਲਾ ਤੁਸੀਂ ਵਿਧਵਾ ਨਾਲ਼ ਹੀ ਵਿਆਹ ਕਰਨ ਦਾ ਵਿਚਾਰ ਕਰ ਰਹੇ ਹੋ ?

ਹਾਂ, ਮੇਰੀ ਤਾਂ ਇਹੋ ਸਲਾਹ ਹੈ ॥

ਭਲਾ ਤੁਹਾਡੇ ਮਨ ਵਿੱਚ ਕੋਈ ਆਈ ਬੀ ਹੈ ?

ਮੈਂ ਡਰਦਾ ਹਾਂ, ਕਿ ਜੇਹੜੀ ਮੇਰੇ ਮਨ ਵਿੱਚ ਆਈ ਹੈ, ਜੇ ਮੈਂ ਉਹ ਆਖ ਦਿੱਤੀ, ਤਾਂ ਆਪ ਛਿੱਥੇ ਹੋਵੋਗੇ ॥

ਮੈਂ ਕਿਉਂ ਛਿੱਥੇ ਹੋਣਾ ਹੈ ॥

ਤਾਂ ਫਿਰ ਮੈਂ ਆਪ ਅੱਗੇ ਆਖ ਦਿੰਦਾ ਹਾਂ, ਸੁਣੋ। ਕੱਲ ਮੈਂ ਤੁਹਾਡੀ ਵਿਧਵਾ ਭਰਜਾਈ ਬਸੰਤ ਨੂੰ ਡਿੱਠਾ। ਤੁਹਾਡੇ ਪੁਤ੍ਰ ਨੇ ਮੈ ਨੂੰ ਦੱਸਿਆ, ਜਦ ਉਹ ਨੇ ਸੁਫੇ ਵੱਲ ਝਾਤ ਮਾਰੀ ਸੀ। ਉਸ ਦੇ ਵਡੱਪੁੱਣ ਦੀ ਝਲਕ ਮੇਰੇ ਮਨ ਵਿੱਚ ਲੱਗ ਗਈ ਹੈ। ਤੁਹਾਡਾ ਪੁਤ੍ਰ ਮੈ ਨੂੰ ਆਖਦਾ ਹੈ, ਜੋ ਉਹ ਲਿਖ ਪੜ੍ਹ ਬੀ ਸਕਦੀ ਹੈ, ਅਰ ਜੋ ਕੁਛ ਮੈਂ ਉਹ ਦੀ ਬਾਬਤ ਸੁਣਿਆ ਹੈ, ਮੈਂ ਜਾਣ ਲਿਆ ਹੈ, ਜੋ ਉਹ ਅਜਿਹੀ ਤੀਮਤ ਹੈ, ਜੇਹੀ ਮੈਂ ਚਾਹੁੰਦਾ ਹਾਂ, ਅਰ ਮੇਰੀ ਛੋਟੀ ਕੁੜੀ ਦੇ ਲਈ ਠੀਕ ਮਾਂ ਹੋਵੇਗੀ ॥

ਪੰਡਿਤ ਹੱਕਾ ਬੱਕਾ ਹੋਕੇ ਗੁੰਮ ਹੋ ਗਿਆ, ਅਰ ਕਹਿਣ ਲੱਗਾ ਭਈ ਮੈਂ ਕੀ ਆਖਾਂ, ਕਿਸੇ ਨੇ ਕਦੀ ਅਜਿਹੀ ਗੱਲ ਸੁਣੀ ਹੈ ?

ਤੁਸੀਂ ਇਹ ਦੇ ਵਿੱਚ ਆਪਣੀ ਕੀ ਆਗਿਆ ਦਿਓਗੇ ?

ਮੈਂ ਨਹੀਂ ਜਾਣਦਾ, ਇਸ ਅਚਰਜ ਵਿੱਚੋਂ ਤਾਂ ਨਿੱਕਲਨ ਦਿਓ। ਵਿਚਾਰੋ ਤਾਂ ਸਈ, ਭਲਾ ਬਸੰਤ ਫੇਰ ਕਦੀ ਵਿਆਹ ਦੇ ਲਈ ਮੰਗੀ ਗਈ ਹੈ ? ਓਹੋ, ਕਦੀ ਕਿਸੇ ਨੇ ਅਜਿਹੀ ਗੱਲ ਵਿਚਾਰੀ ਬੀ ਹੈ ?

Digitized by Panjab Digital Library | www.panjabdigilib.org

ਕਿੰਉ, ਬਸੰਤ ਨੂੰ ਸਾਡੇ ਧਰਮ ਵਿੱਚ ਕੇਹੀ ਸਰਧਾ ਹੈ, ਜੋ ਉਹ ਅਜਿ-ਹੀ ਗੱਲ ਵਿਚਾਰੇ ॥

ਜਦ ਤੁਸੀਂ ਆਪਣੀ ਭਰਜਾਈ ਨੂੰ ਆਖੋ, ਜੋ ਦੂਆ ਵਿਆਹ ਕਰਨਾ ਸ਼ਾਸਤ੍ਰਾਂ ਵਿੱਚ ਵਰਨਿਆ ਹੈ, ਅਰ ਕਿਸੇ ਸ਼ਾਸਤ੍ਰ ਦੇ ਵਿਰੁੱਧ ਨਹੀਂ, ਤਾਂ ਤੁਸੀਂ ਜਾਣਦੇ ਹੋ, ਜੋ ਉਹ ਨਾਂਹ ਕਰੇਗੀ?

ਮੈਂ ਕੀ ਆਖਾਂ, ਤੀਮਤਾਂ ਤਾਂ ਮੂਰਖ ਹੁੰਦੀਆਂ ਹਨ। ਵਾਹ ਵਾਹ॥

ਫੇਰ ਉਹ ਜੁਆਨ ਵਿਦਿਆ ਹੋਲ ਨੂੰ ਉੱਠਿਆ, ਅਰ ਉਸ ਨੇ ਜਾਤਾ, ਭਈ ਮੈਂ ਬਹੁਤ ਵਧਕੇ ਆਖਿਆ ਹੈ। ਉਹ ਕਲਕੱਤੇ ਨੂੰ ਮੁੜਿਆ, ਪਰ ਬਸੰਤ ਨੂੰ ਨਾ ਭੁੱਲਾ। ਪੰਡਿਤ ਨੂੰ ਬੀ ਇਹ ਅਲੇਖੀ ਮੰਗਣੀ ਨਾ ਭੁੱਲੀ, ਅਰ ਉਸ ਨੇ ਇਹ ਸਾਰੀ ਗੱਲ ਆਪਣੀ ਤੀਮਤ ਨਾਲ਼ ਕੀਤੀ। ਪਹਿਲੇ ਤਾਂ ਉਹ ਦੀ ਤੀਮਤ ਨੂੰ ਬੜਾ ਉਬਾਲਾ ਆਇਆ, ਪਰ ਓੜਕ ਨੂੰ ਉਹ ਹੋਰਨਾਂ ਤੀਮਤਾਂ ਵਾਕੂੰ ਇਸ ਭੇਤ ਨੂੰ ਨਾ ਲੁਕਾ ਸੱਕੀ, ਅਗਲੇ ਭਲ਼ਕ ਹੀ ਉਸ ਨੇ ਇਹ ਗੱਲ ਬਸੰਤ ਨੂੰ ਸੁਣਾਈ। ਬਸੰਤ ਚੁੱਪਕੀਤੀ ਅਚਰਜ ਹੋਕੇ ਸੁਣਦੀ ਰਹੀ। ਫੇਰ ਕੁਮਾਰੀ ਨੇ ਆਖਿਆ ਭੈਣੇ ਤੂੰ ਕੁਛ ਨਹੀਂ ਬੋਲਦੀ, ਤੈ ਨੂੰ ਕ੍ਰੋਧ ਤਾਂ ਨਹੀਂ ਚੜ੍ਹ ਗਿਆ॥

ਮੈ ਨੂੰ ਕਾਹਦਾ ਕ੍ਰੋਧ ਆਉਣਾ ਹੈ, ਮੈਂ ਆਖਦੀ ਹਾਂ, ਜੋ ਮੈਂ ਬੜੀ ਪਰਸਿੰਨ ਹੁੰਦੀ, ਜੇ ਵਿਧਵਾ ਵਿਆਹ ਦੀ ਰੀਤ ਸਾਰੇ ਤੁਰ ਪੈਂਦੀ ਤਾਂ॥

ਕਿੰਉ॥

ਹਾ, ਹਾ, ਭੈਣੇ ਤੁਸੀਂ ਨਹੀਂ ਵੇਖਦੀਆਂ, ਜੋ ਕਿੰਨੀਆਂਕੁ ਵਿਧਵਾ ਇੱਕ ਵਰਹੇ ਵਿੱਚ ਨਾਸ ਹੋ ਜਾਂਦੀਆਂ ਹਨ। ਤੁਸੀਂ ਤਾਂ ਮੇਰੇ ਉੱਤੇ ਦਇਆ ਪਾਲ਼ਦੀਆਂ ਰਹੀਆਂ; ਅਰ ਆਪਣੇ ਕੋਲ਼ ਰਹਿਣ ਦਿੱਤਾ, ਜੇ ਕਦੀ ਤੁਸੀਂ ਮੈ ਨੂੰ ਕੱਢ ਦਿੰਦੀਆਂ, ਅਰ ਰੁੱਸ ਰਹਿੰਦੀਆਂ ਤਾਂ ਮੈਂ ਕੀ ਕਰ ਸਕਦੀ ਸਾਂ। ਕੈਲਾਸ ਦੀ ਨੂੰਹ ਦੀ ਗੱਲ ਤਾਂ ਚੇਤੇ

Digitized by Panjab Digital Library | www.panjabdigilib.org

ਕਰੇ, ਜਦ ਉਹ ਦਾ ਗਭਰੂ ਮੋਇਆ, ਤਾਂ ਉਹ ਦੀ ਸੱਸ ਉਸ ਨਾਲ ਕੇਹੀ ਖੋਟੀ ਵਰਤੀ, ਅਰ ਕਿੰਨਾਕੁ ਉਹ ਨੂੰ ਮਾਰਿਆ ਅਰ ਓੜਕ ਨੂੰ ਉਹ ਦਾ ਕੀ ਫਲ ਨਿੱਕਲਿਆ। ਜਦ ਕਿਦਾਰਨਾਥ ਬਾਬੂ ਨੈ ਬਨੇਰੇ ਉੱਤੋਂ ਹੀ ਖੋਟੀ ਨਜਰ ਪਾਕੇ ਉਸ ਨਾਲ ਕੁਛ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ, ਤਾਂ ਉਹ ਉੱਸੇ ਦੇ ਕੋਲ ਚਲੀ ਗਈ। ਫੇਰ ਪ੍ਰਸੋਪੀ ਦੀ ਮਾਂ ਦੀ ਗੱਲ ਚੇਤੇ ਕਰੋ, ਜਦ ਉਹ ਦਾ ਸੁਆਮੀ ਅਰ ਬਾਲ ਬੱਚੇ ਮਰ ਗਏ ਸੇ, ਤਾਂ ਉਹ ਕੇਹੀ ਦੁਖੀ ਹੋ ਗਈ ਸੀ, ਅਰ ਨਿੱਤ ਦੀਆਂ ਝਿੜਕਾਂ, ਅਰ ਨਿੱਤ ਦੀਆਂ ਸੱਸ ਸਹੁਰੇ ਕੋਲੋਂ ਫਿਟਕਾਂ ਖਾਂਦੀ ੨ ਛੇਕੜ ਉੱਠ ਗਈ, ਅਰ ਹੁਣ ਉਹ ਦਾ ਕੀ ਹਾਲ ਹੈ। ਇਹ ਦੋ ਗੱਲਾਂ ਤਾਂ ਇਸੇ ਮਹੀਨੇ ਵਿਚ ਹੋਈਆਂ, ਇੱਸੇ ਤਰਾਂ ਕਈ ਪਹਿਲੇ ਹੋ ਚੁੱਕੀਆਂ ਹਨ, ਤੁਹਾਥੋਂ ਕੋਈ ਗੁੱਝੀਆਂ ਤਾਂ ਨਹੀਂ। ਜੇ ਉਨਾਂ ਨੂੰ ਫੇਰ ਵਿਆਹ ਦੀ ਆਸ ਹੁੰਦੀ, ਤਾਂ ਕਦੀ ਬੀ ਅਜਿਹਾ ਨਾ ਹੁੰਦਾ॥

ਇਹ ਗੱਲ ਤਾਂ ਸੱਚ ਹੈ, ਪਰ ਤੂੰ ਜਾਣਦੀ ਹੈਂ, ਜੋ ਵਿਧਵਾ ਵਿਆਹ ਸਾਡੀ ਕੁਲ ਦੀ ਰੀਤ ਨਹੀਂ॥

ਤਾਂ ਬੀ ਸਾਸਤ੍ਰਾਂ ਵਿੱਚ ਇਸ ਦੇ ਵਿਰੁੱਧ ਕੁਛ ਨਹੀਂ ਲਿਖਿਆ, ਅਰ ਜੇ ਕੋਈ ਬੁਰੀ ਰੀਤ ਹੈ, ਤਾਂ ਅਸੀਂ ਉਹ ਨੂੰ ਕਿੱਉ ਵਰਤੀਏ॥

ਭਲਾਂ ਤੁਸੀਂ ਵਿਸ੍ਵਨਾਥ ਬਾਬੂ ਦੀ ਮੰਗਲੀ ਦੇ ਵਿਖੇ ਕੀ ਆਖਦੀਆਂ ਹੋ?

ਪੰਡਿਤ ਜੀ ਕੀ ਆਖਦੇ ਹਨ?

ਉਹ ਆਖਦੇ ਹਨ, ਮੈਂ ਨਹੀਂ ਜਾਣਦਾ, ਜੋ ਕੀ ਕਰਾਂ॥

ਜਿਠਾਣੀ ਜੀ ਜੇ ਇਸ ਗੱਲ ਉੱਤੇ ਉਹ ਪਰਸਿੰਨ ਹੋਣ, ਤਾਂ ਮੈਂ ਨਾਂਹ ਨਹੀਂ ਕਰਦੀ॥

ਬੱਸ ਹੋ ਚੁੱਕੀ, ਬੱਸ ਹੋ ਚੁੱਕੀ॥

Digitized by Panjab Digital Library | www.panjabdigilib.org

ਕੁਮਾਰੀ ਅਰ ਪ੍ਰਸੰਨੂ ਭੌਂਤਲੀਆਂ ਜੇਹੀਆਂ ਹੋ ਗਈਆਂ। ਅਸਲ ਵਿੱਚ ਤਾਂ ਓਹ ਇਸ ਗੱਲ ਉੱਤੇ ਗਰਿੰਜ ਨਹੀਂ ਸਨ, ਪਰ ਉਹ ਦੇ ਛੋਟਪੁਣੇ ਨੂੰ ਵੇਖਕੇ ਉਨਾਂ ਨੇ ਕੋਈ ਗੱਲ ਨਾ ਆਖੀ। ਪੰਦ੍ਰਾਂ ਦਿਨ ਬੀਤੇ, ਇਹ ਦੇ ਪਿੱਛੋਂ ਕੁੜਮਾਈ ਦੇ ਲਈ ਵਿਚੋਲਾ ਆਇਆ। ਉਸ ਪਾਸੇ ਦੇ ਨੇਮ ਬਹੁਤ ਜੋਗ ਸਨ, ਪੰਡਿਤ ਨੇ ਆਪਣੇ ਮਿਤ੍ਰਾਂ ਨੂੰ ਸੱਦਿਆ, ਅਰ ਉਨਾਂ ਦੀ ਸਲਾਹ ਲਈ। ਕੋਈ ਤਾਂ ਪਰਸਿੰਨ ਹੋਏ, ਅਰ ਕਿਨਾਂ ਦੀ ਵੱਲੋਂ ਦੋਵੇਂ ਗਲਾਂ ਇੱਕੋ ਜੇਹੀਆਂ ਸਨ। ਅਰ ਕਿਸੇ ਨੇ ਵਿਚਾਰਿਆ, ਭਈ ਇਹ ਦੇ ਵਿੱਚ ਸਾਰੀ ਗਲ ਵਿਗੜ ਜਾਵੇਗੀ। ਕਿਸੇ ਵੇਲੇ ਇਹ ਮਲੂਮ ਪੈਂਦਾ ਸੀ, ਭਈ ਹੁਣ ਜੋ ਉੱਤਰ ਇਸ ਕੁੜਮਾਈ ਦੇ ਵਿਖੇ ਦਿੱਤਾ ਜਾਵੇਗਾ, ਸੋ ਨਿਰਾ ਨਾਂਹ ਦਾ ਹੋਵੇਗਾ। ਵਿਚੋਲਾ ਇੱਕ ਮਹੀਨੇ ਤੋੜੀ ਨਿੱਤ ਆਉਂਦਾ ਜਾਂਦਾ ਰਿਹਾ, ਪਰ ਗੱਲ ਕਾਹਦੀ ਜੋ ਕੁੜਮਾਈ ਦੇ ਨੇਮ ਠਹਿਰ ਗਏ। ਇਸ ਗੱਲ ਦੇ ਵਿੱਚ ਪ੍ਰੇਮਚੰਦ ਬੀ ਵਿਚੋਲਾ ਪਿਆ, ਅਰ ਉਹੋ ਸਾਰੀਆਂ ਗੱਲਾਂ ਦੀ ਵਿਧ ਮਿਲਾਉਂਦਾ ਸੀ। ਉਸ ਨੇ ਆਪਣੀ ਮਾਂ ਅਰ ਪਿਉ ਦੇ ਨਾਲ ਜਿੰਨੀ ਵਾਹ ਲੱਗੀ, ਇਸ ਗੱਲ ਦੇ ਉੱਤੇ ਜੋਰ ਲਾਇਆ। ਇਹ ਉਨਾਂ ਦਾ ਪਿਆਰਾ ਪੁਤ੍ਰ ਸੀ, ਅਰ ਉਨਾਂ ਦੀ ਪਰਸਿੰਨਤਾ ਉਸੇ ਵਿੱਚ ਸੀ। ਓਹ ਸਮਝਦੇ ਸੇ, ਭਈ ਉਹ ਦੀ ਵਿਦਯਾ ਦਾ ਕੋਈ ਅੰਤ ਨਹੀਂ, ਉਹ ਦਾ ਪਿਉ ਉਸ ਨੂੰ ਆਖਿਆ ਕਰੇ, ਹੇ ਪੁਤ੍ਰ ਤੂੰ ਮੈ ਥੋਂ ਵਧੀਕ ਜਾਣਦਾ ਹੈਂ, ਮੈ ਨੂੰ ਪਰਤੀਤ ਹੈ, ਜੋ ਤੂੰ ਮੇਰੇ ਨਾਲ ਛਲ ਨਹੀਂ ਕਰੇਂਗਾ। ਪ੍ਰੇਮਚੰਦ ਬਸੰਤ ਅਰ ਵਿਸ੍ਵਨਾਥ ਦਾ ਵਿਚੋਲਾ ਸੀ, ਅਰ ਉਹ ਉਨਾਂ ਨੂੰ ਇੱਕ ਦੂਜੇ ਦੀ ਗੱਲ ਆ ਸੁਣਾਵੇ, ਅਰ ਇਸ ਕਾਰਨ ਦੋਹਾਂ ਦੇ ਮਨ ਵਿੱਚ ਇਹੋ ਸੀ, ਜੋ ਕਿਵੇਂ ਸਾਡਾ ਮੇਲ ਹੋਵੇ। ਵਿਆਹ ਹੁੰਦਿਆਂ ਤੋੜੀ ਤਾਂ ਉਨਾਂ ਦਾ ਮੇਲ ਨਹੀਂ ਹੋ ਸਕਦਾ ਸੀ, ਤਾਂ ਬੀ ਉਨਾਂ ਨੇ ਇੱਕ ਦੂਜੇ

Digitized by Panjab Digital Library | www.panjabdigilib.org

ਦੀ ਗੱਲ ਐਨੀ ਮੂਲ ਲਈ ਸੀ, ਜੋ ਹਰੇਕ ਇਹੋ ਸਮਝਦਾ ਸੀ, ਭਈ ਮੈਂ ਉਹ ਦਾ ਸਭ ਹਾਲ ਜਾਣਦਾ ਹਾਂ। ਪ੍ਰੇਮਚੰਦ ਨੈ ਬਸੰਤ ਅੱਗੇ ਆਪਣਾ ਸੰਸਾ ਖੋਲ੍ਹ ਦਿੱਤਾ ਸਾ, ਜੋ ਵਿਸ਼ੂਨਾਥ ਖ੍ਰਿਸ੍ਟਾਨ ਹੈ, ਅਰ ਬਸੰਤ ਵਿਆਹ ਨੂੰ ਚਾਹੁੰਦੀ ਸੀ, ਇਸ ਲਈ, ਜੋ ਮੇਰਾ ਸੁਆਮੀ ਮੇਰੇ ਨਿਹਚੇ ਵਧਾਉਣ ਵਿੱਚ ਸਹਾਰਾ ਦੇਵੇ। ਵਿਸ਼ੂਨਾਥ ਨਿਰਾ ਸਾਥੀ ਹੀ ਢੂੰਡਦਾ ਸੀ, ਕਿੰਉ ਜੋ ਪ੍ਰੇਮਚੰਦ ਨੈ ਕਿਸੇ ਗੁਪਤ ਕਾਰਨ ਕਰਕੇ ਵਿਸ਼ੂਨਾਥ ਨੂੰ ਨਹੀਂ ਆਖਿਆ ਸਾ, ਜੋ ਬਸੰਤ ਖ੍ਰਿਸ੍ਟਾਨ ਹੈ॥

ਗੱਲ ਕਾਹਦੀ ਉਹ ਦਿਨ ਆ ਪਹੁੰਚਿਆ। ਵਿਸ਼ੂਨਾਥ ਆਪਣੇ ਪਿਉ ਭਰਾਉ ਭਤੀਜੇ ਹੋਰ ਕਈ ਮਿਤ੍ਰਾਂ ਨੂੰ ਨਾਲ਼ ਲੈਕੇ ਆਇਆ। ਬਸੰਤ ਨੂੰ ਫੇਰ ਗਹਿਣਾ ਪਹਿਨਾਇਆ, ਅਰ ਉਸ ਨੈ ਫੇਰ ਨੱਥ ਪਾਈ। ਕਈ ਚਿਰ ਥੋਂ ਜੋ ਨਹੀਂ ਪਾਈ ਸੀ, ਇਸ ਲਈ ਉਹ ਬਲ ਬਲ ਪੈਂਦੀ ਸੀ। ਹੋਰ ਰੀਤਾਂ ਭੱਤਾਂ ਸਭ ਹੋਈਆਂ, ਅਰ ਤੀਏ ਦਿਨ ਵਿਸ਼ੂਨਾਥ ਆਪਣੀ ਵਹੁਟੀ ਸਣੇ ਕਲਕੱਤੇ ਨੂੰ ਮੁੜ ਗਿਆ। ਇਹ ਧੁਰ ਥੋਂ ਸਦਾ ਉੱਸੇ ਦੇ ਨਾਲ਼ ਰਹਿਣਵਾਲ਼ੀ ਸੀ, ਕਿੰਉ ਜੋ ਓਹ ਆਖਦਾ ਸੀ, ਭਈ ਅਸਾਂ ਧੁਰ ਫੇਰ ਨਹੀਂ ਜਾਣਾ। ਕਾਮਿਨੀ ਆਪਣੀ ਚਾਚੀ ਦੇ ਚਲੇ ਜਾਣ ਦੇ ਕਾਰਨ ਵਡੇ ਦੁੱਖ ਦੇ ਨਾਲ਼ ਰੋਣ ਲੱਗੀ, ਅਰ ਨਿਰਾ ਇਸ ਗੱਲ ਤੇ ਚੁੱਪ ਹੋਈ, ਕਿ ਜਦ ਉਹ ਨੂੰ ਆਖਿਆ, ਭਈ ਇੱਕ ਦਿਨ ਤੁਹਾਡੀ ਚਾਚੀ ਵਿਖਾਉਣ ਦੇ ਲਈ ਤੁਹਾ ਨੂੰ ਕਲਕੱਤੇ ਲੈ ਚੱਲਾਂਗੇ॥

ਇਸ ਤਰਾਂ ਓਹ ਗਏ, ਨਿਰਾ ਪ੍ਰੇਮਚੰਦ ਨੈ ਹੀ ਉਨਾਂ ਨੂੰ ਮਨ ਦੇ ਚਾਉ ਨਾਲ਼ ਜਾਂਦਿਆਂ ਡਿੱਠਾ। ਹੋਰਨਾਂ ਦੇ ਮਨ ਵਿੱਚ ਬੜੇ ਸੰਸੇ ਅਰ ਸਗਨ ਆਉਂਦੇ ਸੇ, ਜੋ ਅਸਾਂ ਇਹ ਚੰਗਾ ਕੀਤਾ ਹੈ, ਕਿ ਬੁਰਾ?

Digitized by Panjab Digital Library | www.panjabdigilib.org

# ੧੪ ਕਾਂਡ॥

## ਇਸਤ੍ਰੀ ਭਰਤਾ ਦੀ ਕਥਾ ॥

ਜਦ ਓਹ ਆਪਣੇ ਘਰ ਕਲਕੱਤੇ ਵਿੱਚ ਅੱਪੜੇ, ਤਾਂ ਵਿਸੂਨਾਥ ਦੀ ਮਾਂ ਆਪਣੀ ਨੂੰਹ ਨੂੰ ਬੜੇ ਹਿਤ ਪਿਆਰ ਨਾਲ਼ ਮਿਲੀ, ਉਹ ਨੈ ਆਪਣੀ ਬਾਂਹ ਬਸੰਤ ਦੇ ਗਲ਼ ਵਿੱਚ ਪਾਈ, ਅਰ ਉਹ ਨੂੰ ਚੁੰਮਕੇ ਆਖਣ ਲੱਗੀ, ਮੈਂ ਚਾਹੁੰਦੀ ਸਾਂ, ਜੋ ਮੇਰਾ ਮੁੰਡਾ ਵਿਧਵਾ ਨਾਲ਼ ਵਿਆਹ ਨਾ ਕਰੇ, ਪਰ ਜੇਕਰ ਉਸ ਨੈ ਭੁਲ ਤੈ ਨੂੰ ਹੀ ਛਾਂਟਿਆ ਹੈ, ਅਰ ਪਰਸਿੰਨ ਹੋ ਗਿਆ ਹੈ, ਤਾਂ ਮੈਂ ਬੀ ਪਰਸਿੰਨ ਹਾਂ। ਪਰਮੇਸੁਰ ਕਰੇ, ਕਿ ਤੇਰੀ ਝੋਲ਼ੀ ਵਿੱਚ ਕੋਈ ਬਾਲ ਵੇਖਾਂ। ਤਦ ਵਿਸੂਨਾਥ ਨੈ ਆਪਣੀ ਛੋਟੀ ਦੋਹੁੰ ਵਰਿਹਾਂ ਦੀ ਕੁੜੀ ਨੂੰ ਬਸੰਤ ਦੀ ਗੋਦ ਵਿੱਚ ਰੱਖ ਦਿੱਤਾ। ਬਸੰਤ ਨੈ ਉਹ ਨੂੰ ਗਲ਼ ਨਾਲ਼ ਲਾ ਲਿਆ, ਅਰ ਚੁੰਮਕੇ ਆਪਣੇ ਸੁਆਮੀ ਨੂੰ ਆਖਿਆ, ਇਹ ਮੈ ਨੂੰ ਹਰੇਸ ਵਰਗੀ ਪਿਆਰੀ ਲਗਦੀ ਹੈ, ਜਿਹ ਨੂੰ ਪਰਮੇਸੁਰ ਨੈ ਸੱਦ ਲਿਆ, ਇਹ ਕੁੜੀ ਮੇਰੇ ਵੇਖਣ ਵਿੱਚ ਹਰੇਸ ਵਰਗੀ ਹੀ ਹੋਵੇਗੀ, ਅਰ ਮੈਂ ਇਸ ਨੂੰ ਹਰੇਸ ਦੇ ਥਾਂ ਜਾਣਾਂਗੀ। ਉਸ ਰਾਤ ਬਸੰਤ ਨੈ ਆਪਣੇ ਸੁਆਮੀ ਨੂੰ ਰੋਟੀ ਖਾੱਧਿਆਂ ਪਿੱਛੋਂ ਪੜ੍ਹਦਿਆਂ ਡਿੱਠਾ। ਇਹ ਜਾਕੇ ਦੀਵੇ ਦੇ ਕੋਲ਼ ਆਪਣੇ ਸੁਆਮੀ ਦੇ ਪਾਸ ਬੈਠ ਗਈ, ਪਰ ਬੋਲੀ ਕੁਛ ਨਹੀਂ॥

ਬਸੰਤ ਤੂੰ ਪੜ੍ਹ ਸਕਦੀ ਹੈਂ? ਉਸ ਨੈ ਉੱਤਰ ਦਿੱਤਾ, ਹਾਂ॥

ਸੁਲ ਤਾਂ ਸਹੀ, ਮੇਰੇ ਕੋਲ਼ ਇੱਕ ਬੜੀ ਮਨਭਾਉਣੀ ਪੋਥੀ ਹੈ, ਉਸ ਨੈ ਬਸੰਤ ਦੇ ਹੱਥ ਨਵਾਂ ਨੇਮ ਦਿੱਤਾ, ਜੋ ਯੂਹੰਨਾ ਮੰਗਲਸਮਾਚਾਰ ਦੇ ੧੦ ਵੇਂ ਕਾਂਡ ਥੋਂ ਖੁੱਲ੍ਹਾ ਹੋਇਆ ਸੀ। ਉਸ ਨੈ ਸਾਰਾ ਕਾਂਡ ਸਹਿਜੇ ਸਹਿਜੇ ਸਪਸਟ ਪੜ੍ਹਿਆ॥

ਵਿਸੂਨਾਥ ਨੈ ਆਖਿਆ ਵਾਹ, ਬਹੁਤ ਚੰਗਾ, ਬਸੰਤ ਭਲਾ ਤੂੰ



Digitized by Panjab Digital Library | www.panjabdigilib.org

ਕਦੀ ਮਸੀਹੀ ਧਰਮ ਦੇ ਵਿਖੇ ਬੀ ਕੁਛ ਧਿਆਨ ਕੀਤਾ, ਅਥਵਾ ਪੜ੍ਹਿਆ ਹੈ?

ਹਾਂ, ਮੇਰੇ ਕੋਲ਼ ਇੱਕ ਪੋਥੀ ਬੀ ਹੈ॥

ਵਿਖਾਲ ਤਾਂ ਸਹੀ॥

ਉਹ ਗਈ, ਅਰ ਪੋਥੀ ਲਿਆਕੇ ਉਹ ਦੇ ਹੱਥ ਦਿੱਤੀ॥

ਕਿਉਂ, ਇਹ ਤਾਂ ਉਹੋ ਹੈ, ਜੇਹੜੀ ਮੈਂ ਪ੍ਰੇਮਚੰਦ ਨੂੰ ਬਹੁਤ ਦਿਨ ਹੋਏ ਹਨ, ਲਿਆ ਦਿੱਤੀ ਸੀ॥

ਹਾਂ, ਨਿਸੰਗ ਮੈਂ ਕਹਿੰਦੀ ਹਾਂ, ਜੋ ਉਹ ਮੇਰੇ ਲਈ ਹੀ ਲਿਆਇਆ ਸੀ॥

ਭਲਾ ਤੂੰ ਇਹ ਸਾਰੀ ਪੜ੍ਹ ਲਈ ਹੈ?

ਹਾਂ, ਮੈਂ ਇਹ ਸਾਰੀ ਪੜ੍ਹ ਲਈ ਹੈ॥

ਅੱਛਾ ਤਾਂ ਤੂੰ ਇਹ ਦੀ ਬਾਬਤ ਕੀ ਵਿਚਾਰਦੀ ਹੈਂ?

ਤੁਹਾ ਨੂੰ ਕ੍ਰੋਧ ਨਾ ਚੜ੍ਹ ਜਾਏ?

ਨਹੀਂ ਬਸੰਤ, ਤੂੰ ਆਖ ਦਿਹ॥

ਮੈਂ ਇਸ ਉੱਤੇ ਨਿਹਚਾ ਰਖਦੀ ਹਾਂ, ਮੈਂ ਖ੍ਰਿਸ੍ਟਾਨ ਹਾਂ॥

ਮੈਂ ਬੀ ਹਾਂ, ਹੇ ਬਸੰਤ ਮੈਂ ਬਹੁਤ ਹੀ ਪਰਸਿੰਨ ਹਾਂ, ਜੋ ਤੂੰ ਖ੍ਰਿਸ੍ਟਾਨ ਹੈਂ, ਤਾਂ ਮੈ ਨੂੰ ਦੱਸ ਤਾਂ ਸਹੀ, ਤੂੰ ਖ੍ਰਿਸ੍ਟਾਨ ਕਿਸ ਤਰਾਂ ਹੋਈ?

ਜਦ ਮੇਰਾ ਨੌਂਗਰ ਹਰੇਸ਼ ਮਰ ਗਿਆ ਤਾਂ ਮੈਂ ਬੜੀ ਦੁਖੀ ਰਹੀ। ਇੱਕ ਦਿਹਾੜੇ ਇੱਕ ਅੰਗ੍ਰੇਜ਼ੀ ਬੀਬੀ ਨੈ, ਜੋ ਮੈ ਨੂੰ ਸਿਖਾਉਣ ਲਈ ਆਇਆ ਕਰਦੀ ਸੀ, ਮੈ ਨੂੰ ਚਿੰਤਾ ਵਿੱਚ ਵੇਖਕੇ ਆਖਿਆ, ਕਿ ਤੇਰਾ ਮੁੰਡਾ ਸੁਰਗ ਵਿੱਚ ਹੈ, ਅਰ ਜੇਕਰ ਤੂੰ ਜਿਸੂ ਮਸੀਹ ਉੱਤੇ ਪਤੀਜੇਂ, ਤਾਂ ਤੂੰ ਉੱਥੇ ਜਾ ਸਕਦੀ ਹੈਂ, ਅਰ ਉਹ ਨੂੰ ਮਿਲ, ਅਤੇ ਝੋਲੀ ਵਿੱਚ ਲੈ, ਤਦ ਮੇਰੇ ਮਨ ਵਿੱਚ ਆਈ, ਭਈ ਜਿਸੂ ਮਸੀਹ ਦੇ ਵਿਖੇ ਕੁਛ ਪੜ੍ਹਾਂ। ਇਸੇ ਕਰਕੇ ਮੈਂ ਪ੍ਰੇਮਚੰਦ ਥੋਂ ਨਵਾਂ ਨੇਮ ਮੰਗ-

Digitized by Panjab Digital Library / www.panjabdigilib.org

ਵਾਇਆ, ਅਰ ਉਹ ਨੂੰ ਪੜ੍ਹਿਆ। ਤਦ ਮੈਂ ਜਾਤਾ, ਜੋ ਮਸੀਹੀ ਧਰਮ ਸੱਚਾ ਹੈ, ਅਰ ਇਹ ਬੀ, ਜੋ ਸਾਡੇ ਦੇਵੀਆਂ ਦੇਵਤੇ ਸਾ ਨੂੰ ਨਰਕੋਂ ਨਹੀਂ ਬਚਾ ਸਕਦੇ, ਪਰ ਨਿਰਾ ਜਿਸੂ ਮਸੀਹ ਹੀ ਬਚਾ ਸਕ- ਦਾ ਹੈ। ਮੈਂ ਕਈ ਚਿਰ ਤੋੜੀ ਡਕੋਡੋਲੇ ਖਾਂਦੀ ਦੁਚਿੱਤੀ ਜੇਹੀ ਰਹੀ, ਕਦੀ ਪਤੀਜਣਾ ਚਾਹੁੰਦੀ ਸਾਂ, ਅਤੇ ਕਦੀ ਨਹੀਂ। ਗੱਲ ਕਾਹਦੀ ਇੱਕ ਰਾਤ ਮੈਂ ਜਿਸੂ ਮਸੀਹ ਦੀ ਬੇਨਤੀ ਕੀਤੀ, ਅਰ ਉੱਸੇ ਵੇਲੇ ਮੇਰੇ ਮਨ ਥੋਂ ਇੱਕ ਭਾਰੀ ਬੋਝ ਜਿਹਾ ਉੱਠ ਗਿਆ, ਅਰ ਮੈਂ ਜਾਣ ਲਿ- ਆ, ਜੋ ਜਿਸੂ ਮਸੀਹ ਮੈ ਨੂੰ ਬਚਾਵੇਗਾ, ਅਰ ਤਦ ਥੋਂ ਮੈਂ ਨਿੱਤ ਉਹ ਦੀ ਬੇਨਤੀ ਕਰਦੀ ਹਾਂ ॥

ਫੇਰ ਤੂੰ ਪੂਜਾ ਕਦੀ ਨਹੀਂ ਕੀਤੀ?

ਨਹੀਂ ॥

ਤੁਹਾਡੇ ਘਰ ਵਿੱਚ ਬੀ ਕੋਈ ਜਾਣਦਾ ਸੀ, ਜੋ ਤੂੰ ਖ੍ਰਿਸ੍ਟਾਨ ਹੈਂ॥

ਪ੍ਰੇਮਚੰਦ ਤਾਂ ਜਾਣਦਾ ਸੀ, ਅਰ ਉਹ ਬੀ ਖ੍ਰਿਸ੍ਟਾਨ ਹੈ। ਹੋਰ ਕਿਸੇ ਨੂੰ ਮੈਂ ਨਹੀਂ ਦੱਸਿਆ, ਪਰ ਮੈਂ ਜਾਣਦੀ ਹਾਂ, ਜੋ ਕੁਮਾਰੀ ਅਰ ਪ੍ਰਸੰਨੂ ਨੂੰ ਕੁਛ ਕੁਛ ਭਰਮ ਸੀ ॥

ਮੈਂ ਨਹੀਂ ਆਖ ਸਕਦਾ, ਜੋ ਪ੍ਰੇਮਚੰਦ ਨੇ ਮੈਨੂੰ ਕਿੰਉ ਨਹੀਂ ਦੱਸਿਆ।

ਮੈਂ ਬੀ ਨਹੀਂ ਜਾਣਦੀ। ਪਰ ਉਸ ਨੇ ਮੈ ਨੂੰ ਆਖ ਦਿੱਤਾ ਸੀ, ਜੋ ਉਹ ਦੀ ਸਮਝ ਵਿੱਚ ਤੁਸੀਂ ਖ੍ਰਿਸ੍ਟਾਨ ਹੋ, ਅਤੇ ਇੱਸੇ ਕਰਕੇ ਮੈਂ ਤੁਹਾਡੇ ਨਾਲ ਵਿਆਹ ਕਰਨ ਦਾ ਵਿਚਾਰ ਕੀਤਾ ॥

ਹੁਣ ਥੋਂ ਹੇ ਬਸੰਤ ਰਾਤੀਂ ਬੈਬਲ ਇਕੱਠੇ ਪੜ੍ਹਿਆ ਕਰਾਂਗੇ ॥

ਬਹੁਤ ਅੱਛਾ, ਤੂੰ ਜਿਸੂ ਦੀ ਬੇਨਤੀ ਨਹੀਂ ਕਰਦੀ ਹੁੰਦੀ॥

ਹਾਂ ॥

ਮੈਂ ਚਾਹੁੰਦੀ ਹਾਂ, ਜੋ ਤੁਸੀਂ ਕਰੋ, ਮੈਂ ਜਿਸੂ ਦੀ ਬੇਨਤੀ ਕਰਦਿਆਂ ਹੁਣ ਤੋੜੀ ਕਦੀ ਕਿਸੇ ਨੂੰ ਨਹੀਂ ਸੁਣਿਆਂ ॥

Digitized by Panjab Digital Library | www.panjabdigilib.org

ਅੱਛਾ ਮੈਂ ਕਰਦਾ ਹਾਂ ॥

ਉਸ ਨੈ ਐਉਂ ਬੇਨਤੀ ਕੀਤੀ ॥

ਹੇ ਪ੍ਰਭੁ ਜਿਸੂ ਮਸੀਹ, ਅਸੀਂ ਤੇਰੇ ਉੱਤੇ ਪਤੀਜਦੇ ਹਾਂ, ਅਸੀਂ ਤੇਰਾ ਧੰਨਵਾਦ ਕਰਦੇ ਹਾਂ, ਜੋ ਤੈਂ ਸਾਡੇ ਲਈ, ਅਰ ਜਗਤ ਦੇ ਲਈ, ਪ੍ਰਾਣ ਦਿੱਤੇ ਹਨ। ਅਸੀਂ ਤੇਰਾ ਧੰਨਵਾਦ ਕਰਦੇ ਹਾਂ, ਜੋ ਤੈਂ ਸਾ ਨੂੰ ਆਪਣਾ ਗਿਆਨ ਦਾਨ ਕੀਤਾ ਹੈ, ਅਰ ਪ੍ਰੇਮ ਦਿੱਤਾ ਹੈ। ਅਸੀਂ ਆਪਣਾ ਮਨ, ਇਸ ਰਾਤ ਫੇਰ ਤੈ ਨੂੰ ਸੌਂਪਦੇ ਹਾਂ। ਹੇ ਪ੍ਰਭੁ ਸਾ ਨੂੰ ਬਚਾ, ਅਤੇ ਆਪਣੇ ਅਮੋਲਕ ਲਹੂ ਵਿੱਚ ਸਾਡੇ ਪਾਪਾਂ ਨੂੰ ਧੋ, ਅਤੇ ਆਪਣੀ ਸੇਵਾ, ਅਰ ਪ੍ਰੇਮ ਵਿਖੇ ਸਾਡੀ ਸਹਾਇਤਾ ਕਰ। ਹੇ ਪਰਮੇਸੁਰ ਈਸੁਰ ਪ੍ਰਭੁ ਜਿਸੂ ਮਸੀਹ ਦੇ ਪਿਤਾ, ਸਾ ਨੂੰ ਆਪਣੇ ਪਿਆਰੇ ਪੁਤ੍ਰ ਜਿਸੂ ਦੇ ਕਾਰਨ ਪਿਆਰ ਕਰ, ਅਰ ਅਸੀਸ ਦਿਹ। ਆਮੇਂ ॥

ਬਸੰਤ ਦਾ ਮਨ ਤਾਂ ਬਹੁਤ ਹੀ ਪਰਸਿੰਨ ਹੋ ਗਿਆ। ਅਰ ਆਪਣੇ ਭਰਤੇ ਨੂੰ ਆਖਣ ਲੱਗੀ, ਮੈਂ ਬੜੀ ਅਨੰਦ ਵਿੱਚ ਹਾਂ ॥

ਬਸੰਤ ਨੂੰ ਘਰ ਦੇ ਲੋਕ ਸਭ ਚੰਗਾ ਜਾਣਦੇ ਸੇ। ਕੋਇਲ ਦੀ ਤਰਾਂ ਪਰਸਿੰਨ ਹੋਕੇ ਘਰ ਦਾ ਸਭ ਕੰਮ ਧੰਧਾ ਉਹੋ ਕੀਤਾ ਕਰੇ। ਉਹ ਆਪਣੀ ਸੱਸ ਨੂੰ ਕੋਈ ਕੰਮ ਨਾ ਕਰਨ ਦੇਵੇ, ਅਰ ਸਦਾ ਇਹੋ ਆਖਦੀ ਰਹੇ, ਤੁਸੀਂ ਜਾਣਦੇ ਹੋ, ਮੈਂ ਤੁਹਾਡੀ ਨੂੰਹ ਹਾਂ, ਇਸ ਲਈ ਆਪਣਾ ਕੰਮ ਮੈ ਨੂੰ ਕਰਨ ਦਿਓ। ਉਹ ਕੁੜੀ ਬਸੰਤ ਨਾਲ ਵੱਡਾ ਪਿਆਰ ਕਰੇ, ਅਜਿਹਾ, ਜੋ ਉਸ ਦੀ ਦਾਦੀ ਨੂੰ ਇਸ ਪਿਆਰ ਥੋਂ ਕਈ ਤਰਾਂ ਦਾ ਭਰਮ ਉੱਠੇ। ਬਸੰਤ ਆਪਣੇ ਸੁਆਮੀ ਨੂੰ ਆਦਰ ਭਾਉ ਅਰ ਪ੍ਰੇਮ ਨਾਲ ਮੰਨੇਂ ॥

ਵਿਸ੍ਵਨਾਥ ਨੇ ਆਪਣੀ ਵਹੁਟੀ ਨੂੰ, ਅੰਗ੍ਰੇਜ਼ੀ ਪੜ੍ਹਾਉਣ ਦਾ ਅਰੰਭ ਕਰ ਦਿੱਤਾ, ਅਰ ਤ੍ਰਿਕਾਲਾਂ ਵੇਲਾ ਉਨਾਂ ਦਾ ਪੜ੍ਹਨ ਪੜ੍ਹਾ:

Digitized by Panjab Digital Library | www.panjabdigilib.org

ਉਲ ਵਿੱਚ ਚੰਗੀ ਤਰਾਂ ਬੀਤ ਜਾਇਆ ਕਰੇ। ਬਹੁਤ ਵੇਰੀ ਬੁੱਢੀ ਮਾਂ ਉਨਾਂ ਦੇ ਕੋਲ ਆ ਬੈਠੇ। ਜਦ ਸੰਧਾ ਹੋ ਚੁੱਕੇ, ਤਾਂ ਉਸ ਦਾ ਪੁਤ੍ਰ ਬੈਬੁਲ ਪੜ੍ਹੇ। ਇਨਾਂ ਕਥਾਂ ਦੇ ਵਿੱਚ ਉਸ ਬੁੱਢੀ ਦਾ ਮਨ ਪਰਚਿਆ ਹੋਇਆ ਦੇਖਕੇ ਪੜ੍ਹਦਾ ਰਹੇ, ਪਰ ਉਹ ਬਹੁਤ ਚਿਰ ਤੋੜੀ ਤਾਂ ਨਹੀਂ ਬੈਠਦੀ ਸੀ। ਵਿਸ੍ਵਨਾਥ ਕਈ ਵਾਰੀ ਉਸ ਨੂੰ ਆਖਿਆ ਕਰੇ, ਹੇ ਮਾਂ, ਜੇ ਮੈਂ ਤੇਰੇ ਆਖੇ ਲੱਗਕੇ ਤੇਰੀ ਭਾਉਂਦੀ ਕਰਦਾ, ਜੋ ਕਿਸੇ ਛੋਟੀ ਕੁੜੀ ਨਾਲ ਵਿਆਹ ਕਰ ਲੈਂਦਾ, ਤਾਂ ਭਲਾ ਮੈਂ ਅਜਿਹਾ ਪਰਸਿੰਨ ਹੁੰਦਾ, ਜਿਹਾਕੁ ਮੈਂ ਹੁਣ ਆਪਣੀ ਪਿਆਰੀ ਵਹੁਟੀ ਦੇ ਨਾਲ ਹਾਂ, ਜੋ ਮੈ ਨੂੰ ਆਪਣਾ ਪੜ੍ਹਨਾ ਸੁਣਾਉਂਦੀ ਹੈ, ਅਰ ਪੜ੍ਹਦੀ ਹੈ। ਅਰ ਉਹ ਉੱਤਰ ਦੇਵੇ, ਹੇ ਮੇਰੇ ਪਿਆਰੇ ਪੁਤ੍ਰ ਬਸੰਤ ਤੇਰੇ ਲਈ ਚੰਗੀ ਵਹੁਟੀ ਹੈ। ਧੰਨ ਪਰਮੇਸੁਰ ਹੈ, ਜਿਸ ਨੈ ਇਹ ਜੋੜੀ ਜੋੜੀ ਹੈ॥

ਸਾਤਿਆਂ ਪਿੱਛੋਂ ਸਾਤੇ, ਅਰ ਮਹੀਨਿਆਂ ਪਿੱਛੋਂ ਮਹੀਨੇ ਚਾਉ ਮੰਗਲ ਵਿੱਚ ਜਾਂਦੇ ਮਲੂਮ ਨਾ ਹੋਣ। ਕਾਮਿਨੀ ਬੀ ਪਹਿਲੇ ਕਹਿਲੇ ਦੇ ਅਨੁਸਾਰ ਉਨਾਂ ਨੂੰ ਮਿਲਨ ਆਈ। ਪ੍ਰੇਮਚੰਦ ਸੰਧਿਆ ਨੂੰ ਕਈ ਵੇਰੀ ਉਨਾਂ ਦੇ ਇੱਥੇ ਪਰਾਹੁਣਾ ਆ ਬਲੇ। ਬਸੰਤ ਬਹੁਤ ਪਰਸਿੰਨ ਸੀ, ਇਸ ਸੰਸਾਰ ਦੇ ਸੁਖ ਅਰ ਅਨੰਦ ਦੇ ਨਾਲ, ਅਰ ਆਉਣਵਾਲੇ ਹਰਖ ਦੇ ਨਾਲ, ਬੜੀ ਖੁਸ਼ ਸੀ॥

ਪਰਮੇਸੁਰ ਨੈ ਉਸ ਨੂੰ ਪੁਤ੍ਰ ਹੋਣ ਦੀ ਆਸਾ ਦਿੱਤੀ, ਅਤੇ ਟੱਬਰ ਦੇ ਸਭ ਪਰਸਿੰਨ ਹੋਏ। ਗੱਲ ਕਾਹਦੀ ਉਸ ਨੂੰ ਪੁਤ੍ਰ ਜੰਮਿਆ, ਵਿਸ੍ਵਨਾਥ ਨੈ ਉਸ ਰੀਤ ਦੇ ਅਨੁਸਾਰ ਜਿਹੀਕੁ ਇਸ ਵੇਲੇ ਇੱਥੇ ਹਿੰਦੂਆਂ ਦੇ ਹੁੰਦੀ ਹੈ, ਉਸ ਨੂੰ ਨਾ ਰਹਿਣ ਦਿੱਤਾ। ਉਹ ਆਪਣੀ ਹੀ ਕੋਠੜੀ ਵਿੱਚ ਰਹੀ, ਅਰ ਉਸ ਦੀ ਉੱਥੇ ਸਭ ਤਰਾਂ ਟਹਿਲ ਕੀ- ਤੀ ਗਈ, ਅਰ ਮੂਰਤਪੂਜਾ ਦੀ ਕੋਈ ਰੀਤ ਨਾ ਵਰਤੀ ਗਈ, ਨਾ

Digitized by Panjab Digital Library | www.panjabdigilib.org

ਹੀ ਗੁਆਂਢੀਆਂ ਨੂੰ ਕੋਈ ਅਜਿਹੀ ਆਸ ਸੀ, ਕਿੰਉ ਜੋ ਸਭਨਾਂ ਨੈ ਪਹਿਲੇ ਹੀ ਜਾਣ ਲਿਆ ਸੀ, ਜੋ ਇਸ ਘਰਵਾਲਿਆਂ ਨੈ ਪੂਜਾ ਕਰਨੀ ਛੱਡ ਦਿੱਤੀ ਹੈ, ਅਰ ਨਿਰੀ ਇੱਕ ਪਰਮੇਸੁਰ ਦੀ ਅਰਾਧਨਾ ਕਰਦੇ ਹਨ। ਉਸ ਮੁੰਡੇ ਦਾ ਨਾਉਂ ਆਨੰਦਚੰਦ੍ਰ, ਅਰਥਾਤ ਅਨੰਦ ਪਰਸਿੰਨਤਾਈ ਦਾ ਚੰਦ੍ਰਮਾ ਰੱਖਿਆ॥

ਜਦ ਉਹ ਦੋਹੁੰਕੁ ਮਹੀਨਿਆਂ ਦਾ ਹੋਇਆ, ਤਦ ਇੱਕ ਭਾਰੀ ਗੱਲ ਆਣ ਪਈ। ਉਹ ਇਸ ਤਰਾਂ ਹੋਈ॥

ਇੱਕ ਦਿਨ ਬਸੰਤ ਅੰਗ੍ਰੇਜੀ ਇੰਜੀਲ ਆਪਣੇ ਸੁਆਮੀ ਨੂੰ ਪੜ੍ਹਕੇ ਸੁਣਾ ਰਹੀ ਸੀ। ਉਹ ਚੰਗੀ ਤਰਾਂ ਸਰਲ ਪੜ੍ਹ ਸਕਦੀ ਸੀ, ਅਰ ਮੱਤੀ ਮੰਗਲਸਮਾਚਾਰ ਦੇ ੧੦ ਵੇਂ ਕਾਂਡ ਉੱਤੇ ਪਹੁੰਚ ਪਈ ਸੀ। ਉਸ ਨੈ ੩੨ ਅਰ ੩੩ ਪੌੜੀ ਪੜ੍ਹੀ॥

(ਪੌੜੀ) (ਜੋ ਕੋਈ ਮਨੁੱਖਾਂ ਦੇ ਸਨਮੁਖ ਮੈ ਨੂੰ ਮੰਨੇਗਾ, ਮੈਂ ਬੀ ਆਪਣੇ ਪਿਤਾ ਦੇ ਸਨਮੁਖ, ਜੋ ਅਸਮਾਨਾਂ ਦੇ ਉੱਪਰ ਹੈ, ਤਿਸ ਨੂੰ ਮੰਨਾਂਗਾ। ਪਰ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੇਗਾ, ਮੈਂ ਬੀ ਆਪਣੇ ਪਿਤਾ ਦੇ ਅੱਗੇ, ਜੋ ਅਸਮਾਨਾਂ ਦੇ ਉੱਪਰ ਹੈ, ਤਿਸ ਦਾ ਇਨਕਾਰ ਕਰਾਂਗਾ)॥

ਉਸ ਨੈ ਆਪਣੇ ਸੁਆਮੀ ਨੂੰ ਪੁੱਛਿਆ, ਇਸ ਦਾ ਕੀ ਅਰਥ ਹੈ?

ਇਸ ਦਾ ਅਰਥ ਇਹ ਹੈ, ਕਿ ਜੇ ਅਸੀਂ ਜਿਸੂ ਮਸੀਹ ਨੂੰ ਆਪਣਾ ਮੁਕਤਦਾਤਾ, ਅਰ ਪ੍ਰਭੂ ਇਸ ਜਗਤ ਵਿੱਚ ਆਖੀਏ, ਤਾਂ ਓਹ ਅੰਤ ਦੇ ਦਿਨ ਸਾ ਨੂੰ ਆਪਣਾ ਸਿੱਖ ਕਰਕੇ ਮੰਨੇਂਗਾ। ਪਰ ਜੇ ਅਸੀਂ ਉਸ ਨੂੰ ਹੁਣ ਆਪਣਾ ਕਰਕੇ ਨਾ ਆਖਾਂਗੇ, ਤਾਂ ਉਹ ਬੀ ਉਸ ਦਿਨ ਸਾ ਨੂੰ ਆਪਣਾ ਨਾ ਆਖੇਗਾ॥

(ਸਾਰਿਆਂ ਮਨੁੱਖਾਂ ਦੇ ਸਨਮੁਖ) ਇਸ ਦਾ ਕੀ ਪ੍ਰਯੋਜਨ ਹੈ?

ਸਭ ਹੋਰਨਾਂ ਲੋਕਾਂ ਦੇ ਸਾਮ੍ਹਣੇ॥

Digitized by Panjab Digital Library | www.panjabdigilib.org

ਤਾਂ ਮੈ ਨੂੰ ਡਰ ਹੈ, ਜੋ ਜਿਸੂ ਮਸੀਹ ਸਾ ਨੂੰ ਆਪਣਾ ਸਿੱਖ ਕਰ ਨਾ ਆਖੇਗਾ?

ਕਿਉਂ, ਨਹੀਂ ਆਖੇਗਾ ॥

ਇਸ ਲਈ, ਜੋ ਅਸਾਂ ਉਸ ਨੂੰ ਸਭਨਾਂ ਲੋਕਾਂ ਦੇ ਸਾਮ੍ਹਣੇ ਮੰਨਿਆਂ ॥

ਵਿਸ੍ਵਨਾਥ ਨੈ ਉਸ ਵੇਲੇ ਕੁਛ ਨਾ ਆਖਿਆ, ਬਹੁਤ ਚਿਰ ਤੋੜੀ ਚੁੱਪਚਾਪ ਰਹਿਕੇ ਉਹ ਉੱਠਿਆ, ਅਰ ਬਾਹਰ ਚਲਿਆ ਗਿਆ, ਅਰ ਬਸੰਤ ਆਪਣੇ ਨੌਂਗਰ ਨੂੰ ਦੁੱਧ ਚੁੰਘਾਉਣ ਗਈ। ਦੂਆ ਵੇਲਾ ਉਨ੍ਹਾਂ ਦੇ ਮਿਲਨ ਦਾ ਤ੍ਰਿਕਾਲਾਂ ਦੀ ਬੇਨਤੀ ਦਾ ਸੀ। ਉਨ੍ਹਾਂ ਦੋਹਾਂ ਨੈ ਗੋਡੇ ਟੇਕੇ, ਅਰ ਵਿਸ੍ਵਨਾਥ ਨੈ ਬੇਨਤੀ ਕੀਤੀ ॥

ਹੇ ਪ੍ਰਭੂ ਜਿਸੂ ਮਸੀਹ ਸਾਡੇ ਮੁਕਤਦਾਤਾ, ਅਰ ਨਿਸਤਾਰਾ ਕਰਨ-ਵਾਲੇ, ਅਸੀਂ ਬੜੇ ਪਾਪ ਨਾਲ ਦੋਸੀ ਹੋਏ ਹਾਂ, ਜੋ ਅਸਾਂ ਤੈ ਨੂੰ ਸਰਬੱਤ ਲੋਕਾਂ ਦੇ ਸਾਮ੍ਹਣੇ ਨਹੀਂ ਮੰਨਿਆਂ, ਅਤੇ ਤੂੰ ਬੀ ਬੜੇ ਨਜਾਯ ਨਾਲ ਸੁਰਗ ਵਿੱਚ ਆਪਣੇ ਪਿਤਾ ਦੇ ਸਾਮ੍ਹਣੇ ਨਾਂਹ ਕਰ ਸਕਦਾ ਹੈਂ। ਪਰ ਹੁਣ ਅਸੀਂ ਇਸ ਪਾਪ ਦੀ ਛਿਮਾਂ ਮੰਗਣ ਆਏ ਹਾਂ; ਅਸੀਂ ਬੇਨ-ਤੀ ਕਰਦੇ ਹਾਂ, ਤੇਰਾ ਅਮੋਲਕ ਲਹੂ, ਸਾਡੇ ਇਸ ਪਾਪ, ਅਰ ਹੋਰ-ਨਾਂ ਪਾਪਾਂ ਨੂੰ ਧੋਵੇ। ਅਤੇ ਹੁਣ ਅਸੀਂ ਇਹ ਮੰਗਦੇ ਹਾਂ, ਕਿ ਤੂੰ ਸਾ ਨੂੰ ਬਲ ਦਿਹ, ਜੋ ਅਸੀਂ ਤੈ ਨੂੰ ਮੰਨੀਏ, ਅਤੇ ਆਪਣੇ ਮਿਤ੍ਰਾਂ ਦੇ ਕਹਿਣੇ ਉੱਤੇ ਕੁਛ ਧਿਆਨ ਨਾ ਕਰੀਏ, ਅਤੇ ਹੁਣ ਅਸੀਂ ਤੇਰੇ ਅੱਗੇ ਅਜਿਹਾ ਕਰਨਾ ਠਾਣ ਰਹੇ ਹਾਂ। ਹੇ ਪ੍ਰਭੂ ਜਦ ਤੂੰ ਆਪਣੀ ਸਾਰੀ ਮਹਿਮਾ, ਅਤੇ ਪ੍ਰਤਾਪ ਨਾਲ ਆਵੇਂ, ਤਦ ਆਪਣੇ ਪਿਤਾ ਅਤੇ ਸੁਰਗ ਦੇ ਦੂਤਾਂ ਦੇ ਸਨਮੁਖ ਸਾ ਨੂੰ ਮੰਨੀਂ। ਹੇ ਸਾਡੇ ਪਿਤਾ ਪਰਮੇਸੁਰ, ਜੋ ਤੂੰ ਸੁਰਗ ਵਿੱਚ ਹੈਂ, ਆਪਣੇ ਪਿਆਰੇ ਪੁਤ੍ਰ ਸਾਡੇ ਮੁਕਤਦਾਤਾ ਦੇ ਕਾਰਨ ਸਾ ਨੂੰ ਗ੍ਰਹਣ ਕਰ, ਅਰ ਅੰਤ ਤੋੜੀ ਸਾ ਨੂੰ

Digitized by Panjab Digital Library | www.panjabdigilib.org

ੲਸਥਿਰ ਰੱਖ, ਅਰ ਅੰਤ ਦੇ ਦਿਨ ਜਿਸੂ ਮਸੀਹ ਦੇ ਵਾਸਤੇ ਆਪ-
ਾਜ ਵਿੱਚ ਸਾ ਨੂੰ ਆਉਲ ਦਿਹ। ਆਮੀਂ ॥

ਨਾਂ ਨੈ ਆਪਲਾ ਵਿਚਾਰ ਪੱਕਾ ਰੱਖਿਆ। ਅਗਲੇ ਭਲਕ ਨੇ ਸਾਰੇ ਮਿਤ੍ਰਾਂ ਨੂੰ ਸੱਦਿਆ, ਅਰ ਆਖ ਦਿੱਤਾ, ਜੋ ਅਸੀਂ ..ਾਨ ਹਾਂ, ਅਰਥਾਤ ਈਸਾਈ। ਤਦ ਵਿਸ੍ਵਨਾਥ ਇੱਕ ਮਸੀਹੀ ਪਾਦਰੀ ਦੇ ਕੋਲ ਗਿਆ, ਅਤੇ ਆਪਲੇ ਨਾਲ ਦੇ, ਅਰ ਆਪ-ਲੀ ਤੀਮੀਂ ਦੇ ਨਾਲ ਦੇ ਜਿਸੂ ਦੇ ਪ੍ਰੇਮ ਭਰੇ ਚਲਿਤ੍ਰ ਕਹੇ, ਅਰ ਥੋੜ੍ਹੇ ਚਿਰ ਪਿੱਛੋਂ ਜਿਸੂ ਦੀ ਠਹਿਰਾਈ ਹੋਈ ਰੀਤ ਅਨੁਸਾਰ ਉਨਾਂ ਨੈ ਕਈਆਂ ਸਾਖੀਆਂ ਦੇ ਸਾਮ੍ਹਲੇ ਚੰਗੀ ਤਰਾਂ ਉਸ ਨੂੰ ਮੰਨ ਲਿ-ਆ, ਅਰ ਪਿਤਾ, ਪੁਤ੍ਰ, ਪਵਿਤ੍ਰ ਆਤਮਾ, ਦੇ ਨਾਉਂ ਉੱਤੇ ਬਪ-ਤਿਸਮਾ ਲਿਆ ॥

ਹੁਣ ਅਸੀਂ ਉਨਾਂ ਦੀ ਬਾਬਤ ਹੋਰ ਕੁਛ ਨਹੀਂ ਆਖਾਂਗੇ। ਸਾਂਤ ਸੁਖ ਅਰ ਪਰਸਿੰਨਤਾ ਉਨਾਂ ਦੀ ਸੀ—ਅਰਥਾਤ ਪਰਮੇਸੁਰ ਦਾ ਓਹ ਸਾਂਤ ਸੁਖ, ਜੋ ਸਭ ਦੀ ਬੁੱਧ ਤੇ ਬਾਹਰ ਹੈ, ਅਰ ਉਹ ਅਨੰਦ, ਜੋ ਅਕੱਥ ਅਰ ਚਮਤਕਾਰੇ ਨਾਲ ਭਰਪੂਰ ਹੈ। ਅਰ ਇਸ ਤੇ ਵੱਖਰੀ ਉਨਾਂ ਨੂੰ, ਪਰਲੋਕ ਵਿੱਚ ਮਹਿਮਾ, ਵਡਿਆਈ, ਅਰ ਅਨੰਤ ਜੀਉਲ ਦੀ ਆਸ ਸੀ। ਪਰਮੇਸੁਰ ਅਸਾਂ ਸਭਨਾਂ ਉੱਤੇ ਦਇਆ ਕਰੇ, ਜੋ ਅਸੀਂ ਜਿਸੂ ਮਸੀਹ ਨੂੰ ਜਾਲਿਏਂ। ਇਸੇ ਪ੍ਰਕਾਰ ਸਰਬੱਤ ਮਨੁਖਾਂ ਦੇ ਸਾਮ੍ਹਲੇ ਉਸ ਨੂੰ ਮੰਨੀਏ, ਜੋ ਅਸੀਂ ਬੀ ਜਿਸੂ ਮਸੀਹ ਦੇ ਕਾਰਨ ਉਸੇ ਮਹਿਮਾ ਨੂੰ ਪ੍ਰਾਪਤ ਕਰੀਏ। ਆਮੀਂ ॥

ਇਤਿ ॥

B-4165

Digitized by Panjab Digital Library | www.panjabdigilib.org

CUT IN THIS DIRECTION ONLY

NING GROUP

AB UNIVERSITY

STION PAPERS

LATION MARCH, 1959

EOGRAPHY

........................................120...................

Digitized by Panjab Digital Library | www.panjabdigilib.org

Digitized by Panjab Digital Library | www.panjabdigilib.org